ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 19 *Issue 15 Friday, January 24, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


## ਅੰਦਰ ਪੜ੍ਹੋ

ਓਨਟਾਰੀਓ ਲਿਬਰਲ ਲੀਡਰਸ਼ਿਪ ਦੌੜ ਵਿੱਚ ਸਟੀਵਨ ਡੈਲ ਡੂਕਾ ਸੱਭ ਤੋਂ ਮੂਹਰੇ


ਪੰਨਾ 03

ਪੰਜਾਬ ਦੀ ਸਰਬ ਪਾਰਟੀ ਮੀਟਿੰਗ 'ਚ ਪਾਣੀ ਮੁੱਦੇ ਉੱਤੇ ਸਰਬ ਸੰਮਤੀ ਬਣੀ


ਪੰਨਾ 04

# ਘਾਤਕ ਵਾਇਰਲ ਕੋਰੋਨਾਵਾਇਰਸ ਨੂੰ ਹੋਰ ਫੈਲਣ ਤੋਂ ਰੋਕਣ ਲਈ ਚੀਨ ਨੇ ਬੰਦ ਕੀਤਾ ਪੂਰਾ ਸ਼ਹਿਰ




ਬੀਜਿੰਗ, 23 ਜਨਵਰੀ (ਪੋਸਟ ਬਿਊਰੋ) : ਸੈਂਕੜੇ ਲੋਕਾਂ ਨੂੰ ਬਿਮਾਰ ਕਰਨ ਵਾਲੇ ਨਵੇਂ ਘਾਤਕ ਵਾਇਰਲ ਕੋਰੋਨਾਵਾਇਰਸ, ਜਿਹੜਾ ਤੇਜ਼ੀ ਨਾਲ ਹੋਰਨਾਂ ਸ਼ਹਿਰਾਂ ਤੇ ਦੇਸ਼ਾਂ ਵਿੱਚ ਫੈਲ ਰਿਹਾ ਹੈ, ਨੂੰ ਹੋਰ ਫੈਲਣ ਤੋਂ ਰੋਕਣ ਲਈ ਚੀਨ ਨੇ 11 ਮਿਲੀਅਨ ਦੀ ਆਬਾਦੀ ਵਾਲੇ ਇੱਕ ਪੂਰੇ ਸ਼ਹਿਰ ਨੂੰ ਹੀ ਬੰਦ ਕਰ ਦਿਤਾ।

ਪੁਲਿਸ, ਸਵੈਟ ਟੀਮਾਂ ਤੇ ਅਰਧ ਸੈਨਿਕ ਬਲਾਂ ਨੂੰ ਵੂਹਾਨ ਦੇ ਟਰੇਨ ਸਟੇਸ਼ਨ ਦੇ ਬਾਹਰ ਭਾਰੀ ਮਾਤਰਾ ਵਿੱਚ ਤਾਇਨਾਤ ਕੀਤਾ ਗਿਆ ਹੈ, ਇੱਥੇ ਮੈਟਲ ਦੇ ਬੈਰੀਅਰਜ਼ ਲਾ ਕੇ ਸਵੇਰੇ ਠੀਕ 10:00 ਵਜੇ ਲਾਂਘੇ ਨੂੰ ਬੰਦ ਕਰ ਦਿੱਤਾ ਗਿਆ। ਆਖਰੀ ਰੇਲਗੱਡੀਆਂ ਦੀਆਂ ਟਿਕਟਾਂ ਜਿਨ੍ਹਾਂ ਯਾਤਰੀਆਂ ਕੋਲ ਸਨ ਸਿਰਫ ਉਨ੍ਹਾਂ ਨੂੰ ਹੀ ਇੱਥੇ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ। ਜਿਨ੍ਹਾਂ ਲੋਕਾਂ ਨੇ ਬਾਅਦ ਲਈ ਰੇਲਗੱਡੀਆਂ ਦੀਆਂ ਟਿਕਟਾਂ ਬੁੱਕ ਕੀਤੀਆਂ ਸਨ ਉਨ੍ਹਾਂ ਨੂੰ ਵਾਪਿਸ ਮੋੜ ਦਿੱਤਾ ਗਿਆ। ਇੱਥੇ ਨਜ਼ਰ ਆਉਣ ਵਾਲੇ ਲੱਗਭਗ ਹਰੇਕ ਸ਼ਖਸ ਨੇ ਮਾਸਕ ਪਾਇਆ ਹੋਇਆ ਸੀ।

ਆਮ ਤੌਰ ਉੱਤੇ ਵੂਹਾਨ ਦੀਆਂ ਜਿਹੜੀਆਂ ਸਟਰੀਟਸ, ਸ਼ਾਪਿੰਗ ਮਾਲਜ਼, ਰੈਸਟੋਰੈਂਟਸ ਤੇ ਹੋਰਨਾਂ ਜਨਤਕ ਥਾਂਵਾਂ ਉੱਤੇ ਗਹਿਮਾ ਗਹਿਮੀ ਰਹਿੰਦੀ ਸੀ ਉੱਥੇ ਬਿਲਕੁਲ ਸ਼ਾਂਤੀ ਛਾਈ ਹੋਈ ਸੀ। ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲਿਆਂ ਵੱਲੋਂ ਪਾਈਆਂ ਗਈਆਂ ਪੋਸਟਸ ਤੋਂ ਪਤਾ ਲੱਗਿਆ ਕਿ ਮੂਵੀ ਥਿਏਟਰਾਂ ਵੱਲੋਂ ਫਿਲਮਾਂ ਦੇ ਸ਼ੋਅ ਰੱਦ ਕੀਤੇ ਜਾ ਰਹੇ ਹਨ, ਇਸ ਤੋਂ ਇਲਾਵਾ ਇਹ ਵੀ ਦੱਸਿਆ ਗਿਆ ਕਿ ਸਥਿਤੀ ਦਾ ਫਾਇਦਾ ਉਠਾਉਣ ਲਈ ਖਾਣਾ ਵੇਚਣ ਵਾਲੇ ਤਾਜ਼ੇ ਉਤਪਾਦਾਂ ਨੂੰ ਮਹਿੰਗੇ ਮੁੱਲ ਵੇਚ ਰਹੇ ਹਨ। ...ਬਾਕੀ ਪੰਨਾ 6 'ਤੇ

## ਗੁਰਦੁਆਰਾ ਥੜਾ ਸਾਹਿਬ, ਮੁਲਤਾਨ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਥੜਾ ਸਾਹਿਬ, ਮੁਲਤਾਨ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਹੁਣ ਪੋਈਲਿਵਰ ਨੇ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਤੋਂ ਕੀਤਾ ਇਨਕਾਰ



ਓਟਵਾ, 23 ਜਨਵਰੀ (ਪੋਸਟ ਬਿਊਰੋ) : ਲੰਮੇਂ ਸਮੇਂ ਤੋਂ ਕੰਜ਼ਰਵੇਟਿਵ ਐਮਪੀ ਚੱਲੇ ਆ ਰਹੇ ਪਿਏਰੇ ਪੋਈਲਿਵਰ ਨੇ ਵੀ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਰਿਵਾਰਕ ਕਾਰਨਾਂ ਕਰਕੇ ਉਹ ਅਜਿਹਾ ਕਰ ਰਹੇ ਹਨ।

ਪੋਈਲਿਵਰ ਨੇ ਸਭ ਤੋਂ ਪਹਿਲਾਂ 7 ਜਨਵਰੀ ਨੂੰ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਦਾ ਐਲਾਨ ਕੀਤਾ ਸੀ। ਫੇਸਬੁੱਕ ਤੇ ਟਵਿੱਟਰ ਉੱਤੇ ਪੋਸਟ ਕੀਤੇ ਗਏ ਬਿਆਨ ਵਿੱਚ ਉਨ੍ਹਾਂ ਆਖਿਆ ਕਿ ਕੈਂਪੇਨ ਲਈ ਦੇਸ਼ ਭਰ ਵਿੱਚ ਰੈਲੀ ਕਰਨ ਸਮੇਂ ਉਨ੍ਹਾਂ ਨੂੰ ਸਕਾਰਾਤਮਕ ਹੁੰਗਾਰਾ ਮਿਲਿਆ ਪਰ ਉਨ੍ਹਾਂ ਦੀ ਪਰਿਵਾਰਕ ਜ਼ਿੰਦਗੀ ਉੱਤੇ ਇਸ ਦਾ ਕਾਫੀ ਅਸਰ ਪਿਆ।

...ਬਾਕੀ ਪੰਨਾ 6 'ਤੇ

## ਕੋਰੋਨਾਵਾਇਰਸ ਦੇ ਲੱਛਣਾਂ ਦਾ ਪਤਾ ਲਾਉਣ ਲਈ ਕੈਨੇਡਾ 'ਚ ਕਈ ਵਿਅਕਤੀ ਨਿਗਰਾਨੀ ਹੇਠ : ਸਿਹਤ ਮੰਤਰੀ



ਓਟਵਾ, 23 ਜਨਵਰੀ (ਪੋਸਟ ਬਿਊਰੋ) : ਫੈਡਰਲ ਸਿਹਤ ਮੰਤਰੀ ਪੈਟੀ ਹਾਜ਼ਦੂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਕਈ ਵਿਅਕਤੀਆਂ ਨੂੰ ਇਸ ਲਈ ਨਿਗਰਾਨੀ ਹੇਠ ਰੱਖਿਆ ਜਾ ਰਿਹਾ ਹੈ ਕਿ ਕਿਤੇ ਚੀਨ ਵਿੱਚ ਫੈਲੇ ਕੋਰੋਨਾਵਾਇਰਸ ਦੇ ਲੱਛਣ ਉਨ੍ਹਾਂ ਵਿੱਚ ਤਾਂ ਨਹੀਂ ਹਨ। ਪਰ ਕੈਨੇਡੀਅਨਾਂ ਨੂੰ ਕੋਰੋਨਾਵਾਇਰਸ ਹੋਣ ਦਾ ਖਤਰਾ ਕਾਫੀ ਘੱਟ ਹੈ।

ਹਾਜ਼ਦੂ ਨੇ ਆਖਿਆ ਕਿ ਕੈਨੇਡਾ ਵਿੱਚ ਪੰਜ ਜਾਂ ਛੇ ਵਿਅਕਤੀਆਂ ਨੂੰ ਨਿਗਰਾਨੀ ਹੇਠ ਰੱਖਿਆ ਜਾ ਰਿਹਾ ਹੈ ਜਿਨ੍ਹਾਂ ਵਿੱਚੋਂ ਇੱਕ ਵੈਨਕੂਵਰ ਤੇ ਬਾਕੀ ਕਿਊਬਿਕ ਵਿੱਚ ਹਨ। ਇੱਕ ਵਿਅਕਤੀ ਨੂੰ ਤਾਂ ਵਾਇਰਸ ਨਾ ਹੋਣ ਕਾਰਨ ਛੁੱਟੀ ਦੇ ਦਿੱਤੀ ਗਈ ਹੈ ਪਰ ਬਾਕੀਆਂ ਦੀ ਨਿਗਰਾਨੀ ਸਿਹਤ ਅਧਿਕਾਰੀਆਂ ਵੱਲੋਂ ਬਾਰੀਕੀ ਨਾਲ ਕੀਤੀ ਜਾ ਰਹੀ ਹੈ।

...ਬਾਕੀ ਪੰਨਾ 6 'ਤੇ


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance, Critical illness Ins, Travel & Visitor Ins, RESP & TFSA & RRSP
Super Visa Insurance, Mortgage Insurance, Disability Insurance, Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration; Real Estate / Commercial Law; Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ; ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ; ਲੀਗਲ ਬੇਸਮੈਂਟ
COMMERCIAL: New store design & build; Lease hold Improvements; Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

Home Address Signs
$40 OFF ONLY THIS WEEK
289.981.8187

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ? ਗਾਰਨਿਸ਼ਮੈਂਟ? ਬੈਂਕ ਵਲੋਂ ਪੈਸੇ ਦੀ ਮੰਗ? ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance; Life /Mortgage/Funeral Insurance; Disability Insurance; Critical Illness Insurance; RESP /RRSP
www.ufsinsurance.com
JATINDERBIR S BAJWA Insurance Broker Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease; Business Purchase & Sale; Notarizations & Affidavits; Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks / Credit Unions || Private Lenders || Second Mortgages-Lowest 6.99 %
The Mortgage Centre | AvonFinancial Inc.
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets; Completly Furnished; Legal Basement; Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance; Visitor Visa Insurance; Travel Insurance; Student Insurance; New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration; Family Law; Corporate; Real Estate; Business Closing; Wills & Estate; Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

MANN LAW FIRM
Real Estate Law; Business Law; Wills & Estates; Family Law; Power of Attorney; Civil Litigation; Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
Protect yourself & your family from the Pests
100% Customer Satisfaction
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NEW
NATION-WIDE. NO ZONES.
TALK, TEXT & DATA PLANS
$35/MO.
Data everywhere.
No surprise charges
anywhere.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019


AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR | LAST MINUTE DEALS AVAILABLE
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4


## ਓਨਟਾਰੀਓ ਲਿਬਰਲ ਲੀਡਰਸ਼ਿਪ ਦੌੜ ਵਿੱਚ ਸਟੀਵਨ ਡੈਲ ਡੂਕਾ ਸੱਭ ਤੋਂ ਮੂਹਰੇ



ਓਨਟਾਰੀਓ, 23 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਲਿਬਰਲ ਪਾਰਟੀ ਦੇ ਅੱਧੇ ਤੋਂ ਵੱਧ ਮੈਂਬਰ ਡੈਲੀਗੇਟ ਪੁਜ਼ੀਸ਼ਨਾਂ ਲਈ ਇਸ ਵਾਸਤੇ ਜ਼ੋਰ ਲਾ ਰਹੇ ਹਨ ਤਾਂ ਕਿ ਉਹ ਪਾਰਟੀ ਦੇ ਅਗਲੇ ਆਗੂ ਲਈ ਵੋਟ ਕਰ ਸਕਣ ਤੇ ਇਹ ਸਾਰੇ ਮੂਹਰਲੀ ਕਤਾਰ ਦੇ ਆਗੂ ਸਟੀਵਨ ਡੈਲ ਡੂਕਾ ਪ੍ਰਤੀ ਵਚਨਬੱਧ ਹਨ।

ਸਾਬਕਾ ਕੈਬਨਿਟ ਮੰਤਰੀ ਡੈਲ ਡੂਕਾ ਕੋਲ 2,684 ਸਮਰਥਕਾਂ ਦਾ ਸਾਥ ਹੈ ਜਿਹੜੇ 7 ਮਾਰਚ ਨੂੰ ਮਿਸੀਸਾਗਾ ਵਿੱਚ ਹੋਣ ਜਾ ਰਹੇ ਲਿਬਰਲ ਲੀਡਰਸ਼ਿਪ ਇਜਲਾਸ ਵਿੱਚ ਉਨ੍ਹਾਂ ਲਈ ਡੈਲੀਗੇਟਸ ਵਜੋਂ ਪਹੁੰਚਣਾ ਚਾਹੁੰਦੇ ਹਨ। 8 ਤੋਂ 9 ਫਰਵਰੀ ਨੂੰ ਪ੍ਰੋਵਿੰਸ ਭਰ ਵਿੱਚ ਹੋਣ ਵਾਲੀਆਂ ਡੈਲੀਗੇਸ਼ਨ ਚੋਣ ਮੀਟਿੰਗਾਂ ਵਿੱਚ ਅਹਿਮ ਸਥਾਨ ਹਾਸਲ ਕਰਨ ਦੀ ਚਾਹਤ ਰੱਖਣ ਵਾਲੇ ਕੁਲ 5,153 ਲੋਕਾਂ ਵਿੱਚੋਂ 52 ਫੀ ਸਦੀ ਡੂਕਾ ਦੇ ਹੱਕ ਵਿੱਚ ਨਿੱਤਰਣ ਲਈ ਤਿਆਰ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਸਿਰਫ ਚੁਣੇ ਗਏ ਡੈਲੀਗੇਟਸ ਤੇ 400 ਦੇ ਲਗਭਗ ਐਕਸ ਓਫੀਸ਼ੀਓ ਮੈਂਬਰ, ਜਿਨ੍ਹਾਂ ਵਿੱਚ ਸਾਬਕਾ ਲਿਬਰਲ ਐਮਪੀਪੀਜ਼, ਮੌਜੂਦਾ ਫੈਡਰਲ ਲਿਬਰਲ ਐਮਪੀਜ਼, ਹਲਕਾ ਐਸੋਸਿਏਸ਼ਨਜ਼ ਦੇ ਪ੍ਰਧਾਨ ਤੇ ਹੋਰ ਅੰਦਰੂਨੀ ਵਿਅਕਤੀ, ਆਪਣੇ ਆਗੂ ਦੀ ਚੋਣ ਲਈ ਵੋਟ ਪਾ ਸਕਣਗੇ। ਐਮਪੀਪੀ ਮਾਈਕਲ ਕੋਂਟੀਊ (ਡੌਨ ਵੈਲੀ ਈਸਟ) ਵੀ ਸਾਬਕਾ ਮੰਤਰੀ ਹਨ ਤੇ ਉਨ੍ਹਾਂ ਦੀ ਕੈਂਪੇਨ ਨਾਲ 1,234 ਸੰਭਾਵੀ ਡੈਲੀਗੇਟਸ, ਜੋ ਕਿ 24 ਫੀ ਸਦੀ ਬਣਦੇ ਹਨ, ਜੁੜ ਚੁੱਕੇ ਹਨ।

ਕੇਟ ਗ੍ਰਾਹਮ, ਜੋ ਕਿ ਲੰਡਨ ਨੌਰਥ ਸੈਂਟਰ ਵਿੱਚ 2018 ਵਿੱਚ ਹੋਈਆਂ ਚੋਣਾਂ ਵਿੱਚ ਤੀਜੇ ਥਾਂ ਉੱਤੇ ਰਹੀ ਸੀ, ਕੋਲ 623 ਸਮਰਥਕ, ਭਾਵ 12 ਫੀ ਸਦੀ, ਹਨ। ਇੱਕ ਹੋਰ ਸਾਬਕਾ ਮੰਤਰੀ ਐਮਪੀਪੀ ਮਿਤਜ਼ੀ ਹੰਟਰ ਦੇ ਸਮਰਥਕਾਂ ਦੀ ਗਿਣਤੀ 409 ਜਾਂ 8 ਫੀ ਸਦੀ ਹੈ। ਓਕਵਿਲੇ ਨੌਰਥ ਬਰਲਿੰਗਟਨ ਵਿੱਚ 2018 ਵਿੱਚ ਤੀਜੇ ਸਥਾਨ ਉੱਤੇ ਰਹਿਣ ਵਾਲੇ ਐਲਵਿਨ ਤੇਦਜ਼ੋ ਕੋਲ 137 ਸਮਰਥਕ ਹਨ ਜੋ 2.7 ਫੀ ਸਦੀ ਹੀ ਬਣਦੇ ਹਨ। ਓਟਵਾ ਤੋਂ ਵਕੀਲ ਬ੍ਰੈਂਡਾ ਹੋਲਿੰਗਸਵਰਥ ਦੇ ਸਮਰਥਕਾਂ ਦੀ ਗਿਣਤੀ 66 ਜਾਂ 1.3 ਫੀ ਸਦੀ ਹੈ।

# ਬਰੈਂਪਟਨ ਸਿਟੀ ਕਾਉਂਸਲ ਨੇ ਐਲਾਨੀ ਹੈਲਥ ਕੇਅਰ ਐਮਰਜੈਂਸੀ

ਟੋਰਾਂਟੋ, 23 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਨੂੰ ਬਰੈਂਪਟਨ ਸਿਟੀ ਕਾਉਂਸਲ ਵੱਲੋਂ ਸਰਬਸੰਮਤੀ ਨਾਲ ਹੈਲਥ ਕੇਅਰ ਐਮਰਜੰਸੀ ਐਲਾਨ ਦਿੱਤੀ ਗਈ। ਇਸ ਦੌਰਾਨ ਹੀ ਦੋ ਹਸਪਤਾਲਾਂ ਲਈ ਹੋਰ ਫੰਡਾਂ ਦੀ ਮੰਗ ਵੀ ਕੀਤੀ ਗਈ।



ਮੇਅਰ ਪੈਟ੍ਰਿਕ ਬ੍ਰਾਊਨ ਨੇ ਆਖਿਆ ਕਿ ਇਸ ਕਦਮ ਨਾਲ ਅਸੀਂ ਪ੍ਰੋਵਿੰਸ ਨੂੰ ਇਸ ਪਾਸੇ ਜਲਦ ਤੋਂ ਜਲਦ ਕਾਰਵਾਈ ਕਰਨ ਦਾ ਸੰਕੇਤ ਦਿੱਤਾ ਹੈ ਤੇ ਹੈਲਥਕੇਅਰ ਸਬੰਧੀ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਲਈ ਵੀ ਆਖਿਆ ਹੈ। ਬ੍ਰਾਊਨ ਨੇ ਆਖਿਆ ਕਿ ਅਸੀਂ ਬਹੁਤ ਹੀ ਮਾੜੀ ਸਥਿਤੀ ਵਿੱਚੋਂ ਲੰਘ ਰਹੇ ਹਾਂ ਤੇ ਕੁਈਨ ਪਾਰਕ ਵਿੱਚ ਮੌਜੂਦ ਲੋਕਾਂ ਨੂੰ ਹੁਣ ਵੀ ਉੱਠ ਜਾਣਾ ਚਾਹੀਦਾ ਹੈ। ਜੇ ਤੁਸੀਂ ਬਰੈਂਪਟਨ ਵਿੱਚ ਰਹਿੰਦੇ ਹੋਂ ਤਾਂ ਤੁਹਾਡੀ ਹੈਲਥ ਕੇਅਰ ਦਾ ਪੱਧਰ ਕਾਫੀ ਮਾੜਾ ਹੈ ਕਿਉਂਕਿ ਪ੍ਰੋਵਿੰਸ਼ੀਅਲ ਫੰਡਿੰਗ ਸਹੀ ਨਹੀਂ ਹੈ।

ਇਸ ਮਤੇ ਵਿੱਚ ਸਿਟੀ ਦੇ ਸਟਾਫ ਨੂੰ ਇਹ ਹੁਕਮ ਦਿੱਤੇ ਗਏ ਹਨ ਕਿ ਉਹ ਵਿਲੀਅਮ ਓਸਲਰ ਹੈਲਥ ਸਿਸਟਮ, ਪ੍ਰੋਵਿੰਸ਼ੀਅਲ ਤੇ ਫੈਡਰਲ ਸਰਕਾਰ ਨਾਲ ਰਲ ਕੇ ਕੰਮ ਕਰੇ ਤੇ ਇਸ ਮਤੇ ਵਿੱਚ ਬਰੈਂਪਟਨ ਸਿਵਿਕ ਹਸਪਤਾਲ ਤੇ ਪੀਲ ਮੈਮੋਰੀਅਲ ਸੈਂਟਰ ਨੂੰ ਫੰਡ ਮੁਹੱਈਆ ਕਰਵਾਉਣ ਦੀ ਅਪੀਲ ਵੀ ਕੀਤੀ ਗਈ। ਇਸ ਤੋਂ ਇਲਾਵਾ ਸਿਟੀ ਦੇ ਸਟਾਫ ਨੂੰ ਪੂਰੀ ਤਰ੍ਹਾਂ ਕੰਮ ਕਰਨ ਵਾਲੇ ਐਮਰਜੰਸੀ ਡਿਪਾਰਟਮੈਂਟ ਤੇ ਮਰੀਜ਼ਾਂ ਨੂੰ ਢੁਕਵੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵੀ ਆਖਿਆ ਗਿਆ ਹੈ। ਹਸਪਤਾਲ ਵਿੱਚ ਹੋਰ ਬੈਡ ਲਾ ਕੇ ਇਨ੍ਹਾਂ ਦੀ ਗੁੰਜਾਇਸ਼ ਵਧਾਉਣ ਲਈ ਵੀ ਆਖਿਆ ਗਿਆ ਹੈ।

ਬ੍ਰਾਊਨ ਨੇ ਆਖਿਆ ਕਿ ਸਿਟੀ ਹਸਪਤਾਲ ਕੋਲ 600 ਬੈਡ ਹਨ ਤੇ ਪ੍ਰੋਵਿੰਸ ਦੀ ਲੋੜ ਪੂਰੀ ਕਰਨ ਲਈ ਇਸ ਨੂੰ ਅੰਦਾਜ਼ਨ 800 ਹੋਰ ਬੈਡ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਹੈਲਥ ਕੇਅਰ ਐਮਰਜੰਸੀ ਇਸ ਲਈ ਐਲਾਨੀ ਗਈ ਹੈ ਕਿਉਂਕਿ ਲੋਕ ਹੁਣ ਅੱਕ ਚੁਕੇ ਹਨ। ਉਨ੍ਹਾਂ ਆਖਿਆ ਕਿ ਸਿਟੀ ਵਿੱਚ ਦੇਸ਼ ਨਾਲੋਂ ਹਾਲਵੇਅ ਮੈਡੀਸਿਨ ਦਾ ਰਿਕਾਰਡ ਸੱਭ ਤੋਂ ਮਾੜਾ ਹੈ। ਬ੍ਰਾਊਨ ਨੇ ਆਖਿਆ ਕਿ ਹਾਲਵੇਅ ਮੈਡੀਸਿਨ ਖ਼ਤਮ ਕਰਨ ਦਾ ਜਿਹੜਾ ਵਾਅਦਾ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਵੱਲੋਂ ਚੋਣ ਕੈਂਪੇਨ ਦੌਰਾਨ ਕੀਤਾ ਗਿਆ ਸੀ ਉਸ ਨੂੰ ਪੂਰਾ ਕਰਨ ਦਾ ਹੁਣ ਸਮਾਂ ਆ ਗਿਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਪ੍ਰੀਮੀਅਰ ਤੇ ਸਿਹਤ ਮੰਤਰੀ ਉਨ੍ਹਾਂ ਦੀ ਇਸ ਦਰਖ਼ਾਸਤ ਨੂੰ ਗੰਭੀਰਤਾ ਨਾਲ ਲੈਣਗੇ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



MISSISSAUGA BRAMPTON
AFFORDABLE LIVING
CAMBRIDGE KITCHENER WATERLOO


Separate Entrance Basement
DOON SOUTH - KITCHENER
" 4 BEDROOM HOME"
SEPARATE ENTRANCE TO BASEMENT

Newly built 4 bedroom, 3 bathroom located mintues to 401 + Conestoga college. The area is Doon South, Kitchener which is extremely popular to GTA Buyers. Only block to newly built public elementary school and park. This home has a large foyer for guests coming and going. The contempory floor plan is open and welcoming. Kitchen is custom designed with upgraded stainless steel appliances, pantry and large eating island. Dining room is open to kitchen and can hold a large family. Family room flows off the dining room with hardwood floors and rough in fireplace. The main floor has 9 ft ceilings and large windows. Second floor has 4 bedrooms, laundry room and 2 bathrooms. The huge master has walk in closet + big ensuite bathroom. Basement has a separate entrance and large windows all waiting to be finished. Oversized double attached garage and fence yard are great benefits. ASKING $839,000.
**Call Joseph today 519-575-2777**


IN - LAW SUITE
"LUXURIOUS - LARGE CUSTOM
2 STORY IN - LAW SUIT
FINISHED WALK OUT BASEMENT"

Beautiful Custom built home with over 4500 sqft of finished space. Featuring 4+1 bedrooms with in law suit in basement. Upon entering the double foyer you will be amazed at the luxury finishing. The hardwood floors have marble/granite inlays, the fluted arched columns are incredible, the custom 7'' baseboards ad large casings, the 9'' main floor ceilings, the stone 2 story fireplace, and the custom built kitchen with upgraded appliances and large island with granite counters. This home has it all then some. On 2nd floor is 4 large bed rooms plus laundry room. The master bedroom is huge with walk in closet and 4pc ensuite bathroom. The bedroom are serviced by another 4 pc large bathroom. The incredible walk out basement has in law suite with separate entrance. Custom Kitchenette with granite counters and raised eating bar. The rec. room has built in custom cabinets + BOSE surround system with gas fire place. 2nd laundry with 3 pc bathroom. The basement leads to a 2 tier deck with pool + hot tub. There is also a large double attached garage and features stamped concrete driveway, sidewalk and rear patio. New shingles, paint, carpets, granite counters and overhead doors. Immaculate condition asking $985,000. **Call Joseph today 519-575-2777**


IN - LAW SUITE
"BEAUTIFUL BUNGALOW
3/4 ACRE LOT
IN-LAW SUITE"

1700 sqft Bungalow sitting on almost 3/4 of an acre beside kitchener. Minutes to 401. This bungalow has 3+1 bedrooms with a in law suite in basement that is a full basement walk out. The double door foyer is warm and inviting to enter th house. Upon entering is the former dining room plus former living room with the gas fireplace. Then you will enter the kitchen which is open to the 4 season sunroom with gas fireplace. This sunroom looks upon the conservation/ green space behind the home. 3 bedroom + 3 bathrooms home. No neighbours behind just trees. 3 bedrooms + 3 bathrooms on main floor plus laundry. In the basement is in- law suite with 2nd kitchen, 2 bedrooms, large family room with wet bar. Double attached garage plus a double detached garage and drive way holds 12 cars. Incredible views and beautiful lot. Great for large or multiple families.Asking $899,000.
**Call Joseph today 519-575-2777**

IN - LAW SUITE 2018
Gated Executive Community
Large Custom Built Bungalow

"EXECUTIVE LARGE
FAMILY HOME
IN-LAW SUITE"

This stone approx. 6000 fully furnished sq ft bungalow has fully furnished basement with in law suite. Sitting on 1.2 acres in executive gated sub division south of Cambridge. Incredible for large families this home will accommodate them. This home has it all! For clients wanting it all! 3 large bedrooms on main floor with ensuites. Oversized family room with coffered ceilings + gas fireplace leading to opulent luxurious kitchen that belongs in a magazine. The kitchen was custom designed + built with the only finest of finishing. Double island with eating bar and commercial grade appliances. The dining room is exquisete and the granite table holds 14 people. The basement is unreal with the entrance from garage or rear door of full walkout. 3 bedroom in law suite with huge kitchen and island. The rec. room is gigantic and bright with huge window to allow sunshine in. The finished triple garage is dry walled, painted and finished floors. Fully landscaped in a gated community. Asking $1,550,000.**Call Joseph today 519-575-2777**


Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com

#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018

**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ

ਧਿਰਾਂ ਸਾਰੀਆਂ ਦੀ ਕਹਿੰਦੇ ਹੋਈ ਬੈਠਕ,
ਸਭ ਨੇ ਕੀਤੇ ਖਿਆਲ ਸੀ ਜ਼ਾਹਰ ਬੇਲੀ।
ਸਾਰਿਆਂ ਸਹਿਮਤੀ ਨਾਲ ਸੀ ਬਾਤ ਕੀਤੀ,
ਮਾਰੀ ਕਿਸੇ ਕੋਈ ਨਵੀਂ ਨਾ ਟਾਹਰ ਬੇਲੀ।
ਬੋਲੇ ਲੀਡਰ ਪਰ ਬੋਲਦੇ ਇਸ ਤਰ੍ਹਾਂ ਸੀ,
ਬੋਲਣ ਪਾਣੀਆਂ ਦੇ ਜਿੱਦਾਂ ਮਾਹਰ ਬੇਲੀ।
ਇੱਕੋ ਧਿਰ ਨਹੀਂ ਕਿਤੇ ਸੀ ਨਜ਼ਰ ਆਈ,
ਰਹਿ ਗਏ ਬੈਂਸ ਹੀ ਬੈਠੜੇ ਬਾਹਰ ਬੇਲੀ।
ਮਿਲਦੀ ਸੁਰ ਵੀ ਨਹੀਂ ਤਾਂ ਹਰਜ ਕੀ ਸੀ,
ਆਉਂਦੇ ਆਖ ਜਾਂਦੇ ਦਿਲ ਦੀ ਗੱਲ ਬੇਲੀ।
ਰਹਿ ਗਏ ਬਾਹਰ ਤਾਂ ਓਥੇ ਵੀ ਰਹੇ ਚੰਗੇ,
ਖੱਟ ਗਏ ਖਬਰਾਂ ਦੇ ਵਿੱਚ ਨੇ ਭੱਲ ਬੇਲੀ।

ਤੀਸ ਮਾਰ ਖਾਂ

# ਪੰਜਾਬ ਦੀ ਸਰਬ ਪਾਰਟੀ ਮੀਟਿੰਗ ’ਚ ਪਾਣੀ ਮੁੱਦੇ ਉੱਤੇ ਸਰਬ ਸੰਮਤੀ ਬਣੀ

### * ਪਹਿਲਾਂ ਪਾਣੀਆਂ ਦੀ ਮਾਤਰਾ ਚੈੱਕ ਹੋਣੀ ਚਾਹੀਦੀ ਹੈ : ਕੈਪਟਨ



ਚੰਡੀਗੜ੍ਹ, 23 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸੱਦੇ ਉੱਤੇ ਪੰਜਾਬ ਭਵਨ ਵਿਚ ਹੋਈ ਸਰਬ ਪਾਰਟੀ ਮੀਟਿੰਗ ਵਿਚ ਅੱਜ ਪਾਣੀਆਂ ਦੇ ਮੁੱਦੇ ਉੱਤੇ ਸਰਬ ਸੰਮਤੀ ਨਾਲ ਮਤਾ ਪਾਸ ਕਰ ਦਿੱਤਾ ਗਿਆ ਕਿ ਪਹਿਲਾਂ ਪਾਣੀਆਂ ਬਾਰੇ ਕੇਂਦਰ ਸਰਕਾਰ ਦਾ ਟ੍ਰਿਬਿਊਨਲ ਪੰਜਾਬ ਵਿਚਲੇ ਦਰਿਆਵਾਂ ਵਿੱਚ ਵਗਣ ਵਾਲੇ ਪਾਣੀ ਦੀ ਮਾਤਰਾ ਚੈੱਕ ਕਰੇ ਅਤੇ ਉਸ ਤੋਂ ਬਾਅਦ ਪਾਣੀ ਦੀ ਵੰਡ ਕੀਤੀ ਜਾਵੇ।

ਮੀਟਿੰਗ ਦੇ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਕਿਹਾ ਕਿ ਸਮਾਂ ਬਦਲ ਚੁੱਕਾ ਹੈ ਤੇ ਅੱਜਕੱਲ੍ਹ ਦਰਿਆਵਾਂ ਵਿੱਚ ਪਾਣੀ ਓਦੋਂ ਜਿੰਨਾ ਨਹੀਂ ਵਹਿੰਦਾ, ਜਦੋਂ ਸਮਝੌਤੇ ਹੋਏ ਸਨ, ਇਸ ਕਰ ਕੇ ਕੋਈ ਵੀ ਫੈਸਲਾ ਲਾਗੂ ਕਰਨ ਤੋਂ ਪਹਿਲਾਂ ਪਾਣੀ ਦੀ ਅਸਲ ਸਥਿਤੀ ਚੈੱਕ ਕਰਨੀ ਚਾਹੀਦੀ ਹੈ। ਮੀਟਿੰਗ ਵਿੱਚ ਸਾਰੀਆਂ ਪਾਰਟੀਆਂ ਨੇ ਇਸ ਨਾਲ ਸਹਿਮਤੀ ਵਾਲਾ ਮਤਾ ਪਾਸ ਕੀਤਾ ਅਤੇ ਸਰਕਾਰ ਦਾ ਸਾਥ ਦੇਣ ਦੀ ਗੱਲ ਕਹੀ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਮੀਟਿੰਗ ਦੇ ਫੈਸਲੇ ਬਾਰੇ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਸਲ ਸਥਿਤੀ ਤੋਂ ਜਾਣੂੰ ਕਰਾਉਣਗੇ ਅਤੇ ਸਾਰੇ ਦਲ ਪ੍ਰਧਾਨ ਮੰਤਰੀ ਤੋਂ ਸਮਾਂ ਲੈ ਕੇ ਉਨ੍ਹਾਂ ਨਾਲ ਇੱਕ ਮੀਟਿੰਗ ਕਰਨਗੇ। ਅੱਜ ਦੀ ਇਸ ਮੀਟਿੰਗ ਵਿੱਚ ਪੰਜਾਬ ਦੇ ਭਖਦੇ ਮਸਲਿਆਂ ਬਾਰੇ ਛੇ ਮਹੀਨਿਆਂ ਬਾਅਦ ਮੀਟਿੰਗ ਕਰਨ ਦਾ ਫੈਸਲਾ ਲਿਆ ਗਿਆ ਹੈ।

ਸਰਬ ਪਾਰਟੀ ਮੀਟਿੰਗ ਦੀ ਇਹ ਸਪੱਸ਼ਟ ਰਾਏ ਬਣੀ ਹੈ ਕਿ ਪਾਣੀਆਂ ਦੇ ਮੁੱਦੇ ਉੱਤੇ ਸਿਰਫ ਰਿਪੇਰੀਅਨ ਕਾਨੂੰਨ ਮੁਤਾਬਿਕ ਫੈਸਲਾ ਹੋਣਾ ਚਾਹੀਦਾ ਹੈ। ਮੀਟਿੰਗ ਵਿੱਚ ਬੈਂਸ ਭਰਾਵਾਂ ਨੂੰ ਨਾ ਬਲਾਏ ਜਾਣ ਦੇ ਸਵਾਲ ਉੱਤੇ ਮੁੱਖ ਮੰਤਰੀ ਨੇ ਕਿਹਾ ਕਿ ਚੋਣ ਕਮਿਸ਼ਨ ਕੋਲ ਰਜਿਸਟਰਡ ਪਾਰਟੀਆਂ ਨੂੰ ਸੱਦਿਆ ਸੀ, ਇਸ ਕਰ ਕੇ ਉਨ੍ਹਾਂ ਨੂੰ ਨਹੀਂ ਸੱਦਿਆ। ਮੀਟਿੰਗ ਵਿੱਚ ਪ੍ਰਦੂਸ਼ਿਤ ਹੋ ਰਹੇ ਪਾਣੀ, ਧਰਤੀ ਹੇਠਲੇ ਪਾਣੀ ਅਤੇ ਮੁਫ਼ਤ ਪਾਣੀ-ਬਿਜਲੀ ਦੇ ਮੁੱਦੇ ਉੱਤੇ ਵੀ ਵਿਚਾਰ ਹੋਈ ਹੈ।



# ਰਣਜੀਤ ਸਿੰਘ ਢੱਡਰੀਆਂ ਵਾਲ਼ੇ ਖਿਲਾਫ ਪੁਲਸ ਕੋਲ ਕੇਸ ਦਰਜ

### * ਦਮਦਮੀ ਟਕਸਾਲ ਦੇ ਬੁਲਾਰੇ ਨੇ ਸ਼ਿਕਾਇਤ ਦਰਜ ਕਰਾਈ



ਅੰਮ੍ਰਿਤਸਰ, 23 ਜਨਵਰੀ, (ਪੋਸਟ ਬਿਊਰੋ)- ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਖਿਲਾਫ ਸਿੱਖ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਚਾਉਣ ਦਾ ਦੋਸ਼ ਲਾਇਆ ਗਿਆ ਅਤੇ ਕਾਰਵਾਈ ਦੀ ਮੰਗ ਕੀਤੀ ਗਈ ਹੈ। ਅੱਜ ਦਮਦਮੀ ਟਕਸਾਲ ਦੇ ਬੁਲਾਰੇ ਪ੍ਰੋਫ਼ੈਸਰ ਸਰਚਾਂਦ ਸਿੰਘ ਅਤੇ ਭਗਵੰਤ ਸਿੰਘ ਸਿਆਲਕਾ ਵੱਲੋਂ ਢੱਡਰੀਆਂ ਵਾਲੇ ਖ਼ਿਲਾਫ਼ ਇੱਕ ਬਾਕਾਇਦਾ ਸ਼ਿਕਾਇਤ ਵੀ ਪੇਸ਼ ਕਰ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਲੰਮੇਂ ਸਮੇਂ ਤੋਂ ਵਿਵਾਦਾਂ ਵਿੱਚ ਚੱਲਦੇ ਆਏ ਸੰਤ ਰਣਜੀਤ ਸਿੰਘ ਨੇ ਇਸ ਤੋਂ ਪਹਿਲਾਂ ਸੋਸ਼ਲ ਮੀਡੀਆ ਉੱਤੇ ਵੀਡੀਓ ਜਾਰੀ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤੇ ਹੁਕਮ ਮੰਨਣ ਤੋਂ ਇਨਕਾਰ ਦਿੱਤਾ ਗਿਆ ਸੀ। ਇਸ ਸੰਬੰਧ ਵਿੱਚ ਇੱਕ ਸ਼ਿਕਾਇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਕੀਤੀ ਗਈ ਹੈ।

ਇਹੀ ਨਹੀਂ, ਪ੍ਰੋਫੈਸਰ ਸਰਚਾਂਦ ਸਿੰਘ ਅਤੇ ਅਜਾਇਬ ਸਿੰਘ ਅਭਿਆਸੀ ਨੇ ਰਣਜੀਤ ਸਿੰਘ ਢੱਡਰੀਆਂ ਵਾਲਾ ਦੇ ਖਿਲਾਫ ਕਾਨੂੰਨੀ ਕਾਰਵਾਈ ਲਈ ਲੁਧਿਆਣਾ ਦੇ ਪੁਲਸ ਕਮਿਸ਼ਨਰ ਸੁਖਚੈਨ ਸਿੰਘ ਗਿੱਲ ਨੂੰ ਇੱਕ ਬਾਕ-ਾਇਦਾ ਅਰਜ਼ੀ ਦੇ ਕੇ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਇਹ ਦਰਖਾਸਤ ਰਿਕਾਰਡ ਉੱਤੇ ਚੜ੍ਹ ਚੁੱਕੀ ਹੈ।

ਪ੍ਰੋਫ਼ੈਸਰ ਸਰਚਾਂਦ ਸਿੰਘ ਦਾ ਕਹਿਣਾ ਹੈ ਕਿ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਸ੍ਰੀ ਅਕਾਲ ਤਖ਼ਤ ਵਿਰੁੱਧ ਭੱਦੀ ਸ਼ਬਦਾਵਲੀ ਵਰਤੀ ਹੈ ਅਤੇ ਇੰਝ ਕਰ ਕੇ ਸਿੱਖ ਹਿਰਦਿਆਂ ਨੂੰ ਠੇਸ ਲਾਈ ਹੈ। ਉਨ੍ਹਾਂ ਕਿਹਾ ਕਿ ਉਹ ਝੂਠਾ ਹੈ, ਤਦੇ ਹੀ ਉਸ ਨੇ ਕਿਸੇ ਨਾਲ ਕੋਈ ਵਿਚਾਰ ਵਟਾਂਦਰਾ ਨਹੀਂ ਕੀਤਾ, ਵਿਦਵਾਨ ਬੰਦੇ ਨੂੰ ਭੱਦੀ ਭਾਸ਼ਾ ਨਹੀਂ ਵਰਤਣੀ ਚਾਹੀਦੀ ਤੇ ਮਾਨਤਾ ਪ੍ਰਾਪਤ ਸੰਸਥਾਵਾਂ ਪ੍ਰਤੀ ਸਹੀ ਸ਼ਬਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਵਰਨਣ ਯੋਗ ਹੈ ਕਿ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਾ ਦੇ ਖ਼ਿਲਾਫ਼ ਦੇਸ਼ ਵਿਦੇਸ਼ ਦੇ ਕੁਝ ਸਿੱਖ ਪ੍ਰਚਾਰਕਾਂ ਨੇ ਸ੍ਰੀ ਅਕਾਲ ਤਖ਼ਤ ਉੱਤੇ ਪਹਿਲਾਂ ਹੀ ਸ਼ਿਕਾਇਤਾਂ ਕੀਤੀਆਂ ਸਨ। ਇਸ ਦੇ ਹੱਲ ਲਈ ਅਕਾਲ ਤਖ਼ਤ ਸਾਹਿਬ ਨੇ ਇੱਕ ਪੰਜ ਮੈਂਬਰੀ ਕਮੇਟੀ ਬਣਾਈ ਸੀ, ਜਿਸ ਨੇ ਆਪਣੀ ਮੀਟਿੰਗ ਵਿਚ ਮਾਮਲਾ ਵਿਚਾਰਨ ਪਿੱਛੋਂ ਢੱਡਰੀਆਂ ਵਾਲਾ ਨਾਲ ਮੁਲਾਕਾਤ ਲਈ 22 ਦਸੰਬਰ ਦਾ ਸਮਾਂ ਰੱਖਿਆ ਸੀ। ਇਸ ਬਾਰੇ ਢੱਡਰੀਆਂ ਵਾਲਾ ਨੂੰ ਗੁਰਦੁਆਰਾ ਦੂਖ ਨਿਵਾਰਨ ਪਟਿਆਲਾ ਵਿਖੇ 22 ਦਸੰਬਰ ਨੂੰ ਪੰਜ ਮੈਂਬਰੀ ਕਮੇਟੀ ਨਾਲ ਮੁਲਾਕਾਤ ਲਈ ਪੱਤਰ ਭੇਜਿਆ ਸੀ, ਪਰ ਢੱਡਰੀਆਂ ਵਾਲੇ ਨੇ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ ਸੀ।

# ਸਰਬ ਪਾਰਟੀ ਮੀਟਿੰਗ ਵਿੱਚ ਨਾ ਸੱਦੇ ਜਾਣ ਉੱਤੇ ਬੈਂਸ ਭਰਾ ਭੜਕੇ

### * ਪੰਜਾਬ ਭਵਨ ਦੇ ਸਾਹਮਣੇ ਵਿਰੋਧ ਪ੍ਰਦਰਸ਼ਨ



ਚੰਡੀਗੜ੍ਹ, 23 ਜਨਵਰੀ, (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਸੱਦੀ ਗਈ ਸਰਬ ਪਾਰਟੀ ਮੀਟਿੰਗ ਵਿੱਚ ਅੱਜ ਲੋਕ ਇਨਸਾਫ ਪਾਰਟੀ ਨੂੰ ਨਾ ਬੁਲਾਏ ਜਾਣ ਤੋਂ ਨਾਰਾਜ਼ ਹੋਏ ਪਾਰਟੀ ਦੇ ਪ੍ਰਧਾਨ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਦੋਸ਼ ਲਾਇਆ ਕਿ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉੱਤੇ ਚੱਲਦੇ ਸਿਟੀ ਸੈਂਟਰ ਘੁਟਾਲੇ ਦੇ ਕੇਸ ਵਿਚ ਸ਼ਾਮਲ ਹੋਣਾ ਅਤੇ ਇਸ ਕੇਸ ਨੂੰ ਅੱਗੇ ਵਧਾਉਣਾ ਚਾਹੁੰਦੇ ਸਨ, ਇਸ ਨਿੱਜੀ ਵਜ੍ਹਾ ਕਾਰਨ ਉਨ੍ਹਾਂ ਨਾਲ ਨਾਰਾਜ਼ ਮੁੱਖ ਮੰਤਰੀ ਨੇ ਉਨ੍ਹਾਂ ਦੀ ਪਾਰਟੀ ਨੂੰ ਸਰਬ ਪਾਰਟੀ ਮੀਟਿੰਗ ਵਿਚ ਨਹੀਂ ਬੁਲ-ਾਇਆ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਦੇ ਦੋ ਵਿਧਾਇਕ ਹਨ, ਇਸ ਲਈ ਸਾਨੂੰ ਆਪਣੀ ਗੱਲ ਕਹਿਣ ਤੋਂ ਨਹੀਂ ਰੋਕਿਆ ਜਾ ਸਕਦਾ।

ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਵਿਧਾਨ ਸਭਾ ਦੇ ਸੈਸ਼ਨ ਵਿਚ ਉਹ ਲਗਾਤਾਰ ਪਾਣੀਆਂ ਦਾ ਇੱਕ ਪ੍ਰਾਈਵੇਟ ਬਿੱਲ ਲਿਆ ਰਹੇ ਹਨ ਤੇ ਇਕ ਬਿੱਲ ਪਿਛਲੀ ਸਰਕਾਰ ਦੌਰਾਨ ਅਕਾਲੀ ਭਾਜਪਾ ਸਰਕਾਰ ਨੇ ਪੇਸ਼ ਕੀਤਾ ਸੀ, ਜਿਸ ਵਿਚ ਨਾਨ ਰਿਪੇਰੀਅਨ ਰਾਜਾਂ ਨੂੰ ਪੰਜਾਬ ਵੱਲੋਂ ਦਿੱਤੇ ਜਾਂਦੇ ਪਾਣੀ ਦਾ ਬਿੱਲ ਵਸੂਲਣ ਦੀ ਮੰਗ ਰੱਦ ਹੋ ਗਈ ਅਤੇ ਤੈਅ ਹੋਇਆ ਸੀ ਕਿ ਪੰਜਾਬ ਸਰਕਾਰ ਰਾਜਸਥਾਨ ਨੂੰ ਪਾਣੀ ਦਾ ਬਿੱਲ ਭੇਜੇਗੀ। ਬੈਂਸ ਨੇ ਕਿਹਾ ਕਿ ਜਦੋਂ ਹਿਮਾਚਲ ਪ੍ਰਦੇਸ਼ ਦੀ ਸਰਕਾਰ ਦਿੱਲੀ ਨੂੰ ਦਿੱਤੇ ਜਾਂਦੇ ਪਾਣੀ ਦੇ ਬਦਲੇ 21 ਕਰੋੜ ਰੁਪਏ ਵਸੂਲਣ ਦਾ ਬਿਲ ਭੇਜ ਸਕਦੀ ਹੈ ਤਾਂ ਪੰਜਾਬ ਏਦਾਂ ਕਿਉਂ ਨਹੀਂ ਕਰ ਸਕਦਾ? ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਜ਼ਮੀਨ ਹੇਠਲੇ ਪਾਣੀ ਨੂੰ ਬਹਾਲ ਕਰਨ ਵਾਸਤੇ ਕੇਂਦਰੀ ਪੱਧਰ ਉੱਤੇ ਬਣੀ 6000 ਕਰੋੜ ਰੁਪਏ ਦੀ ਅਟਲ ਭੂਜਲ ਯੋਜਨਾ ਤੋਂ ਪੰਜਾਬ ਬਾਹਰ ਰੱਖਿਆ ਹੈ, ਜਦ ਕਿ ਪੂਰੇ ਦੇਸ਼ ਵਿਚ ਸਭ ਤੋਂ ਵੱਧ ਇਸ ਦੀ ਚਰਚਾ ਪੰਜਾਬ ਵਿੱਚ ਹੋ ਰਹੀ ਹੈ ਤੇ ਪੰਜਾਬ ਰੇਗਿਸਤਾਨ ਬਣਨ ਵੱਲ ਵੱਧ ਰਿਹਾ ਹੈ।

# ਹਰਿਆਣਾ ਸਰਕਾਰ ਵਿੱਚ ਖਿੱਚੋਤਾਣ: ਗ੍ਰਹਿ ਮੰਤਰੀ ਵੱਲੋਂ ਸੀ ਆਈ ਡੀ ਚੀਫ ਦੇ ਖਿਲਾਫ ਚਾਰਜਸ਼ੀਟ ਪੇਸ਼ ਕਰਨ ਦਾ ਆਦੇਸ਼

### * ਮੁੱਖ ਮੰਤਰੀ ਨੇ ਗ੍ਰਹਿ ਮੰਤਰੀ ਸੀ ਆਈ ਡੀ ਵਿਭਾਗ ਹੀ ਖੋਹ ਲਿਆ

ਚੰਡੀਗੜ੍ਹ, 23 ਜਨਵਰੀ, (ਪੋਸਟ ਬਿਊਰੋ)- ਸੀਨੀਅਰ ਭਾਜਪਾ ਆਗੂ ਅਤੇ ਗ੍ਰਹਿ ਮੰਤਰੀ ਅਨਿਲ ਵਿਜ ਅੱਜਕਲ੍ਹ ਫਿਰ ਤੋਂ ਆਪਣੀ ਹਰਿਆਣਾ ਸਰਕਾਰ ਨਾਲ ਖਿੱਚੋਤਾਣ ਦੇ ਕਾਰਨ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਸ ਵਾਰ ਇਸ ਚਰਚਾ ਦਾ ਕਾਰਨ ਉਨ੍ਹਾਂ ਦਾ ਕੋਈ ਨਵਾਂ ਬਿਆਨ ਨਹੀਂ, ਸਗੋਂ ਆਪਣੇ ਗ੍ਰਹਿ ਵਿਭਾਗ ਵਿਚਲੇ ਸੀ ਆਈ ਡੀ ਦੇ ਮੁਖੀ ਨਾਲ ਸਿੱਧੀ ਟੱਕਰ ਵਾਲੀ ਸਥਿਤੀ ਹੈ। ਦੂਸਰੇ ਪਾਸੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਸੀ ਆਈ ਡੀ ਦੇ ਚੀਫ ਨਾਲ ਖੜੇ ਹੋਣ ਦਾ ਸੰਕੇਤ ਦੇ ਦਿੱਤਾ ਹੈ, ਜਿਸ ਕਾਰਨ ਅੰਦਰੂਨੀ ਅਣਬਣ ਮੁੱਦਾ ਬਣ ਗਈ ਹੈ। ਅਸਲ ਵਿੱਚ ਪਹਿਲਾਂ ਗ੍ਰਹਿ ਮੰਤਰੀ ਅਨਿਲ ਵਿਜ ਨੇ ਬੜੀ ਸਖਤ ਕਾਰਵਾਈ ਕਰਦੇ ਹੋਏ ਨੇ ਇਹ ਮੰਗ ਕੀਤੀ ਸੀ ਕਿ ਹਰਿਆਣਾ ਸੀ ਆਈ ਡੀ ਦੇ ਚੀਫ ਅਨਿਲ ਰਾਓ ਨੂੰ ਅਹੁਦੇ ਤੋਂ ਹਟਾ ਦੇਣਾ ਚਾਹੀਦਾ ਹੈ ਤੇ ਉਨ੍ਹਾਂ ਖਿਲਾਫ ਚਾਰਜਸ਼ੀਟ ਪੇਸ਼ ਕੀਤੀ ਜਾਣੀ ਚਾਹੀਦੀ ਹੈ। ਅਨਿਲ ਵਿਜ ਨੇ ਗ੍ਰਹਿ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਵਿਜੈਵਰਧਨ ਨੂੰ ਆਦੇਸ਼ ਦਿੱਤਾ ਕਿ ਸਰਵਿਸ ਰੂਲ 7 ਦੇ ਮੁਤਾਬਕ ਸੀ ਆਈ ਡੀ ਚੀਫ ਅਨਿਲ ਰਾਓ ਖਿਲਾਫ ਚਾਰਜਸ਼ੀਟ ਦਰਜ ਕਰ ਦਿੱਤੀ ਜਾਵੇ। ਸਰਕਾਰ ਦੇ ਅੰਦਰੂਨੀ ਹਾਲਾਤ ਦੇ ਜਾਣਕਾਰ ਸੂਤਰਾਂ ਮੁਤਾਬਕ ਅਨਿਲ ਵਿਜ ਨੇ ਇਸ ਮਸਲੇ ਉੱਤੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੂੰ ਇੱਕ ਚਿੱਠੀ ਲਿਖੀ ਹੈ, ਜਿਸ ਵਿੱਚ ਸੀ ਆਈ ਡੀ ਚੀਫ ਅਨਿਲ ਰਾਓ ਦੇ ਖਿਲਾਫ ਸ਼ਿਕਾਇਤ ਕੀਤੀ ਅਤੇ ਕਿਹਾ ਹੈ ਕਿ ਉਹ ਉਨ੍ਹਾਂ ਦੇ ਆਦੇਸ਼ ਨਹੀਂ ਮੰਨਦੇ, ਜਦ ਕਿ ਅਨਿਲ ਵਿਜ ਇਸ ਰਾਜ ਦੇ ਗ੍ਰਹਿ ਮੰਤਰੀ ਹਨ। ਅਨਿਲ ਰਾਓ ਦੇ ਖਿਲਾਫ ਗ੍ਰਹਿ ਮੰਤਰੀ ਅਨਿਲ ਵਿਜ ਨੇ ਦੋਸ਼ ਲਾਇਆ ਕਿ ਉਨ੍ਹਾਂ ਨੇ ਸੀ ਆਈ ਡੀ ਚੀਫ ਤੋਂ ਰਿਪੋਰਟ ਮੰਗੀ ਸੀ ਤੇ ਉਹ ਜਵਾਬ ਵੀ ਨਹੀਂ ਦੇ ਰਹੇ, ਇਸ ਲਈ ਵੱਡੀ ਸਮੱਸਿਆ ਪੈਦਾ ਹੋ ਸਕਦੀ ਹੈ।

ਇਸ ਦੌਰਾਨ ਮੁੱਖ ਮੰਤਰੀ ਨੇ ਕੁਝ ਕਹੇ ਬਿਨਾਂ ਗ੍ਰਹਿ ਮੰਤਰਾਲੇ ਵਿੱਚ ਵੱਡੀ ਤਬਦੀਲੀ ਕੀਤੀ ਅਤੇ ਸੀ ਆਈ ਡੀ ਦਾ ਸੈਕਸ਼ਨ ਵੱਖ ਕਰ ਦਿੱਤਾ ਅਤੇ ਇਹ ਗ੍ਰਹਿ ਮੰਤਰੀ ਅਨਿਲ ਵਿਜ ਤੋਂ ਵਾਪਸ ਲੈ ਲਿਆ ਹੈ। ਇਸ ਦੇ ਬਾਅਦ ਸੀ ਆਈ ਡੀ ਵਿਭਾਗ ਸਿੱਧਾ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੇ ਅਧੀਨ ਰਹੇਗਾ। ਇਸ ਅਚਾਨਕ ਕੀਤੀ ਤਬਦੀਲੀ ਦੇ ਨਾਲ ਇਸ ਰਾਜ ਦੀ ਭਾਜਪਾ ਸਰਕਾਰ ਦੇ ਅੰਦਰ ਮੱਤਭੇਦ ਹੋਰ ਵਧਣ ਦੀ ਸੰਭਾਵਨਾ ਹੈ।


“Quality is our strength.”

SKYDOME GROUP OF COMPANIES

WE DEAL WITH ALL INSURANCE COMPANIES

MINISTRY APPROVED SALVAGE INSPECTION STATION

Body Centre

Specializing in:

Indorjit Singh

Daljit Singh

President

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

QUALITY USED CARS

STAFFORD TRUCK CENTRE

30 Stafford Dr., Brampton, Tel: 905-460-1414

HEAD OFFICE: 905-874-9878

Tol Free: 1-877-799-9878, www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

Paramjit Deol

Broker

CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*

Independently Owned and Operated.

Tel:905-405-8484

www.paramjitdeol.com

Email: pdeol3@yahoo.ca



“Your neighborhood broker, Call Paramjit Deol Today”

**Toronto $2,150** — For Lease

**Bathurst & Lake Shore:** Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen, Stainless Steel Appliances, Granite Counter, Ensuite Laundry, Amenities Included, Gym, Media Room, Roof Top Terrance.

**Toronto $179,000** — barBURRITO

**6464 Yonge St 128:** Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month, Very Low Rent

**Vaughan $219,000** — Photo Not Available

**120 Whitmore Rd 15:** Well Established Dry Cleaner Depot, Turn Key Operation, Prime Location In Vaughan, 16 Years In Business, State Of The Art Equipment, Great Clientele, Sales Are $4,500 Per Week As Per Seller, Very Low Rent 3,200.

**Mississauga $199,900** — Techlogics

**5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000** — GINO'S PIZZA

**136 Queen St S 2:** Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Brampton $249,000** — Photo Not Available

**373 Steeles Ave W 1 :** Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**Shelburne $399,999**

**328 Centre St:** This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Waterloo $399,000** — Photo Not Available

**Hickory & Hemlock:** Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Mississauga $399,900** — Photo Not Available

**7120 Pacific Circ B:** Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Sales Are $900,000/Year As Per Seller.

**Burlington $2,650,000**

**Northshore Blvd To Eagle :** Exceptional 2-Storey In One Of Burlington's Most Sought-After Communities South Aldershot! Walking Distance To Burlington Golf Club And Lake Original Bungalow Completely Demolished (Except For Solarium) And Rebuilt, With New Upper Level Breath Taking View Of The Lake New Plumbing

**Mississauga $1,699,000**

**Qew And Hurontario :** Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home , Build The Perfect Home To Your Taste In A Cosy Cul-De-Sac. Located In One Of Mississauga Sought Off Areas.

**Oshawa $659,000** — Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $899,900**

**29 Phillip Ave:**
For any information call Paramjeet Deol at 905-405-8484.

**Brampton $983,000**

**87 Earlsbridge Blvd:** This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000**

**Mavis/Derry:** Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd In Liv/Din, Hdwd Stairs.

**Brampton $1,900,000** — Photo Not Available

**115 Orenda Rd:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

# ਸ਼੍ਰੋਮਣੀ ਕਮੇਟੀ ਦਾ ਵਫ਼ਦ ਡੀ.ਸੀ.ਨਾਲ ਕਰੇਗਾ ਮੁਲਾਕਾਤ



ਵਿਰਾਸਤੀ ਮਾਰਗ 'ਤੇ ਲੱਗੇ ਬੁੱਤਾਂ ਸਬੰਧੀ ਇਕੱਤਰਤਾ 'ਚ ਸ਼ਾਮਲ ਸੀਨੀਅਰ ਮੀਤ ਪ੍ਰਧਾਨ ਭਾਈ ਰਾਜਿੰਦਰ ਸਿੰਘ ਮਹਿਤਾ, ਮੁੱਖ ਸਕੱਤਰ ਡਾ. ਰੂਪ ਸਿੰਘ, ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ, ਸਕੱਤਰ ਅਵਤਾਰ ਸਿੰਘ ਸੈਂਪਲਾ ਤੇ ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਤੇ ਹੋਰ।

## ਵਿਰਾਸਤੀ ਮਾਰਗ 'ਤੇ ਲੱਗੇ ਬੁੱਤਾਂ ਦਾ ਮਾਮਲਾ

ਅੰਮ੍ਰਿਤਸਰ, 23 ਜਨਵਰੀ (ਗਿਆਨ ਸਿੰਘ): ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੇ ਵਿਰਾਸਤੀ ਮਾਰਗ 'ਤੇ ਲੱਗੇ ਗਿੱਧੇ ਤੇ ਭੰਗੜੇ ਦੇ ਬੁੱਤਾਂ ਸਬੰਧੀ ਪਿਛਲੇ ਕੁਝ ਸਮੇਂ ਤੋਂ ਸਿੱਖ ਜਥੇਬੰਦੀਆਂ ਵਿਚ ਭਾਰੀ ਰੋਸ ਚੱਲ ਰਿਹਾ ਹੈ ਕਿ ਇਨ੍ਹਾਂ ਬੁੱਤਾਂ ਨੂੰ ਇਥੋਂ ਹਟਾਇਆ ਜਾਵੇ ਅਤੇ ਇਸ ਦੀ ਦਿੱਖ ਸਿੱਖ ਵਿਰਾਸਤ ਅਨੁਸਾਰ ਹੋਵੇ। ਪਿਛਲੇ ਦਿਨੀਂ ਕੁਝ ਨੌਜੁਆਨਾਂ ਵੱਲੋਂ ਇਨ੍ਹਾਂ ਗਿੱਧੇ, ਭੰਗੜੇ ਦੇ ਬੁੱਤਾਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਗਈ, ਜਿਸ 'ਤੇ ਪੁਲਿਸ ਪ੍ਰਸ਼ਾਸਨ ਅੰਮ੍ਰਿਤਸਰ ਨੇ ਉਨ੍ਹਾਂ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ਼ ਇਰਾਦਾ ਕਤਲ ਦੀ ਧਾਰਾ 307 ਲਗਾ ਦਿੱਤੀ ਗਈ, ਜੋ ਸਰਾਸਰ ਗਲਤ ਹੈ। ਪ੍ਰਸ਼ਾਸਨ ਵੱਲੋਂ ਕੀਤੀ ਇਸ ਕਾਰਵਾਈ 'ਤੇ ਸਿੱਖ ਜਥੇਬੰਦੀਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਿਸ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮਾਮਲੇ ਦੇ ਹੱਲ ਸਬੰਧੀ ਪ੍ਰਸ਼ਾਸਨ ਨਾਲ ਗੱਲਬਾਤ ਕਰਨ ਲਈ 3 ਮੈਂਬਰੀ ਕਮੇਟੀ ਬਣਾਈ ਹੈ, ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਾਜਿੰਦਰ ਸਿੰਘ ਮਹਿਤਾ, ਮੁੱਖ ਸਕੱਤਰ ਡਾ. ਰੂਪ ਸਿੰਘ ਤੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਨੂੰ ਸ਼ਾਮਲ ਕਰਦਿਆਂ ਇਸ ਕਮੇਟੀ ਦੇ ਕੋਆਰਡੀਨੇਟਰ ਸੁਖਦੇਵ ਸਿੰਘ ਭੂਰਾਕੋਹਨਾ ਨੂੰ ਬਣਾਇਆ ਗਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਸਬ-ਕਮੇਟੀ ਦੀ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਦੇ ਇਕੱਤਰਤਾ ਹਾਲ ਵਿਚ ਹੋਈ। ਇਕੱਤਰਤਾ ਤੋਂ ਬਾਅਦ ਸੀਨੀਅਰ ਮੀਤ ਪ੍ਰਧਾਨ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰੋਸ ਪ੍ਰਗਟ ਕਰ ਰਹੇ ਨੌਜੁਆਵਾਂ ਉੱਪਰ ਇਰਾਦਾ ਕਤਲ ਦੀ ਧਾਰਾ 307 ਤਹਿਤ ਮੁਕੱਦਮਾ ਦਰਜ਼ ਕਰਨਾ ਸਰਾਸਰ ਗਲਤ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਡਿਪਟੀ ਕਮਿਸ਼ਨਰ ਸਾਹਿਬ ਅੰਮ੍ਰਿਤਸਰ ਨੂੰ 24 ਜਨਵਰੀ 2020 ਨੂੰ ਮਿਲ ਕੇ ਸਿੱਖ ਭਾਵਨਾਵਾਂ ਅਨੁਸਾਰ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ ਜਾਵੇਗੀ। ਭਾਈ ਮਹਿਤਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਜਜ਼ਬਾਤਾਂ ਦੀ ਹਮੇਸ਼ਾ ਤਰਜ਼ਮਾਨੀ ਕਰਦੀ ਹੈ ਅਤੇ ਕਰਦੀ ਰਹੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਅਵਤਾਰ ਸਿੰਘ ਸੈਂਪਲਾ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਕੁਲਵਿੰਦਰ ਸਿੰਘ ਰਮਦਾਸ, ਚੀਫ਼ ਖ਼ਾਲਸਾ ਦੀਵਾਨ ਤੋਂ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਆਦਿ ਮੌਜੂਦ ਸਨ।

# ਕੁਸ਼ਲਦੀਪ ਢਿੱਲੋਂ ਵੱਲੋਂ ਡਿਜ਼ੀਟਲ ਮਿਊਜ਼ੀਅਮ ਦਾ ਉਦਘਾਟਨ




ਫਰੀਦਕੋਟ, 23 ਜਨਵਰੀ (ਗਿਆਨ ਸਿੰਘ): ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਅਤੇ ਫਰੀਦਕੋਟ ਤੋਂ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਅੱਜ ਇਥੋਂ ਦੀ ਨਵੀਂ ਦਾਣਾ ਮੰਡੀ ਵਿਖੇ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਡਿਜ਼ੀਟਲ ਮਿਊਜ਼ੀਅਮ ਦਾ ਉਦਘਾਟਨ ਕੀਤਾ। ਇਸ ਮੌਕੇ ਉਨਾਂ ਨੇ ਸਕੂਲੀ ਬੱਚਿਆਂ ਨਾਲ ਡਿਜ਼ੀਟਲ ਮਿਊਜ਼ੀਅਮ ਵੀ ਵੇਖਿਆ। ਉਨਾਂ ਕਿਹਾ ਕਿ ਇਹ ਪੰਜਾਬ ਸਰਕਾਰ ਦਾ ਬਹੁਤ ਵੱਡਾ ਉਪਰਾਲਾ ਹੈ ਜੋ ਬੱਚਿਆਂ ਅਤੇ ਆਮ ਲੋਕਾਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਬਾਰੇ ਅਤਿ ਆਧੁਨਿਕ ਅਤੇ ਡਿਜ਼ੀਟਲ ਤਕਨੀਕਾਂ ਨਾਲ ਜਾਣੂ ਕਰਵਾਇਆ ਜਾ ਰਿਹਾ ਹੈ।

ਉਨਾਂ ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਤਿੰਨ ਦਿਨ ਸਵੇਰੇ 7 ਤੋਂ ਸ਼ਾਮ 5 ਵਜੇ ਤੱਕ ਡਿਜੀਟਲ ਮਿਊਜੀਅਮ ਆਮ ਲੋਕਾਂ ਲਈ ਖੁੱਲਾ ਹੋਵੇਗਾ। ਇਸ ਵਿਚ ਦਾਖਲਾ ਬਿਲਕੁਲ ਮੁਫ਼ਤ ਹੈ। ਉਨਾਂ ਸਮੂਹ ਜ਼ਿਲਾ ਵਾਸੀਆਂ ਸਮੇਤ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਨੂੰ ਇਸ ਪ੍ਰੋਗਰਾਮ ਨੂੰ ਵੱਧ ਤੋਂ ਵੱਧ ਵੇਖਣ ਲਈ ਪੁੱਜਣ ਦਾ ਹਾਰਦਿਕ ਸੱਦਾ ਦਿੱਤਾ ਹੈ। ਉਨਾਂ ਕਿਹਾ ਕਿ ਇਹ ਪ੍ਰੋਗਰਾਮ ਆਮ ਲੋਕਾਂ ਤੇ ਖਾਸਕਰ ਸਾਡੀ ਨਵੀਂ ਪੀੜੀ ਲਈ ਬਹੁਤ ਹੀ ਲਾਹੇਵੰਦ ਹੈ। ਇਸ ਵਿਚ ਮਲਟੀ ਮੀਡੀਆ ਤਕਨੀਕਾਂ ਨਾਲ ਗੁਰੂ ਨਾਨਕ ਦੇਵ ਜੀ ਦੇ ਜੀਵਨ, ਸਿੱਖਿਆਵਾਂ ਨੂੰ ਰੂਪਮਾਨ ਕੀਤਾ ਗਿਆ ਹੈ।

ਉਨਾਂ ਹੋਰ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਤੋਂ ਬਿਨਾਂ ਮਿਤੀ 24 ਅਤੇ 25 ਜਨਵਰੀ 2020 ਨੂੰ ਦੋਵੇ ਦਿਨ ਸ਼ਾਮ ਨੂੰ 6 ਅਤੇ 7 ਵਜੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਨਵੀਂ ਦਾਣਾ ਮੰਡੀ ਫਰੀਦਕੋਟ ਵਿਖੇ ਹੋਵੇਗਾ। ਇਸ ਵਿਚ ਵੀ ਦਾਖਲਾ ਮੁਫ਼ਤ ਹੈ। ਇਸ ਲਾਈਟ ਐਂਡ ਸਾਊਂਡ ਪ੍ਰੋਗਰਾਮ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਦੇ ਵੱਖ ਵੱਖ ਪ੍ਰਸੰਗਾਂ ਨੂੰ ਅਤਿ ਆਧੁਨਿਕ ਤਕਨੀਕਾ ਨਾਲ ਰੂਪਮਾਨ ਕੀਤਾ ਜਾਵੇਗਾ। ਉਨਾ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਡਿਜੀਟਲ ਮਿਊਜੀਅਮ ਅਤੇ ਲਾਈਟ ਐਂਡ ਸਾਊਂਡ ਸ਼ੋਅ ਦਾ ਆਨੰਦ ਮਾਣਨ ਅਤੇ ਵੱਡਮੁੱਲੇ ਇਤਿਹਾਸ ਤੋਂ ਅਧੁਨਿਕ ਤਕਨੀਕਾਂ ਰਾਹੀਂ ਜਾਣੂ ਹੋਣ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਜੀਤ ਸਿੰਘ, ਡਾ. ਪੁਸ਼ਪਿੰਦਰ ਸਿੰਘ ਕੂਕਾ, ਜਿਲ੍ਹਾ ਮੰਡੀ ਅਫਸਰ ਮਨਜੀਤ ਸਿੰਘ, ਸਕੱਤਰ ਮਾਰਕਿਟ ਕਮੇਟੀ ਪ੍ਰਿਤਪਾਲ ਸਿੰਘ ਕੋਹਲੀ, ਐਸ.ਡੀ.ਓ. ਬੀ.ਐਂਡ ਆਰ. ਸਤੀਸ਼ ਗਰਗ, ਕਾਰਜ ਸਾਧਕ ਅਫਸਰ ਅਮ੍ਰਿੰਤਪਾਲ, ਚੀਫ ਸੈਨੇਟਰੀ ਇੰਸਪੈਕਟਰ ਹਰਵਿੰਦਰ ਪਾਲ ਸਿੰਘ, ਚਮਕੌਰ ਸਿੰਘ ਸੇਖੋਂ, ਬਲਜੀਤ ਸਿੰਘ ਗੋਰਾ, ਡਾ. ਜੰਗੀਰ ਸਿੰਘ, ਬਲਕਰਨ ਸਿੰਘ ਨੰਗਲ, ਕਰਮਜੀਤ ਸਿੰਘ ਟਹਿਣਾ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਟੀ ਏ ਬਿਲ ਦੇ ਵਿਵਾਦ ਵਿੱਚ ਅਫਸਰ ਨੇ ਕਲਰਕ ਅਤੇ ਡਰਾਈਵਰ ਉੱਤੇ ਗੋਲੀ ਚਲਾਈ



ਸੰਗਰੂਰ, 23 ਜਨਵਰੀ (ਪੋਸਟ ਬਿਊਰੋ)- ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਦਫਤਰ ਵਿੱਚ ਕੱਲ੍ਹ ਟੀ ਏ ਬਿਲ ਦੇ ਵਿਵਾਦ ਵਿੱਚ ਸੀਵਰੇਜ਼ ਬੋਰਡ ਸੰਗਰੂਰ ਦੇ ਸਰਕਲ ਬਰਨਾਲਾ ਵਿੱਚ ਐੱਸ ਡੀ ਓ ਨੇ ਗੋਲੀ ਚਲਾ ਦਿੱਤੀ, ਜਿਹੜੀ ਕਲਰਕ ਤੇ ਡਰਾਈਵਰ ਦੇ ਪੈਰਾਂ ਨੂੰ ਛੂਹ ਕੇ ਨਿਕਲ ਗਈ ਅਤੇ ਐੱਸ ਡੀ ਓ ਫਰਾਰ ਹੋ ਗਿਆ।

ਕਲਰਕ ਅਸ਼ੋਕ ਕੁਮਾਰ ਨੇ ਦੱਸਿਆ ਕਿ ਬਰਨਾਲ ਸਰਕਲ ਦਫਤਰ ਵਿੱਚ ਵਿੱਚ ਐਸ ਡੀ ਓ ਹਰਸ਼ਨਜੀਤ ਸਿੰਘ ਦੇ ਟੀ ਏ ਦਾ ਅੱਠ ਤੋਂ ਦਸ ਹਜ਼ਾਰ ਰੁਪਏ ਦਾ ਬਿਲ ਪਾਸ ਨਹੀਂ ਹੋਇਆ ਸੀ। ਬਿਲ ਪਾਸ ਕਰਾਉਣ ਲਈ ਐੱਸ ਡੀ ਓ ਨੇ ਉਸ ਨਾਲ 15 ਦਿਨ ਪਹਿਲਾਂ ਵੀ ਝਗੜਾ ਕੀਤਾ ਸੀ। ਉਹ ਬਿਲ ਪਾਸ ਕਰਨ ਦਾ ਦਬਾਅ ਬਣਾ ਰਿਹਾ ਸੀ। ਕੱਲ੍ਹ ਦੁਪਹਿਰ ਐੱਸ ਡੀ ਓ ਹਰਸ਼ਰਨਜੀਤ ਸਾਥੀਆਂ ਸਮੇਤ ਦਫਤਰ ਆਇਆ ਸੀ। ਓਥੇ ਐੱਸ ਡੀ ਓ ਨੇ ਉਸ ਨਾਲ ਬਿਲ ਬਾਰੇ ਝਗੜਾ ਕੀਤਾ ਅਤੇ ਇਸ ਦੌਰਾਨ ਹਰਸ਼ਰਨਜੀਤ ਨੇ ਆਪਣੀ ਰਿਵਾਲਵਰ 'ਚੋਂ ਜ਼ਮੀਨ ਉਤੇ ਫਾਇਰ ਕਰ ਦਿੱਤਾ, ਜਿਸ 'ਚੋਂ ਗੋਲੀ ਪਹਿਲਾਂ ਉਸ ਦੇ ਅਤੇ ਬਾਅਦ ਵਿੱਚ ਨੇੜੇ ਖੜ੍ਹੇ ਡਰਾਈਵਰ ਬਲਕਾਰ ਸਿੰਘ ਦੇ ਪੈਰਾਂ ਨੂੰ ਛੂਹ ਕੇ ਨਿਕਲ ਗਈ। ਮੌਕੇ 'ਤੇ ਪਹੁੰਚੇ ਐੱਸ ਐੱਚ ਓ ਗੁਰਭਜਨ ਸਿੰਘ ਨੇ ਜਾਂਚ ਸ਼ੁਰੂ ਕਰ ਦਿੱਤੀ। ਅਸ਼ੋਕ ਕੁਮਾਰ ਦੇ ਬਿਆਨਾਂ 'ਤੇ ਹਰਸ਼ਰਨਜੀਤ ਅਤੇ ਉਸ ਦੇ ਤਿੰਨ ਅਣਪਛਾਤੇ ਸਾਥੀਆਂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਜਾਂਚ ਕਰ ਰਹੀ ਹੈ।

# ਜ਼ਿਲ੍ਹਾ ਪ੍ਰੀਸ਼ਦ ਮੋਗਾ ਦੀਆਂ ਪੇਂਡੂ ਸਿਹਤ ਡਿਸਪੈਸਰੀਆਂ ਨੂੰ ਦਵਾਈਆਂ ਦੀ ਵੰਡ



ਮੋਗਾ, 23 ਜਨਵਰੀ (ਗਿਆਨ ਸਿੰਘ): ਪੰਜਾਬ ਸਰਕਾਰ ਪੇਂਡੂ ਲੋਕਾਂ ਨੂੰ ਵਧੀਆਂ ਸਿਹਤ ਸਹੂਲਤਾਂ ਉਪਲੱਬਧ ਕਰਵਾਉਣ ਲਈ ਵਚਨਬੱਧ ਹੈ। ਪੰਜਾਬ ਸਰਕਾਰ ਨੇ ਪੰਜਾਬ ਦੇ ਲੋਕਾਂ ਦੀ ਤੰਦਰੁਸਤੀ ਨੂੰ ਮੁੱਖ ਰੱਖਦਿਆਂ ਤੰਦਰੁਸਤ ਪੰਜਾਬ ਵਰਗੀਆਂ ਮੁਹਿੰਮਾਂ ਰਾਹੀ ਪੰਜਾਬ ਵਿੱਚੋ ਮਿਲਾਵਟਖੋਰੀ ਖਤਮ ਕਰਨ ਲਈ ਅਤੇ ਪੰਜਾਬ ਵਾਸੀਆਂ ਨੂੰ ਸੁੱਧ ਚੀਜਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਵਧੀਆ ਖਾਣ ਪੀਣ ਵਾਲੀਆਂ ਵਸਤੂਆਂ ਨੂੰ ਲੋਕਾਂ ਤੱਕ ਪਹੁੰਚਾਉਣ ਨੂੰ ਵੀ ਯਕੀਨੀ ਬਣਾਇਆ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਮੋਗਾ ਇੰਦਰਜੀਤ ਸਿੰਘ (ਤਲਵੰਡੀ ਭੰਗੇਰੀਆਂ) ਨੇ ਜ਼ਿਲ੍ਹਾ ਪ੍ਰੀਸ਼ਦ ਮੋਗਾ ਅਧੀਨ ਚੱਲ ਰਹੀਆਂ 52 ਪੇਡੂ ਸਿਹਤ ਡਿਸਪੈਸਰੀਆਂ ਨੂੰ 3 ਲੱਖ 31 ਹਜ਼ਾਰ 559 ਰੁਪਏ ਦੀਆਂ 22 ਕਿਸਮ ਦੀਆਂ ਦਵਾਈਆਂ ਵੰਡਣ ਸਮੇ ਕੀਤਾ, ਤਾਂ ਜੋ ਪੇਡੂ ਲੋਕਾਂ ਦੀ ਸਿਹਤ ਦਾ ਧਿਆਨ ਰੱਖਿਆ ਜਾਵੇ।

ਇਸ ਮੌਕੇ ਤੇ ਨੋਡਲ ਅਫ਼ਸਰ ਜ਼ਿਲ੍ਹਾ ਪ੍ਰੀਸ਼ਦ ਮੋਗਾ ਡਾ. ਰਕੇਸ਼ ਅਰੋੜਾ,ਸਾਂਰਗ ਸੁਪਰਡੈਟ ਜ਼ਿਲ੍ਹਾ ਪ੍ਰੀਸ਼ਦ ਮੋਗਾ ਸੁਨੀਲ, ਫਾਰਮਾਸਿਸਟ ਅਵਤਾਰ ਸਿੰਘ ਧੱਲੇਕੇ, ਗੁਰਤੇਜ਼ ਸਿੰਘ, ਰੁਪਿੰਦਰ ਰਾੜ, ਸੁਖਮੰਦਰ ਸਿੰਘ, ਹਰਪ੍ਰੀਤ ਸਿੰਘ, ਵਿਜੈ ਧਵਸ , ਬਲਜਿੰਦਰ ਸਿੰਘ ਧੱਲੇਕੇ ਹਾਜ਼ਰ ਸਨ।

# ਅਕਾਲੀ ਦਲ ਨੂੰ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਦੀ ਕੋਈ ਚਿੰਤਾ ਨਹੀਂ : ਬਾਵਾ



ਲੁਧਿਆਣਾ, 23 ਜਨਵਰੀ (ਗਿਆਨ ਸਿੰਘ): ਪੰਜਾਬ ਰਾਜ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਨੇ ਕਿਹਾ ਕਿ ਹੁਣ ਤਾਂ ਅਕਾਲੀ ਦਲ ਨੂੰ ਕੇਵਲ ਇਸ ਗੱਲ ਦੀ ਚਿੰਤਾ ਹੈ ਕਿ ਬੀਬੀ ਹਰਸਿਮਰਤ ਕੌਰ ਬਾਦਲ ਦੀ ਵਜੀਰੀ ਕਿਸ ਤਰ੍ਹਾਂ ਸਲਾਮਤ ਰਹਿ ਸਕਦੀ ਹੈ । ਸੁਖਬੀਰ ਬਾਦਲ ਸਮੇਤ ਕਿਸੇ ਵੀ ਅਕਾਲੀ ਨੇਤਾ ਨੂੰ ਨਾ ਤਾਂ ਸੰਵਿਧਾਨ ਅਤੇ ਨਾ ਹੀ ਲੋਕਤੰਤਰ ਦੀ ਕੋਈ ਚਿੰਤਾ ਹੈ । ਬਾਵਾ ਨੇ ਕਿਹਾ ਕਿ ਵਿਵਾਦਿਤ ਨਾਗਰਿਕਤਾ ਸੰਸੋਧਨ ਕਾਨੂੰਨ ਨੂੰ ਲੈ ਕੇ ਦੇਸ਼ ਭਰ ਵਿੱਚ ਹੋ ਰਹੇ ਰੋਸ ਪ੍ਰਦਰਸ਼ਨਾਂ ਨਾਲ ਭਾਰਤ ਦੇ ਵਜੂਦ ਨੂੰ ਅੰਤਰ-ਰਾਸ਼ਟਰੀ ਪੱਧਰ ਤੇ ਧੱਕਾ ਲੱਗਾ ਹੈ । ਉਹਨਾਂ ਕਿਹਾ ਕਿ ਭਾਰਤ ਲੋਕਤੰਤਰ ਸੂਚਕ ਅੰਕ ਵਿੱਚ 10 ਅੰਕ ਹੇਠਾਂ ਆ ਗਿਆ ਹੈ । ਉਹਨਾਂ ਕਿਹਾ ਕਿ ਡਾ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਹੋਣ ਸਮੇਂ ਸੂਚਕ ਅੰਕ ਸੱਭ ਤੋਂ ਉਪਰ ਸੀ ਪਰੰਤੂ 2019 ਵਿੱਚ ਇਹ ਸਭ ਤੋਂ ਹੇਠਾਂ ਆ ਗਿਆ । ਜੋ ਹਰ ਭਾਰਤੀ ਦੇ ਲਈ ਚਿੰਤਾ ਦਾ ਵਿਸ਼ਾ ਹੈ । ਜਿਸਦੇ ਲਈ ਸਿੱਧੇ ਤੌਰ ਤੇ ਭਾਜਪਾ ਸਰਕਾਰ ਕਸੂਰਵਾਰ ਹੈ । ਉਹਨਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਦੀ ਸੱਚਾਈ, ਸਪੱਸ਼ਟਤਾ ਅਤੇ ਦ੍ਰਿੜਤਾ ਹੀ ਉਹਨਾਂ ਦੇ ਅਕਸ ਨੂੰ ਉੱਚਾ ਕਰਦੀ ਹੈ । ਉਹਨਾਂ ਕਿਹਾ ਕਿ ਪੰਜਾਬ ਵਿੱਚ ਅਕਾਲੀ ਭਾਜਪਾ ਦੀ ਸਰਕਾਰ ਨੇ 10 ਸਾਲਾਂ ਤੱਕ ਇਸ ਤਰ੍ਹਾਂ ਸਾਸ਼ਨ ਕੀਤਾ ਜਿਸ ਤਰ੍ਹਾਂ ਅੱਗੇ ਤੋਂ ਰਾਜ ਕਰਨ ਦੇ ਸੁਪਨੇ ਤਿਆਗ ਦਿੱਤੇ ਹੋਣ । ਬਾਦਲ ਸਰਕਾਰ ਨੇ ਹਰ ਖੇਤਰ ਵਿੱਚ ਹੀ ਪੰਜਾਬ ਦਾ ਭਾਰੀ ਨੁਕਸਾਨ ਕੀਤਾ ਅਤੇ ਬਿਜਲੀ ਦੇ ਖੇਤਰ ਵਿੱਚ ਕੀਤੇ ਫੈਸਲੇ ਪੰਜਾਬੀਆਂ ਦੇ ਲਈ ਨਮੂਨੇ ਬਣ ਕੇ ਰਹਿ ਗਏ ਹਨ ।

ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install
Garage Door Openers
• ਕਾਲ ਕਰੋ: 416-357-4082 •


# ਰੈੱਡ ਕਰਾਸ ਮੋਗਾ ਵੱਲੋਂ ਸਪੈਸ਼ਲ ਬੱਚਿਆਂ ਦਾ ਸਮਾਰੋਹ



ਮੋਗਾ, 23 ਜਨਵਰੀ (ਗਿਆਨ ਸਿੰਘ): ਅੱਜ ਡਿਪਟੀ ਕਮਿਸ਼ਨਰ ਮੋਗਾ ਸੰਦੀਪ ਹੰਸ ਵੱਲੋ ਸਰਕਾਰੀ ਪ੍ਰਾਇਮਰੀ ਸਕੂਲ ਗੋਧੇਵਾਲਾ, ਮੋਗਾ ਵਿਖੇ, ਸਪੈਸ਼ਲ ਬੱਚਿਆਂ ਦਾ ਸਨਮਾਨ ਸਮਾਰੋਹ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਸਨਮਾਨ ਸਮਾਰੋਹ ਸਮਾਜਿਕ ਸੁਰੱਖਿਆ ਅਤੇ ਇਸਤਰੀ 'ਤੇ ਬਾਲ ਵਿਕਾਸ ਵਿਭਾਗ, ਪੰਜਾਬ, ਜਿਲ੍ਹਾ ਪ੍ਰਸ਼ਾਸਨ ਮੋਗਾ ਅਤੇ ਰੈੱਡ ਕਰਾਸ ਮੋਗਾ ਦੇ ਸਾਂਝੇ ਤੌਰ ਤੇ ਕੀਤੇ ਗਏ ਯਤਨਾਂ ਸਦਕਾ ਕਰਵਾਇਆ ਗਿਆ।

ਡਿਪਟੀ ਕਮਿਸ਼ਨਰ ਸੰਦੀਪ ਹੰਸ ਵੱਲੋ ਇਸ ਮੌਕੇ ਸਪੈਸ਼ਲ ਬੱਚਿਆਂ ਨੂੰ ਕੋਟੀਆਂ, ਜੁਰਾਬਾਂ, ਦਸਤਾਨੇ, ਟੋਪੀਆਂ ਦੇ ਕੇ ਸਨਮਾਨਤ ਕੀਤਾ ਗਿਆ। ਇਸ ਸਮਾਰੋਹ ਵਿੱਚ ਸਪੈਸ਼ਲ ਬੱਚਿਆਂ ਵੱਲੋ ਵੱਖੋ-ਵੱਖ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤੇ ਗਏ ਜਿੰਨ੍ਹਾਂ ਵਿੱਚ ਰੈੱਡ ਕਰਾਸ ਸਕੂਲ ਦੇ ਬੱਚੇ, ਪ੍ਰਕਾਸ਼ ਸਪੈਸ਼ਲ ਸਕੂਲ ਮੋਗਾ, ਅੰਬਿਕਾ ਸਪੈਸ਼ਲ ਸਕੂਲ ਮੋਗਾ ਅਤੇ ਸਬੰਧਤ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ। ਇਸ ਸਮਾਰੋਹ ਵਿੱਚ ਇਨ੍ਹਾਂ ਸਕੂਲਾਂ ਦੇ ਸਟਾਫ ਮੈਬਰ ਵੀ ਹਾਜ਼ਰ ਸਨ। ਇਸ ਸਮਾਰੋਹ ਵਿੱਚ ਡਿਪਟੀ ਕਮਿਸ਼ਨਰ ਨੇ ਸਪੈਸ਼ਲ ਸਕੂਲ ਦੇ ਅਧਿਆਪਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਨ੍ਹਾਂ ਸਪੈਸ਼ਲ ਬੱਚਿਆਂ ਦਾ ਵਿਸੇਸ ਤੌਰ ਤੇ ਖਿਆਲ ਰੱਖਿਆ ਜਾਵੇ ਅਤੇ ਇਨ੍ਹਾਂ ਦੀਆਂ ਮੁਸ਼ਕਿਲਾਂ ਵੱਲ ਵਿਸੇਸ਼ ਤੌਰ ਤੇ ਧਿਆਨ ਦਿੱਤਾ ਜਾਵੇ।

ਇਸ ਸਮਾਰੋਹ ਵਿੱਚ ਰਾਜਕਿਰਨ ਕੌਰ ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਮੋਗਾ ਰੈੱਡ ਕਰਾਸ ਸੈਕਟਰੀ ਡਾ. ਚੇਤਨ ਹੰਸ, ਪ੍ਰੇਮ ਭੂਸ਼ਨ ਸਕੱਤਰ ਵੈੱਲ ਫੇਅਰ ਐਸੋਸੀਏਸ਼ਨ ਫਾਰ ਫਿਜੀਕਲ ਚੈਲਿੰਜਡ ਮੋਗਾ, ਸਿਵਲ ਸਰਜਨ ਮੋਗਾ, ਸਰਕਾਰੀ ਪ੍ਰਾਇਮਰੀ ਸਕੂਲ ਦੇ ਹੈੱਡਮਾਸਟਰ ਗੋਧੇਵਾਲਾ ਆਦਿ ਹਾਜ਼ਰ ਸਨ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ

132''
88''
8 Seated Sofa
ਕਰਤਾਰ ਫਰਨੀਚਰ
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਘਾਤਕ ਵਾਇਰਲ ਕੋਰੋਨਾਵਾਇਰਸ ਨੂੰ ਹੋਰ ਫੈਲਣ ਤੋਂ ਰੋਕਣ ਲਈ ਚੀਨ ਨੇ ਬੰਦ ਕੀਤਾ ਪੂਰਾ ਸ਼ਹਿਰ

...ਪੰਨਾ 1 ਦਾ ਬਾਕੀ

ਇਸ ਬੰਦ ਤੋਂ ਬਾਅਦ ਪੋਸਟ ਕੀਤੀਆਂ ਗਈਆਂ ਆਨਲਾਈਨ ਤਸਵੀਰਾਂ ਵਿੱਚ ਨਜ਼ਰ ਆਇਆ ਕਿ ਲੋਕ ਲੰਮੀਆਂ ਲੰਮੀਆਂ ਲਾਈਨਾਂ ਲਾ ਕੇ ਖੜ੍ਹੇ ਹਨ ਤੇ ਸੁਪਰਮਾਰਕਿਟਸ ਦੀਆਂ ਸ਼ੈਲਫਾਂ ਖਾਲੀ ਪਈਆਂ ਹਨ। ਇਸ ਤਰ੍ਹਾਂ ਸ਼ਹਿਰ ਨੂੰ ਅਲੱਗ ਥਲੱਗ ਕੀਤੇ ਜਾਣ ਕਾਰਨ ਲੋਕਾਂ ਵੱਲੋਂ ਜੋ ਵੀ ਜ਼ਰੂਰਤ ਦਾ ਸਮਾਨ ਹੈ ਉਸ ਨੂੰ ਇੱਕਠਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਚੀਨ ਵਿੱਚ ਵਿਸ਼ਵ ਸਿਹਤ ਸੰਸਥਾ (ਡਬਲਿਊਐਚਓ)ਦੇ ਨੁਮਾਇੰਦੇ ਗਾਡਨ ਗੇਲੀਆ ਨੇ ਆਖਿਆ ਕਿ ਉਨ੍ਹਾਂ ਦੇ ਹਿਸਾਬ ਨਾਲ 11 ਮਿਲੀਅਨ ਆਬਾਦੀ ਵਾਲੇ ਸ਼ਹਿਰ ਨੂੰ ਠੱਪ ਕਰ ਦੇਣਾ ਅਲੋਕਾਰੀ ਗੱਲ ਹੈ। ਡਬਲਿਊਐਚਓ ਦੇ ਬੀਜਿੰਗ ਸਥਿਤ ਆਫਿਸ ਤੋਂ ਦਿੱਤੀ ਇੰਟਰਵਿਊ ਵਿੱਚ ਗੇਲੀਆ ਨੇ ਆਖਿਆ ਕਿ ਜਨਤਕ ਸਿਹਤ ਮਾਪਦੰਡ ਵਜੋਂ ਇਸ ਤਰ੍ਹਾਂ ਦਾ ਨੁਸਖਾ ਪਹਿਲਾਂ ਕਦੇ ਨਹੀਂ ਅਪਨਾਇਆ ਗਿਆ ਹੈ। ਉਨ੍ਹਾਂ ਆਖਿਆ ਕਿ ਹਾਲ ਦੀ ਘੜੀ ਇਹ ਮਾਪਦੰਡ ਕੰਮ ਕਰਨਗੇ ਜਾਂ ਨਹੀਂ ਇਸ ਬਾਰੇ ਕੁਝ ਨਹੀਂ ਆਖਿਆ ਜਾ ਸਕਦਾ।

ਸਥਾਨਕ ਅਧਿਕਾਰੀਆਂ ਨੇ ਸਾਰੇ ਵਾਸੀਆਂ ਨੂੰ ਜਨਤਕ ਥਾਂਵਾਂ ਉੱਤੇ ਮਾਸਕ ਪਾ ਕੇ ਰੱਖਣ ਦੀ ਤਾਕੀਦ ਕੀਤੀ ਹੈ ਤੇ ਸਰਕਾਰੀ ਅਮਲੇ ਨੂੰ ਵੀ ਕੰਮ ਵਾਲੀ ਥਾਂ ਉੱਤੇ ਮਾਸਕ ਪਾ ਕੇ ਰੱਖਣ ਦੀ ਹਦਾਇਤ ਕਰਨ ਲਈ ਆਖਿਆ ਗਿਆ ਹੈ। ਇਸ ਤੋਂ ਇਲਾਵਾ ਦੁਕਾਨਦਾਰਾਂ ਨੂੰ ਆਪਣੇ ਵਿਜ਼ੀਟਰਜ਼ ਲਈ ਸਾਈਨ ਪੋਸਟ ਕਰਨ ਲਈ ਵੀ ਆਖਿਆ ਗਿਆ ਹੈ। ਇਹ ਜਾਣਕਾਰੀ ਜ਼ਿਨਹੁਆ ਖਬਰ ਏਜੰਸੀ ਵੱਲੋਂ ਦਿੱਤੀ ਗਈ।

ਸ਼ਹਿਰ ਵਿੱਚ ਸਾਰੀਆਂ ਥਾਂਵਾਂ ਉੱਤੇ ਰੇਲਵੇ ਸਟੇਸ਼ਨ, ਏਅਰਪੋਰਟ, ਸਬਵੇਅਜ਼, ਫੇਰੀਜ਼ ਤੇ ਲੰਮੀਂ ਦੂਰੀ ਤੈਅ ਕਰਨ ਵਾਲੀਆਂ ਸ਼ਟਲ ਬੱਸਾਂ ਬੰਦ ਕਰ ਦਿੱਤੀਆਂ ਗਈਆਂ ਹਨ। ਕੇਂਦਰੀ ਚੀਨ ਦੇ ਹੁਬੇਈ ਪ੍ਰੋਵਿੰਸ ਲਈ ਇਹ ਸ਼ਹਿਰ ਇੰਡਸਟਰੀਅਲ ਤੇ ਟਰਾਂਸਪੋਰਟੇਸ਼ਨ ਦਾ ਗੜ੍ਹ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਦੇ ਹੀ ਕਦਮ ਵੂਹਾਨ ਦੇ ਨਾਲ ਲੱਗਦੀ ਸਿਟੀ ਵਿੱਚ ਚੁੱਕੇ ਜਾ ਰਹੇ ਹਨ। ਇੱਥੇ ਵੀ ਜਨਤਕ ਟਰਾਂਸਪੋਰਟ, ਥਿਏਟਰ, ਇੰਟਰਨੈਟ ਕੈਫੇ ਤੇ ਮਨੋਰੰਜਨ ਵਾਲੀਆਂ ਹੋਰ ਥਾਂਵਾਂ ਵੀ ਸ਼ੁੱਕਰਵਾਰ ਤੋਂ ਬੰਦ ਰਹਿਣਗੀਆਂ।

ਨਵੀਂ ਤਰ੍ਹਾਂ ਦਾ ਇਹ ਕੋਰੋਨਾਵਾਇਰਸ ਪਹਿਲੀ ਵਾਰੀ ਪਿਛਲੇ ਮਹੀਨੇ ਵੂਹਾਨ ਵਿੱਚ ਸਾਹਮਣੇ ਆਇਆ। ਇਸ ਹੀ ਸਿਟੀ ਵਿੱਚ ਹੀ ਇਸ ਵਾਇਰਸ ਦੇ 571 ਮਾਮਲੇ ਸਾਹਮਣੇ ਆਏ ਹਨ। ਬਾਕੀ ਹੋਰ ਮਾਮਲੇ ਥਾਈਲੈਂਡ, ਅਮਰੀਕਾ, ਜਾਪਾਨ ਤੇ ਦੱਖਣੀ ਕੋਰੀਆ ਵਿੱਚ ਸਾਹਮਣੇ ਆਏ ਹਨ। ਵੀਰਵਾਰ ਨੂੰ ਇੱਕ ਕੇਸ ਦੀ ਹਾਂਗਕਾਂਗ ਵਿੱਚ ਤੇ ਇੱਕ ਹੋਰ ਮਾਮਲੇ ਦੀ ਮਕਾਓ ਵਿੱਚ ਪੁਸ਼ਟੀ ਹੋਈ। ਚੀਨ ਤੋਂ ਬਾਹਰ ਪਾਏ ਜਾਣ ਵਾਲੇ ਇਹ ਮਾਮਲੇ ਉਨ੍ਹਾਂ ਲੋਕਾਂ ਦੇ ਹਨ ਜਿਹੜੇ ਜਾਂ ਤਾਂ ਵੂਹਾਨ ਸਿਟੀ ਤੋਂ ਹੀ ਤੇ ਜਾਂ ਫਿਰ ਉੱਥੇ ਜਾ ਕੇ ਪਰਤੇ ਹਨ।

ਹੁਣ ਤੱਕ ਇਸ ਵਾਇਰਸ ਕਾਰਨ 17 ਲੋਕ ਮਾਰੇ ਜਾ ਚੁੱਕੇ ਹਨ ਤੇ ਇਹ ਸਾਰੇ ਹੀ ਜਾਂ ਤਾਂ ਵੂਹਾਨ ਵਿੱਚ ਰਹਿੰਦੇ ਸਨ ਜਾਂ ਉਸ ਦੇ ਆਲੇ ਦੁਆਲੇ ਵਾਲੇ ਇਲਾਕੇ ਵਿੱਚ ਰਹਿੰਦੇ ਸਨ। ਮਰਨ ਵਾਲਿਆਂ ਦੀ ਔਸਤ ਉਮਰ 73 ਸਾਲ ਸੀ, ਇਨ੍ਹਾਂ ਵਿੱਚ ਸਭ ਤੋਂ ਵੱਡੀ ਉਮਰ ਦਾ ਵਿਅਕਤੀ 89 ਸਾਲ ਦਾ ਤੇ ਨਿੱਕੀ ਉਮਰ ਦਾ ਵਿਅਕਤੀ 48 ਸਾਲ ਦਾ ਹੈ।

# ਕੋਰੋਨਾਵਾਇਰਸ ਦੇ ਲੱਛਣਾਂ ਦਾ ਪਤਾ ਲਾਉਣ ਲਈ ਕੈਨੇਡਾ ’ਚ ਕਈ ਵਿਅਕਤੀ ਨਿਗਰਾਨੀ ਹੇਠ : ਸਿਹਤ ਮੰਤਰੀ

...ਪੰਨਾ 1 ਦਾ ਬਾਕੀ

ਵੀਰਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਲਿਬਰਲ ਐਮਪੀਜ਼ ਦੀ ਮੀਟਿੰਗ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਾਜ਼ਦੂ ਨੇ ਆਖਿਆ ਕਿ ਹਾਲ ਦੀ ਘੜੀ ਕੈਨੇਡਾ ਵਿੱਚ ਕੋਰੋਨਾਵਾਇਰਸ ਦਾ ਕੋਈ ਵੀ ਪਾਜ਼ੀਟਿਵ ਕੇਸ ਨਹੀਂ ਮਿਲਿਆ ਹੈ। ਕੈਨੇਡੀਅਨਾਂ ਨੂੰ ਇਸ ਦਾ ਖਤਰਾ ਘੱਟ ਹੀ ਹੈ।

ਕਿਊਬਿਕ ਦੀ ਪਬਲਿਕ ਹੈਲਥ ਅਥਾਰਟੀ ਦੇ ਮੁਖੀ ਨੇ ਆਖਿਆ ਕਿ ਸੰਭਾਵੀ ਖਤਰੇ ਕਾਰਨ ਕਿਊਬਿਕ ਵਿੱਚ ਪੰਜ ਵਿਅਕਤੀਆਂ ਨੂੰ ਨਿਗਰਾਨੀ ਹੇਠ ਰੱਖਿਆ ਗਿਆ ਹੈ। ਡਾ. ਹੋਰੈਸਿਓ ਅਰੂਡਾ ਨੇ ਆਖਿਆ ਕਿ ਮਾਂਟਰੀਅਲ ਤੇ ਕਿਊਬਿਕ ਸਿਟੀ ਤੋਂ ਪੰਜ ਵਿਅਕਤੀ ਚੀਨ ਦਾ ਦੌਰਾ ਕਰਕੇ ਆਏ ਹਨ ਤੇ ਇਸ ਲਈ ਇਹ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਹੋ ਸਕਦਾ ਹੈ ਕਿ ਉਹ ਗਲਤੀ ਨਾਲ ਕੋਰੋਨਾਵਾਇਰਸ ਦੇ ਸੰਪਰਕ ਵਿੱਚ ਆ ਗਏ ਹੋਣ।

ਜ਼ਿਕਰਯੋਗ ਹੈ ਕਿ ਕੋਰੋਨਾਵਾਇਰਸ ਕਾਰਨ ਚੀਨ ਵਿੱਚ ਹੁਣ ਤੱਕ 17 ਵਿਅਕਤੀ ਮਾਰੇ ਜਾ ਚੁੱਕੇ ਹਨ। ਇੱਥੇ ਹੀ ਬੱਸ ਨਹੀਂ ਇਸ ਬਿਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਪੂਰੇ ਦੇ ਪੂਰੇ ਵੂਹਾਨ ਸ਼ਹਿਰ ਨੂੰ ਬੰਦ ਕਰ ਦਿੱਤਾ ਗਿਆ ਹੈ। ਦੂਜੇ ਪਾਸੇ ਵਿਸ਼ਵ ਸਿਹਤ ਸੰਸਥਾ ਇਸ ਨੂੰ ਹੈਲਥ ਐਮਰਜੰਸੀ ਐਲਾਨਣ ਨੂੰ ਲੈ ਕੇ ਸ਼ਸ਼ੋਪੰਜ ਵਿੱਚ ਹੈ। ਇੱਕਲੇ ਚੀਨ ਵਿੱਚ ਹੀ ਇਸ ਨਾਲ 500 ਵਿਅਕਤੀ ਪ੍ਰਭਾਵਿਤ ਹੋ ਚੁੱਕੇ ਹਨ। ਕਈ ਹੋਰਨਾਂ ਦੇਸ਼ਾਂ ਵਿੱਚ ਵੀ ਕੋਰੋਨਾਵਾਇਰਸ ਦੇ ਇੱਕਾ ਦੁੱਕਾ ਮਾਮਲੇ ਸਾਹਮਣੇ ਆ ਰਹੇ ਹਨ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਅਸੀਂ ਇਸ ਮਾਮਲੇ ਨੂੰ ਪੂਰੀ ਗੰਭੀਰਤਾ ਨਾਲ ਲੈ ਰਹੇ ਹਾਂ। ਉਨ੍ਹਾਂ ਆਖਿਆ ਕਿ ਕੈਨੇਡੀਅਨਾਂ ਨੂੰ ਸੁਰੱਖਿਅਤ ਰੱਖਣ ਲਈ ਕਿਸੇ ਵੀ ਤਰ੍ਹਾਂ ਦੇ ਨਵੇਂ ਮਾਪਦੰਡ ਅਪਨਾਉਣ ਤੇ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰਨ ਵਾਸਤੇ ਅਸੀਂ ਪੂਰਾ ਜ਼ੋਰ ਲਾ ਰਹੇ ਹਾਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਪਾਰਕ ਦੀ ਜ਼ਮੀਨ ਵੇਚਣ ਵਾਲੇ ਦੋ ਨਿਗਮ ਮੁਲਾਜ਼ਮ ਕਾਬੂ

ਅਬੋਹਰ, 23 ਜਨਵਰੀ (ਪੋਸਟ ਬਿਊਰੋ)- ਧਰਮ ਨਗਰੀ ਇਲਾਕੇ ਦੇ ਪਾਰਕ ਦੀ ਜ਼ਮੀਨ ਵੇਚਣ ਦੇ ਮਾਮਲੇ ਵਿੱਚ ਨਗਰ ਨਿਗਮ ਦੇ ਦੋ ਮੁਲਾਜ਼ਮ ਗ੍ਰਿਫਤਾਰ ਕੀਤੇ ਗਏ ਹਨ। ਸਾਲ 2015 ਵਿੱਚ ਪਾਰਕ ਦੀ ਜ਼ਮੀਨ ਕੌਂਸਲਰ ਦੇ ਭਰਾ ਨੂੰ ਵੇਚੀ ਗਈ ਸੀ। ਦੋਵੇਂ ਮੁਲਾਜ਼ਮ ਦੇਸ਼ਬੰਧੂ ਅਤੇ ਸੁਨਹਿਰੀ ਪਾਲ ਨਿਗਮ ਦੀ ਮਿਊਂਸੀਪਲ ਇੰਜੀਨੀਅਰ ਬ੍ਰਾਂਚ ਵਿੱਚ ਜੂਨੀਅਰ ਅਸਿਸਟੈਂਟ ਦੇ ਅਹੁਦੇ 'ਤੇ ਤੈਨਾਤ ਸਨ। ਓਦੋਂ ਹਾਲੇ ਅਬੋਹਰ ਨਗਰ ਨਿਗਮ ਨਹੀਂ ਬਣਿਆ ਸੀ।

ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਪ੍ਰਮਿਲ ਕਲਾਨੀ, ਭਾਜਪਾ ਦੇ ਸਾਬਕਾ ਪ੍ਰਧਾਨ ਰਾਕੇਸ਼ ਛਾਬੜਾ ਉਰਫ ਟੀਟੂ ਅਤੇ ਉਸ ਦੇ ਭਰਾ ਨਰੇਸ਼ ਛਾਬੜਾ ਦੇ ਖਿਲਾਫ ਸਿਟੀ ਥਾਣਾ ਇੱਕ ਵਿੱਚ ਪਾਰਕ ਦੀ ਅਲਾਟ ਜ਼ਮੀਨ ਵੇਚਣ ਕਾਰਨ 11 ਸਤੰਬਰ 2019 ਨੂੰ ਕੇਸ ਦਰਜ ਹੋਇਆ ਸੀ। ਧਰਮ ਨਗਰੀ ਦੇ ਸੁਨੀਲ ਬਿਸ਼ਨੋਈ ਨੇ ਜ਼ਿਲਾ ਪੁਲਸ ਮੁਖੀ ਨੂੰ ਸ਼ਿਕਾਇਤ ਦਿੱਤੀ ਸੀ ਕਿ ਸਾਢੇ ਤਿੰਨ ਕਨਾਲ ਜ਼ਮੀਨ ਨਗਰ ਕੌਂਸਲ ਨੇ 15 ਫਰਵਰੀ 2011 ਨੂੰ ਅਲਾਟ ਕੀਤੀ ਸੀ। ਫਿਰ ਓਦੋਂ ਦੇ ਪ੍ਰਧਾਨ ਅਤੇ ਕੌਂਸਲਰ ਦੀ ਮਿਲੀਭੁਗਤ ਨਾਲ 25 ਮਈ 2015 ਨੂੰ ਕੌਂਸਲ ਦੀ ਬੈਠਕ ਵਿੱਚ ਸਬੂਤ ਛਿਪਾ ਕੇ ਵੇਚਣ ਦਾ ਮਤਾ ਪਾਸ ਕਰ ਦਿੱਤਾ ਗਿਆ। ਇਸ ਨਾਲ ਜ਼ਮੀਨ ਕੌਂਸਲਰ ਦੇ ਭਰਾ ਨਰੇਸ਼ ਛਾਬੜਾ ਨੂੰ 56 ਲੱਖ ਵਿੱਚ ਵੇਚ ਦਿੱਤੀ ਗਈ ਅਤੇ ਇਥੇ ਲੱਗੇ ਝੂਲੇ ਉਖਾੜ ਦਿੱਤੇ ਗਏ। ਲੋਕਾਂ ਨੇ ਹਾਈ ਕੋਰਟ ਵਿੱਚ ਪਟੀਸ਼ਨ ਕੀਤੀ ਤਾਂ ਹਾਈ ਕੋਰਟ ਨੇ ਡਿਪਟੀ ਕਮਿਸ਼ਨਰ ਫਾਜ਼ਿਲਕਾ ਨੂੰ ਕਾਰਵਾਈ ਦੇ ਹੁਕਮ ਦਿੱਤੇ ਸਨ। ਲੋਕਲ ਬਾਡੀਜ਼ ਵਿਭਾਗ ਨੇ ਪ੍ਰਮਿਲ ਕਲਾਨੀ ਨੂੰ ਦੋਸ਼ੀ ਠਹਿਰਾਇਆ ਤੇ 18 ਜੁਲਾਈ 2018 ਨੂੰ ਉਸ ਨੂੰ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਡੀ ਸੀ ਫਾਜ਼ਿਲਕਾ ਨੇ ਜ਼ਮੀਨ ਵੇਚਣ ਦਾ ਮਤਾ ਰੱਦ ਕਰ ਦਿੱਤਾ ਸੀ। ਪ੍ਰਿੰਸੀਪਲ ਸੈਕਟਰੀ ਲੋਕਲ ਬਾਡੀਜ਼ ਨੇ ਇਸੇ ਕੇਸ ਵਿੱਚ ਸੁਨੀਲ ਡੋਡਾ ਦੀ ਸ਼ਿਕਾਇਤ 'ਤੇ ਬੋਲੀਦਾਤਾ ਨਰੇਸ਼ ਛਾਬੜਾ ਵੱਲੋਂ ਜਮ੍ਹਾ ਕਰਵਾਈ ਰਾਸ਼ੀ 18 ਫੀਸਦੀ ਵਿਆਜ ਸਮੇਤ ਮੋੜਨ ਦੇ ਹੁਕਮ ਦਿੱਤੇ ਸਨ। ਜਾਂਚ ਦੌਰਾਨ ਓਦੋਂ ਕਾਰਜਕਾਰੀ ਅਧਿਕਾਰੀ ਰਾਜੇਸ਼ ਸ਼ਰਮਾ ਨੇ ਕਿਹਾ ਸੀ ਕਿ ਦੋਵਾਂ ਮੁਲਾਜ਼ਮਾਂ ਦੀ ਰਿਪੋਰਟ 'ਤੇ ਦਸਖਤ ਕਰਨ ਲਈ ਉਨ੍ਹਾਂ 'ਤੇ ਦਬਾਇਆ ਪਾਇਆ ਗਿਆ। ਸਾਬਕਾ ਪ੍ਰਧਾਨ ਪ੍ਰਮਿਲ ਕਲਾਨੀ, ਕੌਂਸਲਰ ਰਾਕੇਸ਼ ਛਾਬੜਾ ਅਤੇ ਉਸ ਦੇ ਭਰਾ ਨਰੇਸ਼ ਛਾਬੜਾ ਨੂੰ ਅਗਾਊਂ ਜ਼ਮਾਨਤ ਮਿਲੀ ਹੋਈ ਹੈ ਅਤੇ ਮੁਲਾਜ਼ਮ ਫੜੇ ਗਏ ਹਨ।

# ਹੁਣ ਪੋਈਲਿਵਰ ਨੇ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਤੋਂ ਕੀਤਾ ਇਨਕਾਰ

...ਪੰਨਾ 1 ਦਾ ਬਾਕੀ

ਪੋਈਲਿਵਰ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਅਹਿਸਾਸ ਤਾਂ ਸੀ ਕਿ ਇਸ ਸੱਭ ਕਾਸੇ ਦਾ ਉਨ੍ਹਾਂ ਦੀ ਪਰਿਵਾਰਕ ਜ਼ਿੰਦਗੀ ਉੱਤੇ ਅਸਰ ਪਵੇਗਾ ਪਰ ਉਹ ਇਹ ਨਹੀਂ ਸੀ ਜਾਣਦੇ ਕਿ ਕਿੰਨਾ। ਉਨ੍ਹਾਂ ਅੱਗੇ ਆਖਿਆ ਕਿ ਇਹ ਇਸ ਲਈ ਵੀ ਮੁਸ਼ਕਲ ਰਿਹਾ ਕਿਉਂਕਿ ਉਨ੍ਹਾਂ ਵੱਲੋਂ ਪਿੱਛੇ ਜਿਹੇ ਹੋਈਆਂ ਫੈਡਰਲ ਚੋਣਾਂ ਦੌਰਾਨ ਆਪਣੀ ਸੀਟ ਉੱਤੇ ਪਰਤਣ ਲਈ 18 ਮਹੀਨੇ ਕੈਂਪੇਨਿੰਗ ਵਿੱਚ ਹੀ ਕੱਢੇ ਗਏ, ਜਿਸ ਕਾਰਨ ਉਹ ਆਪਣੇ ਬੱਚੇ ਦਾ ਪਹਿਲਾ ਸਾਲ ਹੀ ਉਸ ਨਾਲ ਨਹੀਂ ਗੁਜ਼ਾਰ ਸਕੇ।

ਓਟਵਾ ਏਰੀਆ ਤੋਂ ਐਮਪੀ ਪੋਈਲਿਵਰ ਦੇ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਦਾ ਐਲਾਨ ਐਂਡਰਿਊ ਸ਼ੀਅਰ ਵੱਲੋਂ ਅਸਤੀਫਾ ਦੇਣ ਦੇ ਆਪਣੇ ਇਰਾਦੇ ਦੇ ਪ੍ਰਗਟਾਵੇ ਤੋਂ ਕੁੱਝ ਦੇਰ ਬਾਅਦ ਹੀ ਕਰ ਦਿੱਤਾ ਗਿਆ ਸੀ। ਵੀਰਵਾਰ ਨੂੰ ਜਾਰੀ ਕੀਤੇ ਗਏ ਤਾਜ਼ਾ ਬਿਆਨ ਵਿੱਚ ਪੋਈਲਿਵਰ ਨੇ ਆਖਿਆ ਕਿ ਉਹ ਲੀਡਰਸ਼ਿਪ ਦੌੜ ਵਿੱਚ ਪੂਰੀ ਤਰ੍ਹਾਂ ਸ਼ਾਮਲ ਨਹੀਂ ਹਨ। ਇਸ ਲਈ ਜੇ ਉਹ ਪੂਰੀ ਤਨਦੇਹੀ ਨਾਲ ਕੰਮ ਨਹੀਂ ਕਰਨਗੇ ਤਾਂ ਇਸ ਲੀਡਰਸ਼ਿਪ ਦੌੜ ਨੂੰ ਨੇਪਰੇ ਨਹੀਂ ਚੜ੍ਹਾ ਸਕਣਗੇ। ਉਨ੍ਹਾਂ ਸਪਸ਼ਟ ਕੀਤਾ ਕਿ ਕਾਰਲਟਨ ਹਲਕੇ ਤੋਂ ਪਾਰਟੀ ਦੇ ਨੁਮਾਇੰਦੇ ਵਜੋਂ ਆਪਣੀਆਂ ਸੇਵਾਵਾਂ ਦੇਣੀਆਂ ਉਹ ਜਾਰੀ ਰੱਖਣਗੇ। ਉਨ੍ਹਾਂ ਵੱਲੋਂ ਕਿਸੇ ਹੋਰ ਲੀਡਰਸ਼ਿਪ ਉਮੀਦਵਾਰ ਦਾ ਰਸਮੀ ਤੌਰ ਉੱਤੇ ਸਮਰਥਨ ਵੀ ਨਹੀਂ ਕੀਤਾ ਜਾ ਰਿਹਾ।

ਜ਼ਿਕਰਯੋਗ ਹੈ ਕਿ ਸਾਬਕਾ ਕੰਜ਼ਰਵੇਟਿਵ ਕੈਬਨਿਟ ਮੰਤਰੀ ਜੌਹਨ ਬੇਅਰਡ ਨੂੰ ਪੋਈਲਿਵਰ ਦੀ ਚੋਣ ਕੈਂਪੇਨ ਨੂੰ ਚੇਅਰ ਕਰਨ ਲਈ ਨਿਯੁਕਤ ਕੀਤਾ ਗਿਆ ਸੀ ਤੇ ਇਸੇ ਤਰ੍ਹਾਂ ਸਟੀਫਨ ਹਾਰਪਰ ਦੀ ਸਾਬਕਾ ਸੀਨੀਅਰ ਐਡਵਾਈਜ਼ਰ ਜੈਨੀ ਬਾਇਰਨੇ ਨੂੰ ਐਡਵਾਈਜ਼ਰੀ ਭੂਮਿਕਾ ਲਈ ਨਿਯੁਕਤ ਕੀਤਾ ਗਿਆ ਸੀ। ਵੀਰਵਾਰ ਨੂੰ ਪੋਈਲਿਵਰ ਦੇ ਇਸ ਐਲਾਨ ਤੋਂ ਬਾਅਦ ਬਾਇਰਨੇ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਨਾਲ ਕਾਫੀ ਨਿਰਾਸ਼ਾ ਹੋਈ ਹੈ। ਪਰ ਇਸ ਦੇ ਨਾਲ ਹੀ ਉਨ੍ਹਾਂ ਨੂੰ ਇਸ ਗੱਲ ਉੱਤੇ ਮਾਣ ਹੈ ਕਿ ਕੈਂਪੇਨ ਦੇ ਇਨ੍ਹਾਂ ਕੁਝ ਹਫਤਿਆਂ ਵਿੱਚ ਹੀ ਉਨ੍ਹਾਂ ਦੀਆਂ ਪ੍ਰਾਪਤੀਆਂ ਕਾਫੀ ਵਧੀਆ ਰਹੀਆਂ।

# ਨਕਾਬਪੋਸ਼ ਲੁਟੇਰਿਆਂ ਨੇ ਪਿਸਤੌਲ ਦੀ ਨੋਕ ਉੱਤੇ ਸਵਿਫਟ ਖੋਹੀ

ਗੁਰਦਾਸਪੁਰ, 23 ਜਨਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਸਥਾਨਕ ਸ਼ਹਿਰ ਤੋਂ ਕੁਝ ਦੂਰ ਸ੍ਰੀ ਹਰਿਗੋਬਿੰਦਪੁਰ ਰੋਡ ਉਤੇ ਦੋ ਨਕਾਬਪੋਸ਼ ਲੁਟੇਰੇ ਪਿਸਤੌਲ ਦੀ ਨੋਕ 'ਤੇ ਕਾਰ ਖੋਹ ਕੇ ਫਰਾਰ ਹੋ ਗਏ।

ਇਸ ਬਾਰੇ ਨਵਦੀਪ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਕੋਠਾ ਘਰਾਲਾ ਨੇ ਦੱਸਿਆ ਕਿ ਸ੍ਰੀ ਹਰਗੋਬਿੰਦਪੁਰ ਰੋਡ 'ਤੇ ਉਸ ਦੀ ਬੇਕਰੀ ਦੀ ਦੁਕਾਨ ਹੈ। ਰਾਤ ਨੌਂ ਵਜੇ ਦੇ ਕਰੀਬ ਉਹ ਆਪਣੀ ਸਵਿਫਟ ਕਾਰ 'ਤੇ ਆਪਣੇ ਦੋਸਤ ਨਾਲ ਜਿਮ ਤੋਂ ਦੁਕਾਨ 'ਤੇ ਪਹੁੰਚਿਆ। ਕਾਰ ਖੜ੍ਹੀ ਕਰ ਕੇ ਉਹ ਦੋਵੇਂ ਕਾਰ ਵਿੱਚ ਬੈਠੇ ਹੋਏ ਸਨ ਕਿ ਅਣਪਛਾਤੇ ਲੁਟੇਰੇ ਆਏ ਜਿਨ੍ਹਾਂ ਦੇ ਹੱਥ ਵਿੱਚ ਪਿਸਤੌਲ ਸੀ ਅਤੇ ਮੂੰਹ ਢਕੇ ਹੋਏ ਸਨ। ਉਨ੍ਹਾਂ ਲੁਟੇਰਿਆਂ ਨੇ ਉਨ੍ਹਾਂ ਨੂੰ ਧਮਕਾ ਕੇ ਗੱਡੀ ਵਿੱਚੋਂ ਬਾਹਰ ਨਿਕਲਣ ਲਈ ਕਿਹਾ ਅਤੇ ਜਦੋਂ ਉਹ ਬਾਹਰ ਨਿਕਲੇ ਤਾਂ ਲੁਟੇਰੇ ਕਾਰ ਲੈ ਕੇ ਸ੍ਰੀ ਹਰਗੋਬਿੰਦਪੁਰ ਵੱਲ ਨੂੰ ਫਰਾਰ ਹੋ ਗਏ। ਇਸ ਸੰਬੰਧੀ ਥਾਣਾ ਤਿੱਬੜੀ ਪੁਲਸ ਨੇ ਅਣਪਛਾਤੇ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

# ਦੋ ਕਾਰਾਂ ਦੀ ਟੱਕਰ ਵਿੱਚ ਨੌਜਵਾਨ ਦੀ ਮੌਤ, ਇੱਕ ਜ਼ਖਮੀ

ਭੋਗਪੁਰ, 23 ਜਨਵਰੀ (ਪੋਸਟ ਬਿਊਰੋ)- ਜਲੰਧਰ-ਜੰਮੂ ਨੈਸ਼ਨਲ ਹਾਈਵੇ ਉੱਤੇ ਪਿੰਡ ਜੱਲੋਵਾਲ ਨੇੜੇ ਕਾਰ ਤੇ ਇਨੋਵਾ ਦੀ ਆਹਮੋ-ਸਾਹਮਣੀ ਟੱਕਰ ਵਿੱਚ ਇੱਕ ਨੌਜਵਾਨ ਦੀ ਮੌਤ ਤੇ ਇੱਕ ਆਦਮੀ ਦੇ ਜ਼ਖਮੀ ਹੋਣ ਦੀ ਖਬਰ ਹੈ।

ਪਤਾ ਲੱਗਾ ਹੈ ਕਿ ਪਲਵਿੰਦਰ ਸਿੰਘ ਟੀਟੂ ਆਪਣੀ ਕਾਰ 'ਤੇ ਸਵਾਰ ਹੋ ਕੇ ਆਪਣੇ ਪਿੰਡ ਗੜ੍ਹੀ ਬਖਸ਼ਾ ਤੋਂ ਜਲੰਧਰ ਵੱਲ ਜਾ ਰਿਹਾ ਸੀ। ਜਦੋਂ ਉਸ ਦੀ ਕਾਰ ਪਿੰਡ ਜੱਲੋਵਾਲ ਨੇੜੇ ਪੁੱਜੀ ਤਾਂ ਅਚਾਨਕ ਨੈਸ਼ਨਲ ਹਾਈਵੇ ਵਿਚਕਾਰ ਬਣੇ ਹੋਏ ਡਿਵਾਈਡਰ ਨੂੰ ਪਾਰ ਕਰ ਕੇ ਦੂਸਰੇ ਪਾਸੇ ਪੁੱਜ ਗਈ ਅਤੇ ਜਲੰਧਰ ਵੱਲੋਂ ਆਈ ਇੱਕ ਇਨੋਵਾ ਕਾਰ ਤੇ ਇੱਕ ਆਟੋ ਨਾਲ ਜਾ ਟਕਰਾਈ। ਇਸ ਘਟਨਾ ਦੀ ਸੂਚਨਾ




ਮਿਲਦੇ ਸਾਰ ਹਾਈਵੇ ਪੈਟਰੋਲਿੰਗ ਗੱਡੀ ਦੇ ਇੰਚਾਰਜ ਥਾਣੇਦਾਰ ਜੈ ਰਾਮ ਓਥੇ ਪੁੱਜੇ। ਪਲਵਿੰਦਰ ਸਿੰਘ ਟੀਟੂ ਪੁੱਤਰ ਜਰਨੈਲ ਸਿੰਘ ਪਿੰਡ ਗੜ੍ਹੀ ਬਖਸ਼ਾ ਦੀ ਮੌਕੇ ਉਤੇ ਮੌਤ ਹੋ ਗਈ। ਇਨੋਵਾ ਗੱਡੀ ਦਾ ਚਾਲਕ ਇਸ ਹਾਦਸੇ ਵਿੱਚ ਜ਼ਖਮੀ ਹੋ ਗਿਆ।

# ਰਾਣਾ ਸੋਢੀ ਨੇ ਹਲਕੇ ਦੇ ਵੱਖ ਵੱਖ ਸਕੂਲਾਂ ਦੇ ਵਿਕਾਸ ਲਈ ਵੰਡੇ 15-15 ਲੱਖ ਰੁਪਏ ਦੇ ਚੈੱਕ

ਫ਼ਿਰੋਜ਼ਪੁਰ, 23 ਜਨਵਰੀ (ਗਿਆਨ ਸਿੰਘ) ਹਲਕੇ ਦੇ ਸਾਰੇ ਸਰਕਾਰੀ ਸਕੂਲਾਂ ਨੂੰ ਵਧੀਆ ਬੁਨਿਆਦੀ ਢਾਂਚਾ ਅਤੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਮੁਹੱਈਆ ਕਰਵਾਉਣ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਹ ਵਿਚਾਰ ਕੈਬਨਿਟ ਮੰਤਰੀ ,ਖੇਡਾਂ ਤੇ ਯੁਵਕ ਸੇਵਾਵਾਂ, ਰਾਣਾ ਗੁਰਮੀਤ ਸਿੰਘ ਸੋਢੀ ਨੇ ਬੁੱਧਵਾਰ ਨੂੰ ਹਲਕੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਲਈ ਚੈੱਕ ਵੰਡਦਿਆਂ ਸਾਂਝੇ ਕੀਤੇ।

ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਪਿਛਲੀ ਸਰਕਾਰ ਦੌਰਾਨ ਸਰਕਾਰੀ ਸਕੂਲਾਂ ਵੱਲ ਕਿਸੇ ਤਰ੍ਹਾਂ ਦਾ ਵੀ ਧਿਆਨ ਨਹੀਂ ਦਿੱਤਾ ਗਿਆ ਜਦਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਪਹਿਲਾ ਟੀਚਾ ਹੀ ਸਰਕਾਰੀ ਸਕੂਲਾਂ ਦੇ ਪੱਧਰ ਨੂੰ ਉੱਚਾ ਚੁੱਕਣਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਹੁਣ ਤੱਕ ਆਪਣੇ ਹਲਕੇ ਦੇ ਸਕੂਲਾਂ ਲਈ 8 ਕਰੋੜ ਤੋਂ ਵੱਧ ਰੁਪਏ ਦੀ ਗਰਾਂਟ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਅੱਗੇ ਹੋਰ ਵੀ ਗਰਾਂਟ ਜਾਰੀ ਕੀਤੀ ਜਾਵੇਗੀ।



ਇਸੇ ਮੁਹਿੰਮ ਤਹਿਤ ਉਨ੍ਹਾਂ ਵੱਲੋਂ ਵੱਖ ਵੱਖ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਖੇ ਪਹੁੰਚ ਕੇ ਸਕੂਲਾਂ ਦੇ ਵਿਕਾਸ ਲਈ 15-15 ਲੱਖ ਰੁਪਏ ਦੀ ਗਰਾਂਟ ਦਿੱਤੀ ਗਈ। ਇਹ ਰਾਸ਼ੀ ਸਕੂਲ ਵਿਚ ਨਵੇਂ ਕਮਰੇ ਅਤੇ ਹੋਰ ਬੁਨਿਆਦੀ ਢਾਂਚੇ ਲਈ ਖ਼ਰਚੀ ਜਾਵੇਗੀ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਮਾ ਦੇ ਦੌਰੇ ਦੌਰਾਨ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਕੂਲ ਦੇ ਪਖਾਨਿਆਂ ਅਤੇ ਖੇਡ ਮੈਦਾਨ ਦੀ ਖਸਤਾ ਹਾਲਤ ਬਾਰੇ ਉਨ੍ਹਾਂ ਨੂੰ ਜਾਣੂ ਕਰਵਾਇਆ ਗਿਆ ਜਿਸ ਤੇ ਕੈਬਨਿਟ ਮੰਤਰੀ ਨੇ ਸਕੂਲ ਦੇ ਪਖਾਨਿਆਂ ਲਈ ਜਲਦੀ ਹੀ 2.5 ਲੱਖ ਰੁਪਏ ਦੀ ਰਾਸ਼ੀ ਹੋਰ ਭੇਜਣ ਦਾ ਵਿਸ਼ਵਾਸ ਦਵਾਇਆ। ਉਨ੍ਹਾਂ ਇਹ ਵੀ ਕਿਹਾ ਕਿ ਸਕੂਲ ਦੇ ਖੇਡ ਮੈਦਾਨ ਨੂੰ ਵੀ ਜਲਦ ਹੀ ਆਧੁਨਿਕ ਸਹੂਲਤਾਂ ਨਾਲ ਤਿਆਰ ਕਰਵਾਇਆ ਜਾਵੇਗਾ, ਜਿਸ ਵਿਚ ਖੇਡਾਂ ਦੇ ਸਮਾਨ ਸਮੇਤ ਇੱਕ ਬਾਸਕਟਬਾਲ ਦਾ ਨੈੱਟ ਅਤੇ ਇੱਕ ਓਪਨ ਜਿੰਮ ਵੀ ਬਣਵਾਇਆ ਜਾਵੇਗਾ।


ਕੈਬਨਿਟ ਮੰਤਰੀ ਨੇ ਕਿਹਾ ਕਿ ਪੜਾਈ ਦੇ ਨਾਲ-ਨਾਲ ਖੇਡਾਂ ਵਿਚ ਹਿੱਸਾ ਲੈਣਾ ਵੀ ਬਹੁਤ ਜ਼ਰੂਰੀ ਹੈ ਕਿਉਂਕਿ ਖੇਡ ਮੈਦਾਨ ਵਿਚ ਉੱਤਰਨ ਨਾਲ ਇੱਕ ਤਾਂ ਖਿਡਾਰੀ ਦੇ ਵਿਸ਼ਵਾਸ ਵਿਚ ਵਾਧਾ ਹੁੰਦਾ ਹੈ ਅਤੇ ਦੂਸਰਾ ਕਿਸੇ ਵੀ ਮੁਸੀਬਤ ਨਾਲ ਲੜਨ ਦਾ ਜਜ਼ਬਾ ਮਿਲਦਾ ਹੈ। ਇਸ ਲਈ ਉਨ੍ਹਾਂ ਦੀ ਇਹ ਵੀ ਕੋਸ਼ਿਸ਼ ਹੈ ਕਿ ਹਰ ਸਰਕਾਰੀ ਸਕੂਲ ਵਿਚ ਵਧੀਆ ਖੇਡ ਦੇ ਮੈਦਾਨ ਤਿਆਰ ਕੀਤੇ ਜਾਣ। ਇਸ ਤੋਂ ਇਲਾਵਾ ਉਨ੍ਹਾਂ ਸਕੂਲ ਦੇ ਮੁਖੀਆਂ ਨੂੰ ਸਕੂਲਾਂ ਵਿਚ ਖ਼ਾਲੀ ਪਈਆਂ ਅਧਿਆਪਕਾਂ ਦੀਆਂ ਪੋਸਟਾਂ ਦੀ ਲਿਸਟ ਬਣਾ ਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਦੇਣ ਲਈ ਕਿਹਾ ਤਾਂ ਜੋ ਖ਼ਾਲੀ ਪਈਆਂ ਅਸਾਮੀਆਂ ਨੂੰ ਭਰਿਆ ਜਾ ਸਕੇ ਤੇ ਵਿਦਿਆਰਥੀਆਂ ਦੀ ਪੜਾਈ ਵਿਚ ਕਿਸੇ ਤਰ੍ਹਾਂ ਦੀ ਵੀ ਕੋਈ ਦਿੱਕਤ ਨਾ ਆਵੇ। ਉਨ੍ਹਾਂ ਇਹ ਵੀ ਦੱਸਿਆ ਕਿ ਮਾਰਚ ਮਹੀਨੇ ਤੋਂ ਬਾਅਦ ਹਲਕੇ ਦੀਆਂ ਵੱਖ ਵੱਖ ਸੜਕਾਂ ਦੇ ਨਿਰਮਾਣ ਦਾ ਕੰਮ ਵੀ ਸ਼ੁਰੂ ਕੀਤਾ ਜਾਵੇਗਾ, ਜਿਸ ਨਾਲ ਹਲਕਾ ਵਾਸੀਆਂ ਨੂੰ ਵਧੀਆ ਆਵਾਜਾਈ ਦੀ ਸਹੂਲਤ ਮਿਲੇਗੀ।

ਇਸ ਮੌਕੇ ਐਸਡੀਐਮ ਅਮਿੱਤ ਗੁਪਤਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਖਵਿੰਦਰ ਸਿੰਘ, ਮੈਂਬਰ ਜ਼ਿਲ੍ਹਾ ਪ੍ਰੀਸ਼ਦ ਦਵਿੰਦਰ ਜੰਗ, ਸਰਪੰਚ ਅਮਰਜੀਤ ਸਿੰਘ, ਸੀਨੀਅਰ ਕਾਂਗਰਸੀ ਲੀਡਰ ਬਲਦੇਵ ਸਿੰਘ, ਰਵੀ ਚਾਵਲਾ ਆਦਿ ਹਾਜ਼ਰ ਸਨ।
















# ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥

ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥

ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥

ਵਡਹੰਸ ਮਹਲਾ ੧॥ (ਪੰਨਾ ੫੫੮)

ਅਰਥ:- ਜਿਸ ਵੇਲੇ ਤੜਪਦੀ ਨੂੰ ਪਤੀ ਮਿਲਿਆ ਸ਼ਾਂਤ ਹੋਈ, ਖੁਸ਼ੀ ਦੀ ਕੋਈ ਹੱਦ ਨਹੀਂ ਰਹੀ ਰਾਜਕੁਮਾਰੀ ਉਖਾ ਤਾਈਂ।

ਉਧਰ ਬਾਨਾਸੁਰ ਨੇ ਰਾਜਕੁਮਾਰੀ ਦੇ ਮਹਿਲਾਂ ਵਿਚ ਆਕੇ ਅਨੁਰੁਧ ਨਾਲ ਜੰਗ ਸ਼ੁਰੂ ਕਰ ਦਿੱਤਾ ਅਨੁੱਰੁਧ ਨੇ ਵੀ ਡਟ ਕੇ ਮੁਕਾਬਲਾ ਕੀਤਾ ਪਰ ਆਖ਼ਰਕਾਰ ਆਪਣੀ ਸੁਧ ਗਵਾ ਬੈਠਾ ਜ਼ਮੀਨ 'ਤੇ ਡਿਗ ਪਿਆ। ਬਾਨਾਸੁਰ ਨੇ ਅਨੁੱਰੁਧ ਨੂੰ ਬਨ੍ਹ ਕੇ ਜੇਲ੍ਹ ਵਿਚ ਸੁੱਟ ਦਿੱਤਾ ਤੇ ਰਾਜਾ ਆਪਣੀ ਜਿੱਤ ਦੇ ਧੌਂਸੇ ਵਜਾਕੇ ਘਰ ਆ ਕੇ ਖੁਸ਼ੀ ਮਨਾਉਂਦਾ ਹੈ। ਉਧਰ ਨਾਰਦ ਮੁਨੀ ਨੇ ਕ੍ਰਿਸ਼ਨ ਜੀ ਨੂੰ ਜਾ ਕਿਹਾ ਆਪ ਜੀ ਦਾ ਪੋਤਰਾ ਰਾਜਾ ਬਾਨ-ਾਸੁਰ ਨੇ ਮਾਰ ਕੁੱਟ ਕੇ ਜੇਲ੍ਹ ਵਿਚ ਸੁੱਟ ਦਿੱਤਾ ਹੈ। ਆਪ ਸੈਨਾ ਸਹਿਤ ਚੜ੍ਹਾਈ ਕਰੋ ਅਤੇ ਪੋਤਰੇ ਅਨੁਰੁਧ ਨੂੰ ਛਡਾਓ ਅਤੇ ਸ਼ਿਵਜੀ ਮਹਾਰਾਜ ਦੇ ਬਚਨ ਨੂੰ ਪੂਰਾ ਕਰਨ ਦਾ ਸਮਾਂ ਆ ਗਿਆ ਹੈ। ਉਧਰ ਰਾਜੇ ਨੇ ਮੰਤਰੀਆਂ ਨੂੰ ਪੁੱਛਿਆ ਜੰਗ ਬਾਰੇ ਕ੍ਰਿਸ਼ਨ ਜੀ ਨਾਲ, ਮੰਤਰੀਆਂ ਕਿਹਾ ਰਾਜਾ ਤੈਂ ਆਪ ਹੀ ਹੰਕਾਰ ਕਰਕੇ ਸ਼ਿਵਜੀ ਨੂੰ ਕਿਹਾ ਸੀ, ਕਿ ਮੇਰੇ ਨਾਲ ਕੋਈ ਯੁੱਧ ਨਹੀਂ ਕਰਦਾ ਤਾਂ ਸ਼ਿਵਜੀ ਕਿਹਾ ਸੀ ਕ੍ਰਿਸ਼ਨ ਜੀ ਤੇਰੀਆਂ ਹਜ਼ਾਰਾਂ ਬਾਹਾਂ ਦਾ ਬਲ ਭੰਨਣਗੇ ਸਾਰੀਆਂ ਬਾਹਾਂ ਚਕਨਾਚੂਰ ਹੋ ਜਾਣਗੀਆਂ। ਦੂਜੇ ਮੰਤਰੀ ਨੇ ਕਿਹਾ ਮਹਾਰਾਜਾ ਜੀ ਦਰਸ਼ਨੀ ਭੇਟਾ ਲੈਕੇ ਚਰਨਾ 'ਤੇ ਡਿਗ ਜਾਓ। ਤੀਜੇ ਕਿਹਾ ਉਖਾ ਦਾ ਵਿਆਹ ਅਨੁਰੁਧ ਨਾਲ ਕਰਦੇ ਅਤੇ ਮਾਫੀ ਮੰਗ ਲੈ। ਪਰ ਰਾਜਾ ਹਜ਼ਾਰ ਬਾਹਾਂ ਦੇ ਬਲ ਕਰਕੇ ਹੰਕਾਰ ਵਿਚ ਮਸਤ ਹਾਥੀ ਵਾਂਗ ਮਸਤਿਆ ਸੀ। ਫੌਜਾਂ ਦੇ ਸਹਿਤ ਰਾਵਣ ਵਾਂਗ ਮੈਦਾਨੇ ਜੰਗ ਵਿਚ ਆ ਜਾਂਦਾ ਹੈ! ਉਧਰ ਕ੍ਰਿਸ਼ਨ ਜੀ ਵੀ ਸੈਨਾ ਸਹਿਤ ਸਾਰੇ ਯਾਦਵਾਂ ਨੂੰ ਲੈਕੇ ਪੋਤਰੇ ਨੂੰ ਜੇਲੋਂ ਛਡਾਣ ਆਉਂਦੇ ਹਨ! ਘੋਰ ਯੁੱਧ ਸ਼ੁਰੂ ਹੁੰਦਾ ਹੈ।

ਉਤ ਸਯਾਮ ਜੁ ਬਾਨ ਚਲਾਵਤ ਭਯੋ ਉਤ ਤੇ ਦਸ ਸੈ ਭੁਜ ਬਾਨ ਚਲਾਏ॥

ਦਸਮ ਗ੍ਰੰਥ (੨੨੧੪)

ਅਰਥ:- ਉਧਰ ਸ੍ਰੀ ਕ੍ਰਿਸ਼ਨ ਜੀ ਤੀਰ ਚਲਾਂਦੇ ਹਨ, ਇੱਧਰੋਂ ਹਜ਼ਾਰਾਂ ਬਾਹਾਂ ਵਾਲਾ ਬਾਨਾਸੁਰ ਤੀਰ ਚਲਾਂਦਾ ਹੈ। ਜਿਸ ਵੇਲੇ ਬਹੁਤ ਸਾਰੀ ਫੌਜ ਰਾਜੇ ਦੀ ਮਾਰੀ ਗਈ ਤਾਂ ਕੁਝ ਭੱਜ ਗਏ ਕੁਝ ਕੁ ਰਾਜੇ ਨੂੰ ਕਹਿੰਦੇ ਹਨ ਕ੍ਰਿਸ਼ਨ ਜੀ ਦੀ ਸ਼ਰਨੀ ਜਾਣਾ ਠੀਕ ਹੈ ਉਹ ਸ਼ਰਣੀ ਆਏ ਨੂੰ ਮਾਫ ਕਰ ਦਿੰਦੇ ਹਨ, ਉਹ ਕਿਸੇ ਨਾਲ ਵੈਰ ਨਹੀਂ ਰਖਦੇ। ਤਾਂ ਰਾਜੇ ਨੇ ਦੁਖ ਵਿਚ ਆਪਣੇ ਇਸ਼ਟ ਦੇਵ ਸ਼ਿਵਜੀ ਦੀ ਅਰਾਧਨਾ ਕੀਤੀ। ਸ਼ਿਵਜੀ ਵੀ ਜੰਗ ਵਿਚ ਨਰਸਿੰਘਾ ਵਜਾ ਕੇ ਸ਼ਾਮਲ ਹੋ ਗਏ, ਕ੍ਰਿਸ਼ਨ ਅਤੇ ਵੱਡੇ ਭਰਾਤਾ ਬਲ ਭਦ੍ਰ ਨੇ ਸ਼ਿਵਜੀ ਨੂੰ ਬਹੁਤ ਤੀਰ ਮਾਰੇ ਤਾਂ ਸ਼ਿਵਜੀ ਗੱਸ਼ ਖਾ ਕੇ ਧਰਤੀ 'ਤੇ ਡਿੱਗ ਪਿਆ।

ਚੌਪਈ॥ ਜਬ ਰੁੱਦ੍ਰਹਿ ਹਰਿ ਘਾਇ ਲਗਾਯੋ॥ ਬਿਸੁਧੋ ਕਰਿ ਕਰਿ ਭੂਮ ਗਿਰਾਯੋ॥

ਸੁੰਕਤ ਭਯੋ ਨ ਫਿਰ ਧਨੁ ਤਾਨਯੋ॥ ਸ੍ਰੀ ਜਦਬੀਰ ਸਹੀ ਪ੍ਰਭ ਜਾਨਯੋ॥

ਦਸਮ ਗ੍ਰੰਥ ੨੨੨੨

ਅਰਥ:- ਜਦੋਂ ਸ਼ਿਵਜੀ ਨੂੰ ਕ੍ਰਿਸ਼ਨ ਜੀ ਨੇ ਜ਼ਖਮ ਲਾਇ ਬੇਹੋਸ਼ ਕਰਕੇ ਧਰਤੀ 'ਤੇ ਸੁੱਟ ਦਿੱਤਾ। ਡਰ ਨਾਲ ਸੰਕਾਮਾਨ ਹੋ ਗਿਆ। ਫਿਰ ਸ਼ਿਵਜੀ ਨੇ ਧਨੁਖ ਨਹੀਂ ਖਿਚਿਆ ਅਤੇ ਕ੍ਰਿਸ਼ਨ ਜੀ ਨੂੰ ਸੱਚਮੁੱਚ ਪਰਮਾਤਮ ਮੰਨਿਆ। ਸ਼ਿਵਜੀ ਨੇ ਚਰਨਾਂ 'ਤੇ ਮੱਥਾ ਟੇਕਿਆ ਅਤੇ ਮਾਫੀ ਮੰਗ ਲਈ। ਉਧਰ ਰਾਜੇ ਦੀ ਬਹੁਤ ਸਾਰੀ ਫੌਜ ਮਾਰਕੇ ਧਰਤੀ 'ਤੇ ਲਿਟਾ ਦਿੱਤੀ ਅਤੇ ਆਪ ਬਾਨਾਸੁਰ ਦੇ ਸਾਹਮਣੇ ਆ ਕੇ ਜੁਧ ਕਰਦੇ ਹਨ, ਅਤੇ ਬਾਨਾਸੁਰ ਦੀਆਂ ਬਹੁਤ ਸਾਰੀਆਂ ਬਾਹਾਂ ਧਰਤੀ 'ਤੇ ਕੱਟ ਕੇ ਸੁੱਟ ਦਿੱਤੀਆਂ ਕੇਵਲ ਦੋ ਬਾਹਾਂ ਛੱਡ ਦਿੱਤੀਆਂ ਅਤੇ ਉਸਨੂੰ ਸਬਕ ਸਿਖਾਕੇ ਬਾਹੂ ਬਲ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਅਤੇ ਮੈਦਾਨੇ ਜੰਗ ਵਿਚ ਜਿਊਂਦਾ ਛੱਡ ਦਿੱਤਾ।

ਸ਼ਿਵ ਬਾਚ ਕਾਨ੍ਹ ਸੋ॥

ਸਵੈਯਾ॥ ਪਾਇ ਪਰਯੋ ਸ਼ਿਵਜੂ ਹਰਿ ਕੇ ਕਰਯੋ ਮੋ ਬਿਨਤੀ ਹਰਿ ਜੂ ਸੁਨਿ ਲੀਜੈ॥

ਸੇਵਕ ਮਾਂਗਤ ਹੈ ਬਰੁ ਏਕ ਵਹੈ ਅਬ ਰੀਝ ਦਇਆ ਨਿਧ ਦੀਜੈ॥

ਹੇਰ ਹਮੈ ਕਬਿ ਸਿਯਾਮ ਭਨੈ ਕਬਹੂ ਕਰਨਾ ਰਸ ਕੇ ਸੰਗ ਭੀਜੈ॥

ਬਾਹੈ ਕਟੀ ਸਹਸ੍ਰਾਭੁਜ ਕੀ ਤੁ ਭਲੋ ਤਹ ਕੋ ਅਬ ਨਾਸੁ ਨ ਕੀਜੈ॥੨੨੩੯॥

ਅਰਥ:- ਸ਼ਿਵਜੀ ਨੇ ਕ੍ਰਿਸ਼ਨ ਜੀ ਨੂੰ ਕਿਹਾ। ਸ਼ਿਵਜੀ ਕ੍ਰਿਸ਼ਨ ਜੀ ਦੇ ਚਰਨੀ ਪੈ ਗਿਆ ਅਤੇ ਕਿਹਾ ਹੇ ਹਰੀ ਜੀ! ਮੇਰੀ ਬੇਨਤੀ ਸੁਣੋ ਜੀ। ਮੈਂ ਸੇਵਕ ਆਪ ਜੀ ਪਾਸੋਂ ਇਕ ਵਰ ਮੰਗਦਾ ਹਾਂ, ਹੇ ਦਯਾ ਦੇ ਸਮੁੰਦਰ ਪ੍ਰਸੰਨ ਹੋਕੇ ਉਹ ਵਰ ਦੇ ਦਿਓ।


ਕਰਨੈਲ ਸਿੰਘ ਟੋਰਾਂਟੋ
416-746-7642

ਸ਼ਿਆਮ ਕਵੀ ਜੀ ਕਹਿੰਦੇ ਹਨ, ਸਾਡੇ ਵੱਲ ਦੇਖ ਕੇ ਹੁਣ ਆਪ ਜੀ ਪ੍ਰੇਮ ਰਸ ਵਿਚ ਭਿੱਜ ਜਾਓ। ਸਹਸ੍ਰ ਬਾਹੂ ਦੀਆਂ ਜੋ ਆਪ ਜੀ ਨੇ ਬਾਹਾਂ ਕਟੀਆਂ ਹਨ, ਉਹ ਆਪ ਜੀ ਨੇ ਚੰਗਾ ਹੀ ਕੀਤਾ। ਪਰ ਹੁਣ ਬਾਨਾਸੁਰ ਨੂੰ ਜਾਨੋਂ ਨ ਮਾਰਿਓ ਬਖਸ਼ ਦਿਓ ਜ਼ਿੰਦਗੀ।

ਕਾਨ੍ਹ ਜੂ ਬਾਚ॥

ਸਵੈਯਾ॥ ਸੋ ਕਰਿ ਹੋ ਅਬ ਹਉ ਸੁਨਿ ਰੁਦ੍ਰ ਜੂ ਤੋ ਸੰਗ ਬੈਨ ਉਚਾਰਤ ਹਉ॥

ਬਾਹੈ ਕਟੀ ਤਿਹ ਭੂਲ ਨਿਹਾਰ ਅਬ ਹਉਹੂੰ ਸੋ ਕ੍ਰੋਧ ਨਿਵਾਰਤ ਹਉ॥

ਪ੍ਰਹਲਾਦ ਕੋ ਪੌਤ੍ਰ ਕਹਾਵਤ ਹੈ ਸੁ ਇਹੈ ਜੀਅ ਮਾਹਿ ਬਿਚਾਰਤ ਹਉ॥

ਤਾ ਤੇ ਡੰਡ ਹੀ ਦੈ ਕਰਿ ਛੋਰਿ ਦਯੋ ਇਹ ਤੇ ਨਹਿ ਤਾਹਿ ਸਘਾਰਤ ਹਉ॥੨੨੪੦॥

ਅਰਥ:- ਹੇ ਰੁਦ੍ਰ ਜੀ= ਸੁਣੋ ਹੁਣ ਜੋ ਕੁਝ ਮੈਂ ਕਰਾਂਗਾ, ਉਹ ਮੈਂ ਤੁਹਾਡੇ ਪਾਸ ਕਹਿੰਦਾ ਹਾਂ। ਉਸਦੀ ਭੁੱਲ ਅਤੇ ਹੰਕਾਰ ਦੇ ਕਰਨ ਕਾਰਨ ਉਸਦੀਆਂ ਬਾਹਾਂ ਵੱਢੀਆਂ ਹਨ, ਹੁਣ ਮੈਂ ਵੀ ਕ੍ਰੋਧ ਨੂੰ ਦੂਰ ਕਰਦਾ ਹਾਂ। ਇਹ ਪ੍ਰਹਲਾਦ ਭਗਤ ਦਾ ਪੋਤਰਾ ਹੈ, ਇਸ ਕਰਕੇ ਇਸ ਨੂੰ ਮਾਰਿਆ ਨਹੀਂ॥੨੨੪੦॥

ਸਵੈਯਾ॥ ਯੋ ਬਖਸ਼ਾ ਇਕੈ ਸਯਾਮ ਜੂ ਸ ਤਹ ਭੂਪਤ ਕੋ ਸਯਾਮ ਕੇ ਪਾਇਨ ਡਾਰੋ॥

ਭੂਲ ਕੈ ਭੂਪਤ ਕਾਮ ਕਰਯੋ ਅਬ ਹੇ ਪ੍ਰਭ ਜੂ ਤੁਮ ਕ੍ਰੋਧ ਨਿਵਾਰੋ॥

ਪੋਤਰ ਕੋ ਬਯਾਹ ਕਰੋ ਇਹ ਕੀ ਦੁਹਤਾ ਸੰਗ ਅਉਰ ਕਛੂ ਮਨ ਮੈਨ ਬਿਚਾਰੋ॥

ਯੌ ਕਰਿ ਬਯਾਹ ਸੰਗ ਊਖਹ ਲੈ ਅਨਰੁਧ ਕੋ ਸਯਾਮ ਜੂ ਧਾਮ ਸਿਧਾਰੋ॥੨੨੪੧॥

ਅਰਥ:- ਸ਼ਿਵਜੀ ਨੇ ਕ੍ਰਿਸ਼ਨ ਜੀ ਪਾਸੋਂ ਇਸ ਭੁੱਲ ਨੂੰ ਬਖਸ਼ਾਕੇ, ਰਾਜੇ ਬਾਨਾਸੁਰ ਨੂੰ ਵੀ ਕ੍ਰਿਸ਼ਨ ਜੀ ਦੇ ਚਰਨਾ ਤੇ ਲਿਆ ਪਾਇਆ। ਹੇ ਪ੍ਰਭੂ ਭੁਲ ਕਰਕੇ ਰਾਜੇ ਨੇ ਕੰਮ ਕੀਤਾ ਸੀ। ਹੁਣ ਆਪ ਜੀ ਦੇ ਪੈਰੀਂ ਪੈ ਗਿਆ ਹੈ। ਆਪ ਜੀ ਗੁੱਸੇ ਨੂੰ ਦੂਰ ਕਰੋ ਜੀ ਅਤੇ ਇਸ ਦੀ ਲੜਕੀ ਊਖਾ ਨਾਲ ਪੋਤਰੇ ਦਾ ਵਿਆਹ ਕਰੋ, ਮਨ ਵਿਚ ਹੋਰ ਕੋਈ ਵੀਚਾਰ ਨਾ ਕਰੋ। ਪੋਤਰੇ ਦਾ ਵਿਆਹ ਕਰਕੇ, ਊਖਾ ਤੇ ਅਨੁਰੁਧ ਨੂੰ ਨਾਲ ਲੈਕੇ ਕ੍ਰਿਸ਼ਨ ਜੀ ਆਪਣੇ ਘਰ ਦੁਆਰਕਾ ਨੂੰ ਚਲੇ ਗਏ॥੨੨੪੧॥

ਸਵੈਯਾ॥ ਜੋ ਸੁਨਿ ਹੈ ਗੁਨ ਸਯਾਮ ਜੂ ਕੇ ਫੁਨ ਅਉਰਨ ਤੇ ਅਰੁ ਆਪਨ ਗੈਹੈ॥

ਆਪਨ ਜੋ ਪੜ ਹੈ ਪੜਵਾਇ ਹੈ ਅਉਰ ਕਬਿੱਤਨ ਬੀਚ ਬਨੈ ਹੈ॥

ਸੋਵਤ ਜਾਗਤ ਧਾਵਤ ਧਾਮ ਸੁ ਸ੍ਰੀ ਬ੍ਰਿਜਨਾਇਕ ਕੀ ਸੁਧ ਲੈ ਹੈ॥

ਸੋਊ ਸਦਾ ਕਬਿ ਸਯਾਮ ਭਨੈ ਫੁਨਯਾ ਭਵ ਭੀਤਰ ਫੇਰ ਨ ਐ ਹੈ॥੨੨੪੨॥

ਅਰਥ:- ਜੋ ਕ੍ਰਿਸ਼ਨ ਜੀ ਦੇ ਗੁਣਾਂ ਨੂੰ ਸੁਣਦਾ ਹੈ ਅਤੇ ਹੋਰਨਾਂ ਨੂੰ ਸੁਣਾਂਦਾ ਹੈ ਆਪ ਉਨ੍ਹਾਂ ਦੇ ਗੁਣਾਂ ਨੂੰ ਗਾਉਂਦਾ ਹੈ। ਜੋ ਆਪ ਉਨ੍ਹਾਂ ਦੇ ਗੁਣਾਂ ਨੂੰ ਪੜ੍ਹਦਾ ਹੈ,ਅਤੇ ਹੋਰਨਾਂ ਨੂੰ ਪੜ੍ਹਾਉਂਦਾ ਹੈ ਹਰੀ ਦੇ ਗੁਣਾਂ ਦੀ ਕਵਿਤਾ ਬਣਾਂਦਾ ਹੈ। ਸੁਤਿਆਂ, ਜਾਗਦਿਆਂ, ਘਰਾਂ ਵਿਚ ਅਤੇ ਬਾਹਰ ਜਾਂਦਿਆਂ ਆਉਂਦਿਆਂ ਸ੍ਰੀ ਭਗਵਾਨ ਕ੍ਰਿਸ਼ਨ ਦੀ ਸੁਧ ਰੱਖਦਾ ਹੈ। ਸ਼ਿਆਮ ਕਵੀ ਜੀ ਕਹਿੰਦੇ ਹਨ, ਉਹੀ ਪੁਰਖ ਸਦਾ ਸੁਖ ਮਾਣਦਾ ਹੈ ਅਤੇ ਜੰਮਣ, ਮਰਣ ਵਿਚ ਨਹੀਂ ਆਉਂਦਾ॥੨੨੪੨॥

ਵਡਹੰਸ ਮਹਲਾ ੧॥

ਉਥਾਨਕਾ: ਇਸ ਸ਼ਬਦ ਵਿਚ ਸ੍ਰੀ ਕ੍ਰਿਸ਼ਨ ਭਗਵਾਨ ਜੀ ਦੇ ਸੁੰਦਰ ਸਰੂਪ ਦੀ ਤਾਰੀਫ਼ ਹੈ।

ਤਥਾ: ਤੇਰੇ ਬੰਕੇ ਲੋਇਣ ਦੰਤ ਰੀਸਾਲਾ॥

ਸੋਹਣੇ ਨਕ ਜਿਨ ਲੰਮੜੇ ਵਾਲਾ॥

ਕੰਚਨ ਕਾਇਆ ਸੁਇਨੇ ਕੀ ਢਾਲਾ॥

ਸੋਵੰਨ ਢਾਲਾ ਕ੍ਰਿਸ਼ਨ ਮਾਲਾ ਜਪਹੁ ਤੁਸੀਂ ਸਹੇਲੀ ਹੋ॥

ਅਰਥ:- ਤੇਰੇ ਨੇਤ੍ਰ ਬੰਕੇ ਸੁੰਦਰ ਹਨ, ਦੰਤ ਰੀਸਾਲਾ = ਦੰਤ ਵੀ ਸੁੰਦਰ ਹਨ। ਨੱਕ ਵੀ ਸੋਹਣਾ ਹੈ, ਵਾਲਾ = ਕੇਸ ਬੜੇ ਲੰਮੇ ਹਨ, ਆਪ ਜੀ ਕੀ ਦੇਹ ਸੋਨੇ ਜੈਸੀ ਹੈ ਸੋਇਨ ਢਾਲਾ = ਸੋਨੇ ਦੀ ਤਰ੍ਹਾਂ ਚਮਕ ਰਹੀ ਹੈ ਦੇਹੀ। ਕ੍ਰਿਸ਼ਨ ਮਾਲਾ = ਜੋ ਮਾਲਾ ਕ੍ਰਿਸ਼ਨ ਜੀ ਦੇ ਗਲ ਵਿਚ ਪਾਈ ਹੈ! ਉਹ ਬਜੰਤੀ ਮਾਲਾ ਸੋਵੰਨ ਢਾਲਾ = ਸੋਨੇ ਦੀ ਹੀ ਢਾਲੀ ਹੋਈ ਹੈ। ਹੇ ਸਹੇਲੀਓ ਤੁਸੀਂ ਉਸਨੂੰ ਜਪਣਾ ਕਰੋ।

ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀ ਹੋ॥

(ਪੰਨਾ ੫੬੭)

ਮਹੇਲੀ ਹੋ = ਜਗਿਆਸੂ ਰੂਪ ਸਖੀਹੋ, ਮੇਰੀ ਇਹ ਸਿੱਖਿਆ ਸੁਣੋ, ਤੁਸੀਂ ਜਮਦੁਆਰ = ਧਰਮ ਰਾਜਾ ਦੇ ਦਰਬਾਰ ਵਿਚ ਖੜੀਆਂ ਨਹੀਂ ਹੋਵੋਂਗੀਆਂ।

ਕ੍ਰਿਸ਼ਨ ਜੀ ਨੇ ਦ੍ਰੋਪਤੀ ਦੀ ਲਜਾ ਰਖਣੀ ਵਾਰ ੧੦ ਪਉੜੀ ੮॥

੧. ਅੰਦਰ ਸਭਾ ਦੁਸਾਸਨੈ ਮਥੇ ਵਾਲ ਦ੍ਰੋਪਤੀ ਆਂਦੀ।

੨. ਦੂਤਾਂ ਨੇ ਫਰਮਾਇਆ ਨੰਗੀ ਕਰਹੁ ਪੰਚਾਲੀ ਬਾਂਧੀ।

੩. ਪੰਜੇ ਪਾਂਡੋ ਵੇਖਦੇ ਅਉਘਟ ਰੁਧੀ ਨਾਰਿ ਜਿਨ੍ਹਾਂ ਦੀ।

੪. ਅਖੀਂ ਮੀਟ ਧਿਆਨ ਧਰਿ ਹਾਹਾ ਕ੍ਰਿਸ਼ਨ ਕਰੈ ਵਿਲਲਦੀ।

੫. ਕੱਪੜ ਕੋਟ ਉਸਾਰਿਓਨੁ ਥੱਕੇ ਦੂਤ ਨ ਪਾਰਿ ਵਸਾਂਦੀ।

੬. ਹਥ ਮਰੋੜਨ ਸਿਰੁ ਧੁਣਨਿ ਪਛੋਤਾਨ ਕਰਨ ਜਾਹ ਜਾਂਦੀ।

੭. ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।

੮. ਨਾਥ ਅਨਾਥਾਂ ਦੀ ਬਾਣ ਧੁਰਾਂਦੀ॥ ਵਾਰ ੧੦ ਪਉੜੀ ੯॥

ਤਥਾ: ਪੰਚਾਲੀ ਕਉ ਰਾਜ ਸਭਾ ਮੈ ਰਾਮ ਨਾਮ ਸੁਧਿ ਆਈ॥

ਤਾਕੋ ਦੂਖੁ ਹਰਿਓ ਕਰੁਣਾ ਮੈ ਆਪਨੀ ਪੈਜ ਬਢਾਈ॥੧॥

(ਪੰਨਾ ੧੦੦੮)

ਯਥਾ: ਰੋਵਹਿ ਪਾਂਡਵ ਭਏ ਮਜੂਰ॥ ਜਿਨਕੈ ਸੁਆਮੀ ਰਹਤ ਹਦੂਰਿ॥ ਪੰਨਾ ੯੫੪

ਅਰਥ: ਪੰਜੇ ਪਾਂਡਵ ਵੈਰਾਟ ਰਾਜੇ ਦੇ ਮਜਦੂਰੀ ਕਰਨ ਸਮੇਂ ਰੋਏ ਸੀ। ਇਕ ਸਮੇਂ ਰਾਜੇ ਦੇ ਸਾਲੇ ਕ੍ਰੀਚਕ ਨੇ ਸਭਾ ਵਿਚ ਦ੍ਰੋਪਤੀ ਨੂੰ ਕਾਮ ਚੇਸਟਾ ਲਈ ਪਕੜ ਲਿਆ ਸੀ ਜਾਂ ਲੱਤ ਮਾਰੀ ਸੀ, ਉਸ ਵੇਲੇ ਪੰਜੇ ਪਾਂਡੋ ਪ੍ਰਗਟ ਹੋਣ ਤੋਂ ਡਰ ਕਰਕੇ ਆਪਣੀ ਤਾਕਤ ਦਿਖਾ ਨਹੀਂ ਸਕੇ ਸ਼ਰਮੋ ਸ਼ਰਮੀ ਅੰਦਰ ਵੜ੍ਹਕੇ ਰੋਏ, ਇਤਨੇ ਵੱਡੇ ਸੂਰੇ ਮਹਾਂਰਥੀ। ਜਿਨ੍ਹਾਂ ਪਾਂਡਵਾਂ ਦੇ ਪਾਸ ਹੀ ਸੁਆਮੀ ਕ੍ਰਿਸ਼ਨ ਭਗਵਾਨ ਰਹਿੰਦੇ ਸਨ, ਮਹਾਂ ਭਾਰਤ ਜੰਗ ਯੁੱਧ ਸਮੇ ਅਰਜਨ ਰਥਵਾਹੀ ਸਨ, ਪਾਸ ਹੀ ਰਹਿੰਦੇ ਸਨ ਅਤੇ ਪਾਂਡਵ ਕ੍ਰਿਸ਼ਨ ਭਗਵਾਨ ਜੀ ਦੀ ਭੂਆ ਕੁੰਤੀ ਦੇ ਪੁੱਤਰ ਸਨ, ਪਰ ਭਾਵੀ ਵਰਤਕੇ ਰਹਿੰਦੀ ਹੈ, ਸਤਿਗੁਰੂ ਨਾਨਕ ਦੇਵ ਜੀ ਲਿਖਦੇ ਹਨ।

ਰਾਜਾ ਯੁਧਿਸ਼ਟਰ ਜੀ। ਰਾਜੇ ਵੈਰਾਟ ਨੂੰ ਚੋਪੜ ਖਿਡਾਂਦੇ ਸਨ, ਕੰਕ ਨਾਂ ਰਖਾ ਕੇ।

ਭੀਮ ਸੈਨ: ਰਸੋਈ ਦਾ ਕੰਮ ਕਰਦਾ ਸੀ, ਬਲਕ ਨਾਂ ਰਖਾ ਕੇ।

ਅਰਜਨ ਰਾਜ ਪੁੱਤਰੀ ਨੂੰ ਨਿਰਤਕਾਰੀ ਸਿਖਾਂਦਾ ਸੀ, ਬਹਿੰਡੜਾ ਨਾਂ ਰਖਾ ਕੇ।

ਨੁਕਲ ਘੋੜਿਆਂ ਦੀ ਸੇਵਾ ਕਰਦੇ ਸਨ, ਗ੍ਰੰਥੀ ਪਾਲ, ਨਾਂ ਰਖਾ ਕੇ।

ਸਹਿਦੇਵ ਗਊਆਂ ਦੀ ਸੇਵਾ ਕਰਦੇ ਰਹੇ, ਤੰਤੀ ਪਾਲ ਨਾਂ ਰਖਾ ਕੇ।

ਦਰੋਪਤੀ - ਰਾਣੀ ਦੀ ਸੇਵਾ ਆਦਿਕ ਕਰਦੀ ਸੀ, ਸਯੰਦਰੀ ਨਾਂ ਰਖਾ ਕੇ।

ਕਲਿਆਨ ਮਹਲਾ ੪॥ (ਪੰਨਾ ੧੩੨੬)

ਰਾਮਾ ਹਮ ਦਾਸਨ ਦਾਸ ਕਰੀਜੈ॥ ਜਬ ਲਗਿ ਸਾਸੁ ਹੋਇ ਮਨ ਅੰਤਰਿ ਸਾਧੂ ਧੂਰਿ ਪਿਵੀਜੈ॥੧॥ ਰਹਾਓ॥

ਅਰਥ:- ਐ ਰਾਮ = ਮੈਨੂੰ ਆਪਣੇ ਦਾਸਾਂ ਦਾ ਦਾਸ ਬਣਾ ਲੈ। ਜਿੰਨੀ ਦੇਰ ਮੇਰੇ ਸਰੀਰ ਵਿਚ ਸੁਆਸ ਹਨ, ਉਤਨੀ ਦੇਰ ਤੱਕ ਮੈਂ ਸੰਤਾਂ ਦੀ ਧੂੜੀ ਨੂੰ ਪਿਵੀਜੈ = ਪੀਂਦਾ ਰਹਾਂ॥ ਰਹਾਉ॥

ਸੰਕਰੁ ਨਾਰਦੁ ਸੇਖਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ॥

ਭਵਨ ਭਵਨ ਪਵਿਤੁ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ॥੧॥

(ਪੰਨਾ ੧੩੨੬)

ਅਰਥ:- ਸੰਸਾਰ ਵਿਚ ਉਹ ਸਾਰੇ ਭਵਨ-ਘਰ ਪਵਿਤ੍ਰ ਹੋਏ ਹਨ, ਜਿੱਥੇ ਸੰਤਾਂ ਨੇ ਚਰਨ ਧਰੇ ਹਨ॥੧॥

ਪਹਿਲੀ ਤੁਕ ਦੇ ਅਰਥ:- ਸ਼ੰਕਰ = ਸ਼ਿਵਜੀ, ਨਾਰਦ ਮੁਨੀ, ਸ਼ੇਸ਼ਨਾਗ, ਮੁਨੀ ਇਹ ਸਾਰੇ ਸੰਤਾਂ ਦੀ ਧੂੜੀ ਨੂੰ ਲੋਚੀਜੈ= ਚਾਹੁੰਦੇ ਹਨ।

ਤਜਿ ਲਾਜ ਅਹੰਕਾਰੁ ਸਭੁ ਤਜੀਐ ਮਿਲਿ ਸਾਧੂ ਸੰਗਿ ਰਹੀਜੈ॥

ਧਰਮ ਰਾਏ ਕੀ ਕਾਨਿ ਚੁਕਾਵੈ ਬਿਖੁ ਡੁਬਦਾ ਕਾਢਿ ਕਢੀਜੈ॥੨॥

ਅਰਥ:- ਲੋਕਾਂ ਦੀ ਲਜਿਆ ਤਿਆਗ ਦੇ ਸਾਰਾ ਹੰਕਾਰ ਛੱਡ ਦੇ ਅਤੇ ਸੰਤਾਂ ਦੀ ਸੰਗਤ ਵਿਚ ਰਹਿਣਾ ਕਰ। ਸੰਤਾਂ ਦੀ ਸੰਗਤ ਕਰਕੇ ਧਰਮ ਰਾਜਾ ਦੀ ਕਾਨ = ਕਨੌਂਡ ਚੁਕਾਣੀ ਜਾਣੀ ਖਤਮ ਹੋ ਜਾਂਦੀ ਹੈ ਅਤੇ ਬਿਖ ਰੂਪੀ ਸੰਸਾਰ ਸਮੁੰਦਰ 'ਚੋਂ ਡੁਬਦੇ ਨੂੰ ਸਾਧੂ ਛਡਾਂਦਾ ਹੈ॥੯॥

ਬ੍ਰਹ ਗਿਆਨੀ ਕਉ ਖੋਜਹਿ ਮਹੇਸੁਰ॥

ਨਾਨਕ ਬ੍ਰਹਮ ਗਿਆਨੀ ਆਪ ਪਰਮੇ-ਸੁਰ॥੬॥

(ਪੰਨਾ ੨੭੩)

ਤਥਾ: ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ॥

(ਪੰਨਾ ੧੩੧੮)

ਰਹਾਉ = ਸੰਤ ਰੇਨੁ ਨਿਤਿ ਮਜਨੁ ਕਰੈ॥

ਜਨਮ ਜਨਮ ਕੇ ਕਿਲਬਿਖ ਹਰੈ॥੧॥
ਕਾਨੜਾ ਮਹਲਾ ੫ (੧੩੦੦)

ਮਲਾਰ ਮਹਲਾ ੪॥

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥

ਕਿਲ ਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥੧॥

ਅਰਥ:- ਗੰਗਾ, ਜਮਨਾ, ਗੋਦਾਵਰੀ ਤੇ ਸਰਸਵਤੀ ਤਿੰਨੇ ਪਵਿੱਤਰ ਤੀਰਥ ਹਨ। ਇਹ ਭੀ ਸੰਤਾਂ ਦੀ ਚਰਨ ਧੂੜੀ ਲੈਣ ਲਈ ਉਦਮ ਕਰਦੇ ਹਨ। ਜਦੋਂ ਪਾਪਾਂ ਨਾਲ ਭਰੇ ਹੋਏ ਜੀਵ ਸਾਡੇ ਵਿਚ ਪੈਂਦੇ = ਭਾਵ ਨਹਾਉਂਦੇ ਹਨ, ਆਪਣੀ ਮੈਲ ਸਾਡੇ ਵਿਚ ਉਤਾਰ ਜਾਂਦੇ ਹਨ ਅਤੇ ਅਸੀਂ, ਜਦੋਂ ਸੰਤ ਮਹਾਂਪੁਰਸ਼ ਨਾਮ ਦੇ ਰਸੀਏ ਸਾਡੇ ਵਿਚ ਇਸ਼ਨਾਨ ਕਰਦੇ ਹਨ, ਸਾਡੀ ਮੈਲ ਸਾਧੂ ਦੀ ਧੂੜੀ ਦੁਆਰਾ ਗਵਾਈ = ਨਾਸ ਹੁੰਦੀ ਹੈ॥੧॥

ਤੀਰਥ ਅਠਸਠਿ ਮਜਨੁ ਨਾਈ॥

ਸਤ ਸੰਗਤਿ ਕੀ ਧੂਰਿ ਪਰੀ ਉਡਿਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ॥੧॥ ਰਹਾਉ॥

ਅਰਥ:- ਸਤ ਸੰਗਤ ਦੇ ਚਰਨਾ ਦੀ ਧੂੜੀ ਉਡ ਕੇ ਜਿਸਦੇ ਵੀ ਨੇਤਰ ਵਿਚ ਪਈ ਹੈ ਉਸ ਦੀ ਦੁਰਮਤੀ ਰੂਪੀ ਸਾਰੀ ਮੈਲ ਗੁਆ ਦਿੱਤੀ ਹੈ॥੧॥ ਰਹਾਉ॥

ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦ-ਾਰੁ ਸਾਥਿਓ ਮਹਸਾਈ॥

ਅਰਥ:- ਰਾਜੇ ਦਲੀਪ ਦੇ ਪੁੱਤਰ ਭਗੀਰਥ ਨੇ ਹਿਮਾਲਿਆ ਦੇ ਗੋ ਕਰਣ ਅਸਥਾਨ 'ਤੇ ਘੋਰ ਤਪ ਕਰਕੇ ਬ੍ਰਹਮਾ ਨੂੰ ਖੁਸ਼ ਕੀਤਾ, ਕਲਿਪ ਰਿਖੀ ਦੇ ਕ੍ਰੋਧ ਅਗਨੀ ਨਾਲ ਭਸਮ ਹੋਏ ਰਾਜੇ ਸਾਗਰ ਦੇ ੬੦ ਹਜ਼ਾਰ ਪੁੱਤਰਾਂ ਦੀ ਗਤੀ ਕਰਨ ਲਈ ਜਾਹਰ ਨਵੀਂ=ਗੰਗਾ ਆਈ = ਲਿਆਂਦੀ ਹੈ, ਬ੍ਰਹਮਾ ਨੇ ਗੰਗਾ ਦਾ ਵਾਅਦਾ ਕਰਕੇ ਕਿਹਾ ਸੀ ਭਗੀਰਥ ਨੂੰ, ਕਿ ਅਕਾਸ਼ ਤੋਂ ਆਈ ਗੰਗਾ ਨੂੰ ਸ਼ਿਵਾ ਤੋਂ ਬਿਨਾ ਕੋਈ ਝੱਲ ਨਹੀਂ ਸਕਦਾ, ਤੂੰ ਪਹਿਲਾਂ ਸ਼ਿਵ ਜੀ ਨੂੰ ਪ੍ਰਸ਼ਨ ਕਰ। ਇਹ ਗੱਲ ਸੁਣਕੇ ਭਗੀਰਥ ਨੇ ਸ਼ਿਵਾ ਦੀ ਅਰਾਧਨਾ ਕੀਤੀ, ਸ਼ਿਵਜੀ ਨੇ ਖੁਸ਼ ਹੋ ਕੇ ਕਿਹਾ ਮੰਗ ਕੀ ਮੰਗਦਾ ਤਾਂ ਭਗੀਰਥ ਨੇ ਬੇਨਤੀ ਕੀਤੀ ਮਹਾਰਾਜ ਜੀ ਬ੍ਰਹਮਾ ਨੇ ਪਹਾੜਾਂ ਤੋਂ ਗੰਗਾ ਨੂੰ ਧਰਤੀ 'ਤੇ ਭੇਜਣਾ ਹੈ, ਉਸ ਦੇ ਪਰਵਾਹ ਨੂੰ ਆਪ ਹੀ ਰੋਕ ਸਕਦੇ ਹੋ, ਸ਼ਿਵਾ ਨੇ ਕਿਹਾ ਫਿਕਰ ਮੱਤ ਕਰ ਮੈਂ ਗੰਗਾ ਦਾ ਵਾਹ ਝੱਲਾਂਗਾ, ਬ੍ਰਹਮਾ ਨੂੰ ਕਹਿ ਗੰਗਾ ਨੂੰ ਭੇਜ ਦੇਵੇ। ਭਗੀਰਥ ਨੇ ਬ੍ਰਹਮਾ ਨੂੰ ਜਾ ਕੇ ਕਿਹਾ, ਬ੍ਰਹਮਾ ਨੇ ਭਗੀਰਥ ਦੀ ਬੇਨਤੀ 'ਤੇ ਜਦ ਗੰਗਾ ਨੂੰ ਭੇਜਿਆ ਤਾਂ ਸ਼ਿਵਾਂ ਨੇ ਆਪਣੇ ਜਟਾਵਾਂ ਦਾ ਜੂੜਾ ਫਲਾਇਆ ਗੰਗਾ ਨੂੰ ਇਕ ਹਜ਼ਾਰ ਸਾਲ ਬਾਹਰ ਜਾਣ ਦਾ ਰਾਹ ਨਹੀਂ ਲੱਭਿਆ। ਅੰਤ ਨੂੰ ਭਗੀਰਥ ਨੇ ਬੇਨਤੀ ਕੀਤੀ ਮਹਾਰਾਜ ਗੰਗਾ ਨੂੰ ਧਰਤੀ 'ਤੇ ਭੇਜਕੇ ਮੇਰੀ ਕਾਮਨਾ ਪੂਰੀ ਕਰੋ, ਸ਼ਿਵਾ ਨੇ ਜਟਾਵਾਂ ਉਚੀਆਂ ਕਰਕੇ ਗੰਗਾ ਕੱਢੀ, ਉਸ ਦੇ ਸਤ ਪ੍ਰਵਾਹ ਹੋਕੇ ਵਗ ਪਏ।

ਗ੍ਰਾਇਨੀ, ਪਾਵਨੀ ਅਤੇ ਨਲਿਨੀ ਇਹ ਤਿੰਨ ਪਰਵਾਹ ਪੂਰਬ ਵੱਲ ਚਲੇ। ਵੰਕੁ ਸੀਤਾ ਅਤੇ ਸਿੰਧ ਨਾਮਕ ਤਿੰਨ ਪਰਵਾਹ ਪੱਛਮ ਵੱਲ ਚਲੇ। ਇਕ ਪਰਵਾਹ ਭਗੀਰਥ ਦੇ ਰਥ ਪਿਛੇ ਤੁਰਿਆ ਜਿੱਥੋਂ ਦੀ ਭਗੀਰਥ ਦਾ ਰਥ ਗਿਆ। ਪਿਛੇ ਪਿਛੇ ਹੀ ਗੰਗਾ ਦਾ ਪਰਵਾਹ ਵਹਿਣ ਲੱਗ ਪਿਆ। ਇਸ ਪਰਵਾਹ ਦਾ ਨਾਮ ਭਗੀਰਥੀ ਗੰਗਾ ਹੈ ਅਤੇ ਕੇਦਾਰ ਨਾਥ ਤੀਰਥ ਸ਼ਿਵਜੀ ਨੇ ਥਾਪਿਆ ਹੈ। ਅਥਵਾ = ਮਹਿਸਾਈ = ਸੰਡੇ ਦੇ ਮਾਲਕ ਸ਼ਿਵ ਨੇ ਕੇਦਾਰ ਨਾਥ ਨੂੰ ਥਾਪਿਆ ਹੈ॥

# ਇਕ ਭੰਵਰ ਰਿਸ਼ਤਿਆਂ ਦਾ

-ਜਸਇੰਦਰ ਸਿੰਘ

ਮਨੁੱਖ ਦੇ ਪੈਦਾ ਹੋਣ ਤੋਂ ਉਸ ਦੇ ਮਰਨ ਤੱਕ ਦੇ ਸਫਰ ਨੂੰ ਜੀਵਨ ਚੱਕਰ ਸਮਝਿਆ ਜਾਂਦਾ ਹੈ। ਇਸ ਨੂੰ ਚੱਕਰ ਸ਼ਾਇਦ ਇਸ ਲਈ ਕਿਹਾ ਗਿਆ ਹੈ ਕਿ ਮਨੁੱਖ ਸਮੁੰਦਰ ਰੂਪੀ ਸੰਸਾਰ ਵਿਚਲੇ ਰਿਸ਼ਤਿਆਂ ਦੇ ਤੂਫਾਨੀ ਚੱਕਰਵਾਤ ਵਿੱਚ ਇਸ ਤਰ੍ਹਾਂ ਫਸਦਾ ਹੈ ਕਿ ਉਸ ਦੇ ਇਸ ਭੰਵਰ ਵਿੱਚੋਂ ਨਿਕਲਣ ਦੀ ਕੋਈ ਆਸ ਨਹੀਂ ਹੁੰਦੀ। ਉਹ ਮਰਦੇ ਦਮ ਤੱਕ ਇਸ ਨਾਲ ਘੁਲਦਾ ਰਹਿੰਦਾ ਹੈ। ਆਪਣੀਆਂ ਇੱਛਾਵਾਂ ਪੂਰੀਆਂ ਕਰਨ ਦੇ ਚੱਕਰ ਵਿੱਚ ਉਹ ਚਾਹ ਕੇ ਵੀ ਇਸ ਵਿੱਚੋਂ ਨਿਕਲ ਨਹੀਂ ਸਕਦਾ। ਇਸ ਚੱਕਰ ਦੀ ਸ਼ੁਰੂਆਤ ਮਨੁੱਖ ਦੇ ਧਰਤੀ ਉਤੇ ਮਰਦ ਤੇ ਔਰਤ ਦੇ ਰੂਪ ਵਿੱਚ ਪੈਦਾ ਹੋਣ ਤੋਂ ਹੁੰਦੀ ਹੈ। ਇਥੋਂ ਹੀ ਇਸ ਭੰਵਰ ਰੂਪੀ ਰਿਸ਼ਤਿਆਂ ਦੇ ਚੱਕਰਵਾਤ ਦੀਆਂ ਛੋਟੀਆਂ-ਛੋਟੀਆਂ ਲਹਿਰਾਂ ਉੱਠਣ ਲੱਗਦੀਆਂ ਹਨ।

ਪਹਿਲੀ ਲਹਿਰ ਉਸ ਦੀ ਪੜ੍ਹਾਈ ਰੂਪੀ ਉਠਦੀ ਹੈ। ਇਸ ਦੇ ਉਠਣ ਨਾਲ ਮਾਤਾ ਪਿਤਾ ਨੂੰ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਬੱਚਾ ਨਹੀਂ, ਉਹ ਆਪ ਦੁਬਾਰਾ ਪੜ੍ਹਨੇ ਪੈ ਗਏ ਹੋਣ। ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਜਾਂਦਾ ਹੈ, ਇਹ ਲਹਿਰ ਵੱਡੀ ਹੁੰਦੀ ਜਾਂਦੀ ਹੈ। ਇਹ ਸਮਾਂ ਬੱਚੇ ਅਤੇ ਮਾਤਾ-ਪਿਤਾ ਦੋਵਾਂ ਲਈ ਇਮਤਿਹਾਨ ਦੀ ਘੜੀ ਹੁੰਦਾ ਹੈ, ਜਿਵੇਂ ਕਿਵੇਂ ਹੱਸ ਕੇ ਜਾਂ ਰੋ ਕੇ ਇਹ ਪੂਰਾ ਹੋ ਜਾਂਦਾ ਹੈ। ਦੂਜੀ ਲਹਿਰ ਹੋਰ ਵੱਡੀ ਬਣਦੀ ਹੈ, ਜਿਸ ਨੂੰ ਅਸੀਂ ਰੁਜ਼ਗਾਰ ਦੇ ਨਾਂ ਤੋਂ ਜਾਣਦੇ ਹਾਂ। ਅੱਜ ਦੇ ਦੌਰ ਵਿੱਚ ਇਹ ਦੂਜੀ ਲਹਿਰ ਖਤਰਨਾਕ ਰੂਪ ਧਾਰਨ ਕਰ ਚੁੱਕੀ ਹੈ, ਜਿਸ ਵਿੱਚ ਜ਼ਿਆਦਾਤਰ ਨੌਜਵਾਨ ਗੋਤੇ ਖਾਂਦੇ ਨਜ਼ਰੀਂ ਪੈਂਦੇ ਹਨ। ਕਿਸਮਤ ਵਾਲੇ ਹੀ ਇਸ ਭੰਵਰ ਵਿੱਚ ਸੰਭਲਦੇ ਹਨ। ਤੀਜੀ ਲਹਿਰ ਵਿਆਹ ਸ਼ਾਦੀ ਦੀ ਆਉਂਦੀ ਹੈ, ਜੋ ਖਾਸ ਕਰਕੇ ਔਰਤਾਂ ਲਈ ਬੜੀ ਤੇਜ਼ ਹੁੰਦੀ ਹੈ। ਉਨ੍ਹਾਂ ਦੀ ਜ਼ਿੰਦਗੀ ਵਿੱਚ ਉਥਲ ਪੁਥਲ ਮਚਾ ਦਿੰਦੀ ਹੈ। ਕਿਉਂਕਿ ਸਾਡਾ ਸਮਾਜ ਮਰਦ ਪ੍ਰਧਾਨ ਰਿਹਾ ਹੈ, ਇਸ ਲਈ ਔਰਤ ਨੂੰ ਹਮੇਸ਼ਾ ਤਰਸ ਯੋਗ ਸਮਝਿਆ ਜਾਂਦਾ ਹੈ। ਉਨ੍ਹਾਂ ਦੀਆਂ ਇੱਛਾਵਾਂ ਨੂੰ ਹਮੇਸ਼ਾ ਦਬਾਇਆ ਜਾਂਦਾ ਰਿਹਾ ਹੈ। ਫਿਰ ਚਾਹੇ ਉਸ ਦੇ ਮਾਪੇ ਹੋਣ ਜਾਂ ਪਤੀ ਕਿਉਂ ਨਾ ਹੋਵੇ, ਹਰ ਕੋਈ ਆਪਣੇ ਹਿਸਾਬ ਨਾਲ ਉਸ ਉਤੇ ਦਬਾਅ ਪਾਉਂਦਾ ਹੈ।

ਸਾਡੇ ਸਮਾਜ ਵਿੱਚ ਵਿਆਹ ਔਰਤਾਂ ਲਈ ਪੁਨਰ ਜਨਮ ਤੋਂ ਘੱਟ ਨਹੀਂ। ਅਧਿਐਨ ਤੋਂ ਪਤਾ ਚੱਲਦਾ ਹੈ ਕਿ ਵਿਆਹ ਤੋਂ ਬਾਅਦ ਔਰਤਾਂ ਦਾ ਜੀਵਨ ਹੋਰ ਵੀ ਪਾਬੰਦੀਆਂ ਭਰਿਆ ਹੋ ਜਾਂਦਾ ਹੈ। ਪਹਿਲਾਂ ਉਸ ਉਤੇ ਸਮਾਜ ਅਤੇ ਪਰਵਾਰ ਦੀਆਂ ਪਾਬੰਦੀਆਂ ਹੁੰਦੀਆਂ ਸਨ ਤੇ ਬਾਅਦ ਵਿੱਚ ਪਤੀ ਦੀ ਪਸੰਦ ਨਾਪਸੰਦ ਲਾਗੂ ਹੋਣ ਲੱਗਦੀ ਹੈ। ਕੁਝ ਔਰਤਾਂ ਇਸ ਵਿਆਹ ਰੂਪੀ ਲਹਿਰ ਦੀ ਮਾਰ ਨਾ ਝੱਲਦਿਆਂ ਜੀਵਨ ਚੱਕਰ ਪੂਰੀ ਕੀਤੇ ਬਿਨਾਂ ਹੀ ਖਤਮ ਹੋ ਜਾਂਦੀਆਂ ਹਨ। ਇਸ ਦੇ ਕਈ ਕਾਰਨ ਹਨ, ਜਿਨ੍ਹਾਂ ਤੋਂ ਅਸੀਂ ਸਾਰੇ ਭਲੀ ਭਾਂਤ ਜਾਣੂ ਹਾਂ। ਕਈ ਵਾਰੀ ਪੁਰਸ਼ ਵੀ ਇਸ ਵਿਆਹ ਰੂਪੀ ਲਹਿਰ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਲਹਿਰ ਉਨ੍ਹਾਂ ਦੇ ਜੀਵਨ ਉਤੇ ਡੂੰਘਾ ਅਸਰ ਪਾਉਂਦੀ ਹੈ। ਕਈ ਵਾਰ ਦੇਖਿਆ ਗਿਆ ਹੈ ਕਿ ਵਿਆਹ ਪਿੱਛੋਂ ਪੁਰਸ਼ ਚੱਕੀ ਦੇ ਦੋ ਪੁੜਾਂ ਵਿਚਾਲੇ ਕਣਕ ਦੇ ਦਾਣੇ ਵਾਂਗ ਪਿਸਦਾ ਰਹਿੰਦਾ ਹੈ। ਇਹ ਦੋ ਪੁੜ ਜ਼ਿਆਦਾਤਰ ਉਸ ਦੀ ਮਾਂ ਤੇ ਘਰ ਵਾਲੀ ਹੁੰਦੇ ਹਨ। ਜੇ ਉਹ ਘਰ ਵਾਲੀ ਦੀ ਗੱਲ ਸੁਣਦਾ ਜਾਂ ਮੰਨਦਾ ਹੈ ਤਾਂ ਮਾਂ ਉਸ ਨੂੰ ਤਾਅਨੇ ਮਾਰਦੀ ਹੈ, ਜੇ ਮਾਂ ਦੀ ਗੱਲ ਸੁਣਦਾ ਜਾਂ ਮੰਨਦਾ ਹੈ ਤਾਂ ਘਰ ਵਾਲੀ ਤਾਅਨੇ ਮਾਰਦੀ ਹੈ। ਉਸ ਦੀ ਸਮਝ ਵਿੱਚ ਨਹੀਂ ਆਉਂਦਾ ਕਿ ਕਿਸ ਦੀ ਸੁਣੇ ਅਤੇ ਕਿਸ ਦੀ ਨਾ ਸੁਣੇ। ਤੀਜਾ ਉਸ ਦੇ ਦੋਸਤ ਮਿੱਤਰ ਹੁੰਦੇ ਹਨ, ਜਿਨ੍ਹਾਂ ਨਾਲ ਵਿਆਹ ਤੋਂ ਪਹਿਲਾਂ ਉਸ ਦਾ ਜ਼ਿਆਦਾਤਰ ਸਮਾਂ ਗੁਜ਼ਰਦਾ ਸੀ। ਵਿਆਹ ਤੋਂ ਬਾਅਦ ਸਭ ਕੁਝ ਬਦਲ ਜਾਂਦਾ ਹੈ। ਉਹ ਦੋਸਤਾਂ ਮਿੱਤਰਾਂ ਤੋਂ ਦੂਰ ਹੁੰਦਾ ਜਾਂਦਾ ਹੈ ਤੇ ਜਦੋਂ ਕਦੀ ਕਦਾਈਂ ਮਿੱਤਰਾਂ ਨਾਲ ਮੁਲਾਕਾਤ ਹੁੰਦੀ ਹੈ ਤਾਂ ਉਹ ਵੀ ਉਸ ਨੂੰ ਤਾਅਨਾ ਮਾਰੇ ਬਿਨਾਂ ਨਹੀਂ ਰਹਿੰਦੇ।

ਇਸ ਤੋਂ ਬਾਅਦ ਚੌਥੀ ਲਹਿਰ ਉਠਦੀ ਹੈ, ਜਿਸ ਨਾਲ ਇਕ ਹੋਰ ਜਿੰਦ ਦਾ ਜੀਵਨ ਚੱਕਰ ਸ਼ੁਰੂ ਹੋ ਜਾਂਦਾ ਹੈ, ਭਾਵ ਵਿਆਹ ਪਿੱਛੋਂ ਘਰ ਪਰਵਾਰ ਵਿੱਚ ਨਵੇਂ ਮੈਂਬਰ ਭਾਵ ਬੱਚੇ ਦਾ ਜਨਮ ਹੋਣਾ। ਇਥੇ ਜ਼ਿਕਰ ਯੋਗ ਹੈ ਕਿ ਔਰਤ ਲਈ ਇਕ ਬੱਚੇ ਨੂੰ ਜਨਮ ਦੇਣਾ ਵੀ ਉਸ ਦੇ ਦੁਬਾਰਾ ਜਨਮ ਲੈਣ ਵਰਗਾ ਹੀ ਹੈ, ਕਿਉਂਕਿ ਇਹ ਤਕਲੀਫ ਜਾਨ ਲੈਣ ਵਾਲੀ ਹੁੰਦੀ ਹੈ। ਹੁਣ ਦਾਦਾ-ਦਾਦੀ ਦੀ ਇੱਛਾ ਇਹ ਹੁੰਦੀ ਹੈ ਕਿ ਉਹ ਆਪਣੇ ਪੋਤੇ/ ਪੋਤੀ ਦੇ ਬੱਚੇ ਵੀ ਦੇਖ ਲੈਣ, ਭਾਵ ਉਹ ਪੜ੍ਹ ਲਿਖ ਕੇ ਨੌਕਰੀ ਅਤੇ ਫਿਰ ਵਿਆਹ ਤੇ ਇਨ੍ਹਾਂ ਦੇ ਬੱਚੇ, ਇਸ ਗੱਲ ਦੀ ਫਿਕਰ ਵੀ ਦਾਦਾ-ਦਾਦੀ ਨੂੰ ਹੁਣੇ ਤੋਂ ਸਤਾਉਣ ਲੱਗਦੀ ਹੈ। ਇਹੀ ਸਿਲਸਿਲਾ ਜੀਵਨ ਚੱਕਰ ਅਖਵਾਉਂਦਾ ਹੈ।

ਇਸ ਤਰ੍ਹਾਂ ਅਸੀਂ ਸਾਰੇ ਇਸ ਜੀਵਨ ਚੱਕਰ ਦੇ ਭੰਵਰ ਵਿੱਚ ਫਸੇ ਰਹਿੰਦੇ ਹਾਂ। ਸਾਰੀ ਉਮਰ ਏਦਾਂ ਹੀ ਬੀਤ ਜਾਂਦੀ ਹੈ। ਪਤਾ ਨਹੀਂ ਚੱਲਦਾ ਕਿ ਕਦੋਂ ਜ਼ਿੰਦਗੀ ਦਾ ਅੰਤਮ ਸਮਾਂ ਆ ਗਿਆ। ਹਾਲਾਂਕਿ ਇਥੇ ਮਰਨਾ ਕੋਈ ਜ਼ਿਆਦਾ ਮਾਅਨੇ ਨਹੀਂ ਰੱਖਦਾ, ਕਿਉਂਕਿ ਇਹ ਇਕ ਅਟੱਲ ਸੱਚਾਈ ਹੈ ਕਿ ਇਕ ਨਾ ਇਕ ਦਿਨ ਸਭ ਨੇ ਮਰਨਾ ਹੈ। ਇਥੇ ਇਹ ਸਮਝਣਾ ਜ਼ਰੂਰੀ ਹੈ ਕਿ ਅਸੀਂ ਜਿਹੜਾ ਜੀਵਨ ਬਿਤਾਇਆ ਹੈ, ਉਹ ਕਿੰਨਾ ਆਨੰਦਮਈ ਸੀ, ਕਿਉਂਕਿ ਮਨੁੱਖੀ ਜੀਵਨ ਅਨਮੋਲ ਹੈ। ਕਹਿੰਦੇ ਹਨ, 'ਲੱਖਾਂ ਜੂਨਾਂ ਤੋਂ ਬਾਅਦ ਸਾਨੂੰ ਮਨੁੱਖੀ ਜੀਵਨ ਮਿਲਦਾ ਹੈ।' ਮੈਨੂੰ ਗੁਰਬਾਣੀ ਦੀਆਂ ਤੁਕਾਂ ਯਾਦ ਆ ਰਹੀਆਂ ਹਨ: 'ਰੈਣਿ ਗਵਾਈ ਸੋਇ ਕੇ ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥'

ਭਾਵ ਅਸੀਂ ਆਪਣਾ ਅਨਮੋਲ ਜੀਵਨ ਸੋਚਾਂ ਵਿੱਚ ਗੁਆ ਦਿੰਦੇ ਹਾਂ। ਸੰਸਾਰੀ ਵਸਤਾਂ ਪਿੱਛੇ ਭੱਜੇ ਫਿਰਦੇ ਰਹਿੰਦੇ ਹਾਂ। ਸੋਚਦੇ ਹਾਂ ਕਿ ਸਾਡੇ ਕੋਲ ਇਹ ਵੀ ਹੋਵੇ ਤੇ ਉਹ ਵੀ। ਉਸ ਕੋਲ ਹੈ, ਮੇਰੇ ਕੋਲ ਵੀ ਹੋਵੇ ਤੇ ਉਸ ਤੋਂ ਵੱਧ ਹੋਵੇ, ਪਰ ਜੋ ਸਾਡੇ ਕੋਲ ਹੁੰਦਾ ਹੈ, ਉਸ ਦੀ ਕਦਰ ਨਹੀਂ ਕਰਦੇ। ਜਿਵੇਂ ਆਮ ਕਹਾਵਤ ਹੈ 'ਦੂਜੇ ਦੀ ਥਾਲੀ ਵਿੱਚ ਲੱਡੂ ਵੱਡਾ ਹੀ ਦਿਸਦਾ ਹੈ।' ਸਬਰ ਤੇ ਗਿਆਨ ਦੀ ਘਾਟ ਕਰਕੇ ਦੂਜੇ ਦੀ ਖੁਸ਼ੀ ਤੇ ਤਰੱਕੀ ਤੋਂ ਈਰਖਾ ਕਰਦੇ ਹਾਂ। ਜੋ ਆਪਣੇ ਕੋਲ ਹੈ, ਉਸ ਵਿੱਚ ਖੁਸ਼ ਨਹੀਂ ਰਹਿ ਸਕਦੇ। ਹਮੇਸ਼ਾ ਦੂਜਿਆਂ ਨਾਲ ਆਪਣੀ ਤੁਲਨਾ ਕਰਦੇ ਰਹਿੰਦੇ ਹਾਂ।

ਜਦੋਂ ਮੈਂ ਮਨੁੱਖ ਦੀ ਤੁਲਨਾ ਪੰਛੀਆਂ ਨਾਲ ਕਰਦਾ ਹਾਂ ਤਾਂ ਮੈਨੂੰ ਪੰਛੀਆਂ ਦਾ ਪੱਲੜਾ ਭਾਰਾ ਜਾਪਦਾ ਹੈ। ਮਨੁੱਖ ਦੇ ਮੁਕਾਬਲੇ ਉਹ ਆਪਣਾ ਜੀਵਨ ਇਸ ਤਰੀਕੇ ਨਾਲ ਜਿਉਂਦੇ ਹਨ ਕਿ ਆਨੰਦਮਈ ਜਾਪਦਾ ਹੈ। ਇਸ ਲਈ ਉਹ ਸਾਨੂੰ ਸਦਾ ਚਹਿਕਦੇ ਨਜ਼ਰੀਂ ਪੈਂਦੇ ਹਨ। ਸਾਨੂੰ ਪੰਛੀਆਂ ਤੋਂ ਜੀਵਨ ਜਿਊਣ ਦਾ ਢੰਗ ਸਿੱਖਣਾ ਚਾਹੀਦਾ ਹੈ, ਕਿਉਂਕਿ ਪੰਛੀ ਆਪਣੇ ਬੱਚਿਆਂ ਨੂੰ ਉਦੋਂ ਤੱਕ ਪਾਲਦੇ ਪੋਸਦੇ ਹਨ, ਜਦੋਂ ਤੱਕ ਉਹ ਉਨ੍ਹਾਂ ਉਤੇ ਨਿਰਭਰ ਹੁੰਦੇ ਹਨ। ਜਿਵੇਂ ਹੀ ਉਡਣਾ ਸਿੱਖ ਲੈਂਦੇ ਹਨ ਤਾਂ ਮਾਪੇ ਉਨ੍ਹਾਂ ਨੂੰ ਆਜ਼ਾਦ ਜਿਊਣ ਲਈ ਛੱਡ ਦਿੰਦੇ ਹਨ। ਉਹ ਸਾਡੇ ਵਾਂਗ ਸਾਰੀ ਉਮਰ ਉਨ੍ਹਾਂ ਨਾਲ ਚਿੰਬੜੇ ਨਹੀਂ ਰਹਿੰਦੇ ਅਤੇ ਨਾ ਹੀ ਪੋਤੇ-ਪੜ-ਪੋਤੀਆਂ ਦੇ ਚੱਕਰਾਂ ਵਿੱਚ ਜੀਵਨ ਚੱਕਰ ਖਤਮ ਕਰਦੇ ਹਨ।

ਆਦਮ ਜ਼ਾਤ ਇਸ ਸੰਸਾਰ ਉਤੇ ਸਭ ਤੋਂ ਬੁੱਧੀਮਾਨ ਜੀਵ ਹੈ, ਪਰ ਲੱਗਦਾ ਹੈ ਕਿ ਸਾਡੀ ਜ਼ਿਆਦਾ ਸਿਆਣਪ ਹੀ ਸਾਡੀ ਸਭ ਤੋਂ ਵੱਡੀ ਦੁਸ਼ਮਣ ਹੋ ਗਈ ਹੈ। ਮਨੁੱਖ ਹੀ ਮਨੁੱਖ ਨਾਲ ਚਤੁਰਾਈ ਕਰਦਾ ਹੈ। ਅੱਜ ਕੱਲ੍ਹ ਤਾਂ ਅਸੀਂ ਆਪਣਿਆਂ ਨਾਲ ਵੀ ਚਤੁਰਾਈ ਵਰਤਣ ਤੋਂ ਗੁਰੇਜ਼ ਨਹੀਂ ਕਰਦੇ। ਜੇ ਅਸੀਂ ਜੀਵਨ ਨੂੰ ਆਨੰਦਮਈ ਢੰਗ ਨਾਲ ਜਿਉਣਾ ਚਾਹੁੰਦੇ ਹਾਂ ਤਾਂ ਇਸ ਜੀਵਨ ਚੱਕਰ ਨੂੰ ਤੋੜਨ ਦੀ ਲੋੜ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਨੰਦਮਈ ਤਰੀਕੇ ਨਾਲ ਜਿਉਣਾ ਸਿੱਖ ਸਕਣ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN
GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

ukttc UK TRUCK TRAINING CENTRE
PCC #179958
Registered as a Private Careers College

We help in Written Test & in Finding Jobs

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।



➡ Automatic & Manual Trucks
• 1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

➡ Forklift Training

Forklift $79 Recertification



Counterbalance Reach Truck


NEW LOCATION !!!
225 Sheldon Dr
Unit 18, Cambridge
Call Jitpal Singh Deol
647-204-1936

Kuldip Singh Grewal
647.894.8590

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Gurjot Singh Grewal 437.224.8500

# ਗੁਰਦੁਆਰਾ ਥੜ੍ਹਾ ਸਾਹਿਬ, ਮੁਲਤਾਨ



ਇਹ ਪਾਵਨ ਅਸਥਾਨ ਸ਼ਾਹ ਸ਼ਮਸ ਰੋਡ ਉੱਤੇ ਹਜ਼ਰਤ ਸ਼ਾਹ ਸ਼ਮਸ ਸਬਜ਼ਵਾਰੀ ਹੋਰਾਂ ਦੇ ਮਜ਼ਾਰ ਦੇ ਬਰਾਮਦੇ ਵਿੱਚ ਹੈ। ਮੁਲਤਾਨ ਸ਼ਹਿਰ ਅੰਦਰ ਦੌਲਤ ਦਰਵਾਜ਼ੇ ਦਾ ਚੌਕ ਪਾਰ ਕਰਦਿਆਂ ਹੀ ਇੱਕ ਬਹੁਤ ਉੱਚੀ ਅੰਬਰਾਂ ਨੂੰ ਛੂਹਦੀ ਇੱਕ ਇਮਾਰਤ ਨਜ਼ਰ ਆਉਂਦੀ ਹੈ, ਇਹਸ਼ਾਹ ਸ਼ਮਸ ਜੀ ਦਾ ਮਜ਼ਾਰ ਹੈ। ਸਤਿਗੁਰੂ ਜਦੋਂ ਮੁਲਤਾਨ ਆਏ ਤਾਂ ਸ਼ਹਿਰ ਤੋਂ ਬਾਹਰ ਹੀ ਆਪ ਜੀ ਨੇ ਮੁਕਾਮ ਕੀਤਾ। ਇੱਥੇ ਹੀ ਸ਼ਾਹਰੁਕਨੇ ਆਲਮ ਹੋਰਾਂਆਪ ਜੀ ਦੀ ਸੇਵਾ ਵਚ ਦੁੱਧ ਦਾ ਬਰਿਆ ਇਕ ਗਲਾਸ ਭੇਜਿਆ ਜਿਦਾ ਮਤਲਬ ਸੀ ਕਿ ਇੱਥੇ ਤਾਂ ਪਹਿਲਾਂ ਹੀ ਬੜੀ ਭੀੜ ਹੈ । ਸਤਿਗੁਰਾਂ ਨੇ ਉਸ ਦੁੱਧ ਦੇ ਪਿਆਲੇ ਵਿੱਚ ਫੁੱਲ ਦੀ ਇੱਕ ਪੱਤੀ ਰੱਖ ਕੇ ਮੋੜ ਦਿੱਤਾ, ਜਿਹਦਾ ਮਤਲਬ ਸੀ ਕਿ ਜਿਵੇਂ ਇਹ ਫੁੱਲ ਬਰੇ ਗਲਾਸ ਵਿਚ ਸਮਾਂ ਗਿਆ ਹੈ , ਬੱਸ ਇਸ ਤਰ੍ਹਾਂ ਅਸੀਨ ਵੀ ਥਾਂ ਬਣਾ ਬਣਾ ਲਵਾਂਗੇ। ਇਥੇ ਹੀ ਆਪ ਜੀ ਨੇ ਮੁਲਤਾਨ ਦੇ ਉਸ ਵੇਲੇ ਦੇ ਅਨੇਕਾਂ ਪੀਰਾਂ ਨਾਲ ਗੋਸ਼ਟੀ ਕੀਤੀ।

ਇਸ ਥਾਂ ਅੱਜ ਤੱਕ ਕੋਈ ਗੁਰਦੁਆਰਾ ਸਾਹਿਬ ਦੀ ਵੱਖਰੀ ਇਮਾਰਤ ਨਹੀਂ, ਇਸ ਮਜ਼ਾਰ ਦੇ ਬਰਾਂਡੇ ਵਿੱਚ ਹੀ ਥੜਾ ਸਾਹਿਬ ਹੈ। ਮਹਾਰਾਜਾ ਰਣਜੀਤ ਸਿੰਘ ਸਮੇ ਇਸ ਬਰਾਮਦੇ ਵਿੱਚ ਹੀ ਪ੍ਰਕਾਸ਼ ਹੁੰਦਾ ਰਿਹਾ। 1850 ਨੂੰ ਅੰਗਰੇਜ਼ਾਂ ਨੇ ਇਹ ਪ੍ਰਕਾਸ਼ ਬੰਦ ਕਰਵਾ ਦਿੱਤਾ। ਇਹ ਬਰਾਮਦਾ ਅੱਜ ਵੀ ਜਗਤ ਗੁਰੂ ਜੀ ਦੇ ਮੁਲਤਾਨ ਆਉਣ ਦੀ ਯਾਦਗਾਰ ਵਜੋਂ ਕਾਇਮ ਹੈ ।

# ਹੋਰ ਬਦਤਰ ਹੋਈ ਗਰੀਬੀ, ਭੁੱਖ ਅਤੇ ਗੈਰ ਬਰਾਬਰੀ ਦੀ ਸਥਿਤੀ

-ਏ ਰਾਨਾਡੇ

ਨੀਤੀ ਆਯੋਗ ਸਰਕਾਰ ਦਾ ਥਿੰਕ ਟੈਂਕ ਹੈ। ਇਹ ਖੋਜ ਕਰਦਾ, ਨੀਤੀਆਂ ਬਾਰੇ ਸਲਾਹ ਦਿੰਦਾ, ਵਿਜ਼ਨ ਡਾਕੂਮੈਂਟ ਤਿਆਰ ਕਰਦਾ, ਪਾਇਲਟ ਪ੍ਰੋਜੈਕਟ ਲਾਗੂ ਕਰਦਾ ਅਤੇ ਕਦੇ ਕਦੇ ਸਰਕਾਰ ਦੇ ਮੁੱਖ ਪੱਤਰ ਵਜੋਂ ਕੰਮ ਕਰਦਾ ਹੈ। ਇਸ ਤੋਂ ਅਹਿਮ ਗੱਲ ਇਹ ਹੈ ਕਿ ਇਹ ਵੱਖ-ਵੱਖ ਵਿਕਾਸ ਸੂਚਕਾਂ 'ਤੇ ਨਜ਼ਰ ਰੱਖਦਾ ਹੈ। ਮਿਸਾਲ ਵਜੋਂ ਇਹ ਸਾਰੇ ਸੂਬਿਆਂ ਦੀ 'ਈਜ਼ ਆਫ ਡੂਇੰਗ ਬਿਜ਼ਨਸ' (ਈ ਓ ਡੀ ਬੀ) ਵਿੱਚ ਰੈਂਕਿੰਗ ਕਰਦਾ ਹੈ। ਅੱਜਕੱਲ੍ਹ ਈ ਓ ਡੀ ਬੀ ਲਈ ਨੀਤੀ ਆਯੋਗ ਦੀ ਰੈਂਕਿੰਗ ਵਿੱਚ ਟੌਪਰ ਆਉਣ ਲਈ ਰਾਜਾਂ ਦੀ ਮੁਕਾਬਲੇਬਾਜ਼ੀ ਹੈ। ਮਹਾਰਾਸ਼ਟਰ ਸਭ ਤੋਂ ਵੱਧ ਉਦਯੋਗਿਕ ਹੈ। ਤਿੰਨ-ਚਾਰ ਸਾਲ ਪਹਿਲਾਂ ਇਹ ਸੂਬਾ ਇਸ ਮਾਮਲੇ ਵਿੱਚ ਟੌਪ 'ਤੇ ਸੀ, ਪਰ ਅੱਜ 10ਵੇਂ ਰੈਂਕ ਤੋਂ ਹੇਠਾਂ ਚਲਾ ਗਿਆ ਹੈ।

ਕਈ ਵਾਰ ਨੀਤੀ ਆਯੋਗ ਦੇ ਸਿੱਟੇ ਸਰਕਾਰ ਨੂੰ ਚਿੰਤਾ ਵਿੱਚ ਪਾ ਦਿੰਦੇ ਹਨ, ਮਿਸਾਲ ਵਜੋਂ ਨੀਤੀ ਆਯੋਗ ਨੇ ਇਹ ਜਾਣਨ ਲਈ ਇੱਕ ਸਰਵੇ ਕੀਤਾ ਕਿ ਕੀ ਖਾਦ ਵਾਸਤੇ ਡਾਇਰੈਕਟ ਕੈਸ਼ ਸਬਸਿਡੀ ਹਾਸਲ ਕਰ ਕੇ ਕਿਸਾਨ ਖੁਸ਼ ਹੋਣਗੇ? ਇਸ ਪਿੱਛੇ ਆਈਡੀਆ ਇਹ ਸੀ ਕਿ ਕਿਸਾਨਾਂ ਤੋਂ ਪੂਰੀ ਕੀਮਤ ਲਈ ਜਾਵੇ ਤਾਂ ਕਿ ਕੰਪਨੀਆਂ ਨੂੰ ਪੂਰਾ ਭੁਗਤਾਨ ਹੋ ਸਕੇ ਅਤੇ ਉਸ ਤੋਂ ਬਾਅਦ ਕਿਸਾਨਾਂ ਦੇ ਬੈਂਕ ਖਾਤੇ ਵਿੱਚ ਇਹ ਰਕਮ ਸਿੱਧੇ ਤੌਰ 'ਤੇ ਪਾ ਕੇ ਵਾਪਸ ਕਰ ਦਿੱਤੀ ਜਾਵੇ। ਇਸ ਨੂੰ ਡਾਇਰੈਕਟ ਬੈਨੀਫਿਟ ਟਰਾਂਸਫਰ (ਡੀ ਬੀ ਟੀ) ਕਿਹਾ ਜਾਂਦਾ ਹੈ। ਇਹ ਯੋਜਨਾ ਰਸੋਈ ਗੈਸ ਸਮੇਤ ਕਈ ਚੀਜ਼ਾਂ 'ਤੇ ਲਾਗੂ ਹੈ। ਹੈਰਾਨੀ ਜਨਕ ਤੌਰ 'ਤੇ ਕਿਸਾਨਾਂ ਨੇ ਕਿਹਾ ਕਿ ਉਹ ਡਾਇਰੈਕਟ ਕੈਸ਼ ਟਰਾਂਸਫਰ ਨਹੀਂ ਚਾਹੁੰਦੇ। ਇਹ ਉਸ ਸੋਚਣੀ ਦੇ ਉਲਟ ਸੀ, ਜੋ ਸਰਕਾਰ ਕਰਨਾ ਚਾਹੁੰਦੀ ਸੀ। ਇਸ ਲਈ ਨੀਤੀ ਆਯੋਗ ਨੂੰ ਆਪਣੀ ਯੋਜਨਾ ਵਿੱਚ ਸੋਧ ਕਰਨੀ ਪਵੇਗੀ ਤਾਂ ਕਿ ਇਹ ਕਿਸਾਨਾਂ ਨੂੰ ਮਨਜ਼ੂਰ ਹੋਵੇ।

ਇਸ ਤੋਂ ਵੱਧ ਦੁਖੀ ਕਰਨ ਵਾਲਾ ਹੈ ਲਗਾਤਾਰ ਵਿਕਾਸ ਦਾ ਟੀਚਾ (ਐੱਸ ਡੀ ਜੀ) ਉੱਤੇ ਨੀਤੀ ਆਯੋਗ ਦਾ ਸਿੱਟਾ। ਇਹ 17 ਟੀਚੇ ਹਨ, ਜੋ 2015 ਵਿੱਚ ਯੂ ਐੱਨ ਓ ਵੱਲੋਂ ਮਨਜ਼ੂਰ ਕੀਤੇ ਗਏ ਹਨ ਅਤੇ 2030 ਤੱਕ ਹਾਸਲ ਕੀਤੇ ਜਾਣੇ ਹਨ। ਐੱਸ ਡੀ ਜੀ-1 ਨਾਮੀ ਪਹਿਲਾ ਟੀਚਾ 2030 ਤੱਕ ਗਰੀਬੀ ਖਤਮ ਕਰਨ ਦਾ ਹੈ। ਕੀ ਇਹ ਅਸੰਭਵ ਲੱਗਦਾ ਹੈ? ਜੇ ਤੁਸੀਂ ਇਸ ਨੂੰ ਮਾਪਣ ਦਾ ਤਰੀਕਾ ਦੇਖੋ ਤਾਂ ਇਹ ਅਸੰਭਵ ਨਹੀਂ। ਇਹ ਇੱਕ ਤਰ੍ਹਾਂ ਨਾਲ 'ਰੋਜ਼ਾਨਾ ਇੱਕ ਡਾਲਰ' ਦੀ ਪਰਿਭਾਸ਼ਾ ਵਾਂਗ ਹੈ। ਜੇ ਕੋਈ ਆਦਮੀ ਰੋਜ਼ ਆਪਣੇ ਖਾਣ-ਪੀਣ ਅਤੇ ਬੁਨਿਆਦੀ ਲੋੜਾਂ 'ਤੇ ਇੱਕ ਡਾਲਰ ਖਰਚ ਕਰਦਾ ਹੈ ਤਾਂ ਉਸ ਨੂੰ ਗਰੀਬ ਨਹੀਂ ਮੰਨਿਆ ਜਾਵੇਗਾ। ਐੱਸ ਡੀ ਜੀ-2 ਭੁੱਖਮਰੀ ਦੇ ਖਾਤਮੇ ਬਾਰੇ ਹੈ। ਇਥੇ ਵੀ ਜੋ ਪਰਿਭਾਸ਼ਾ ਵਰਤੀ ਗਈ ਹੈ, ਉਹ ਕੈਲੋਰੀਜ਼ ਅਤੇ ਅਨੀਮੀਆ ਬਾਰੇ ਹੈ। ਐੱਸ ਡੀ ਜੀ-6 ਸਾਫ ਪਾਣੀ ਤੱਕ ਪਹੁੰਚ ਅਤੇ ਸਫਾਈ ਬਾਰੇ ਹੈ। ਇਹ ਟੀਚੇ ਖਾਹਿਸ਼ੀ ਲੱਗ ਸਕਦੇ ਹਨ, ਪਰ ਜਦੋਂ ਤੱਕ ਲੋੜੀਂਦੇ ਟੀਚੇ ਦੀ ਦਿਸ਼ਾ ਵਿੱਚ ਅਸੀਂ ਅੱਗੇ ਵਧ ਰਹੇ ਹਾਂ, ਉਦੋਂ ਤੱਕ ਇਹ ਪ੍ਰਵਾਨ ਹਨ। ਐੱਸ ਡੀ ਜੀ-10 ਨਾਬਰਾਬਰੀ ਘਟਾਉਣ ਬਾਰੇ ਹੈ, ਜਿਸ ਨੂੰ ਆਬਾਦੀ ਦੇ ਹੇਠਲੇ ਰੈਂਕ ਉਤੇ ਖੜ੍ਹੇ 10 ਫੀਸਦੀ ਲੋਕਾਂ ਦੇ ਆਮਦਨ ਵਿੱਚ ਹਿੱਸੇ ਦੇ ਹਿਸਾਬ ਨਾਲ ਮਾਪਿਆ ਜਾ ਸਕਦਾ ਹੈ। ਦੁਖੀ ਕਰਨ ਵਾਲੀ ਗੱਲ ਇਹ ਹੈ ਕਿ ਨੀਤੀ ਆਯੋਗ ਮੁਤਾਬਕ ਭਾਰਤ ਦੇ ਲਗਭਗ ਸਾਰੇ ਸੂਬਿਆਂ ਵਿੱਚ ਪਿਛਲੇ ਇੱਕ ਸਾਲ ਅੰਦਰ ਗਰੀਬੀ, ਭੁੱਖਮਰੀ ਅਤੇ ਨਾਬਰਾਬਰੀ ਦੀ ਸਥਿਤੀ ਹੋਰ ਬਦਤਰ ਹੋਈ ਹੈ। ਇਹ ਰਿਪੋਰਟ ਲਗਭਗ 15 ਦਿਨ ਪਹਿਲਾਂ ਆਈ ਹੈ ਅਤੇ ਕਾਫੀ ਚਿੰਤਤ ਕਰਨ ਵਾਲੀ ਹੈ ਕਿਉਂਕਿ ਪਿਛਲੇ ਸਾਲ ਤੱਕ ਭਾਰਤ ਇਨ੍ਹਾਂ ਤਿੰਨਾਂ ਮੋਰਚਿਆਂ ਉੱਤੇ ਚੰਗੀ ਸਥਿਤੀ ਵਿੱਚ ਸੀ।



ਅਸਲ ਵਿਚ ਯੀ ਐੱਨ ਡੀ ਪੀ ਅਤੇ ਆਕਸਫੋਰਡ ਯੂਨੀਵਰਸਿਟੀ ਪ੍ਰੈੱਸ ਵਿੱਚ ਛਪੀ ਰਿਪੋਰਟ ਮੁਤਾਬਕ ਗਰੀਬੀ ਘਟਾਉਣ ਵਿੱਚ ਭਾਰਤ ਦੀ ਭੂਮਿਕਾ ਪੂਰੀ ਦੁਨੀਆ ਵਿੱਚ ਸਲਾਹੀ ਗਈ ਸੀ। 2005 ਤੋਂ 2015 ਤੱਕ ਭਾਰਤ 27.10 ਕਰੋੜ ਲੋਕਾਂ ਨੂੰ ਗਰੀਬੀ 'ਚੋਂ ਬਾਹਰ ਕੱਢਣ 'ਚ ਸਫਲ ਰਿਹਾ ਸੀ। ਇਥੇ ਗਰੀਬੀ ਨੂੰ ਬਹੁ-ਪੱਖੀ ਸੂਚਕ ਅੰਕ (ਐੱਮ ਪੀ ਆਈ) ਨਾਲ ਮਾਪਿਆ ਜਾਂਦਾ ਹੈ, ਜਿਸ ਵਿੱਚ ਆਮਦਨ, ਸਿਹਤ, ਭੁੱਖਮਰੀ ਸ਼ਾਮਲ ਹਨ। ਐੱਮ ਪੀ ਆਈ 10 ਸੂਚਕਾਂ ਦਾ ਇਸਤੇਮਾਲ ਕਰਦਾ ਹੈ, ਜੋ ਬਾਲ ਗਰੀਬੀ ਘੱਟ ਕਰਨ ਵਿੱਚ ਭਾਰਤ ਦੇ ਜ਼ਿਕਰ ਯੋਗ ਰੁਝਾਨ ਦਰਸਾਉਂਦਾ ਹੈ। ਇਸ ਮਾਮਲੇ ਵਿੱਚ ਭਾਰਤ ਦੀ ਕਾਰਗੁਜ਼ਾਰੀ ਚੀਨ ਦੇ ਬਰਾਬਰ ਹੈ।

ਅਜਿਹੇ ਪਿਛੋਕੜ ਵਿੱਚ ਇਹ ਗੱਲ ਕਾਫੀ ਦੁਖੀ ਕਰਨ ਵਾਲੀ ਸੀ ਕਿ ਬਹੁਤੇ ਰਾਜਾਂ ਦੀ ਪ੍ਰਫਾਰਮੈਂਸ ਘਟੀ ਹੈ। ਨੀਤੀ ਆਯੋਗ 62 ਵੱਖ-ਵੱਖ ਸੂਚਕਾਂ ਦੀ ਵਰਤੋਂ ਕਰਦਿਆਂ ਸੂਬਾ ਪੱਧਰੀ ਕਾਰਗੁਜ਼ਾਰੀ ਨੂੰ ਦੇਖਦਾ ਹੈ, ਇਸ ਲਈ ਇਹ ਕਾਫੀ ਸਹੀ ਹੈ। ਕਮਿਸ਼ਨ ਨੇ ਦੇਖਿਆ ਕਿ ਦਸੰਬਰ 2018 ਦੇ ਮੁਕਾਬਲੇ ਪਿਛਲੇ ਇੱਕ ਸਾਲ ਵਿੱਚ 28 'ਚੋਂ 22 ਸੂਬਿਆਂ ਵਿਚ ਗਰੀਬੀ ਵਧੀ ਹੈ। ਬਿਹਾਰ ਤੇ ਉੜੀਸਾ ਵਿੱਚ ਜ਼ਿਆਦਾ ਵਾਧਾ ਹੋਇਆ ਹੈ, ਪਰ ਪੰਜਾਬ ਅਤੇ ਯੂ ਪੀ ਦੀ ਸਥਿਤੀ ਵੀ ਵਧੀਆ ਨਹੀਂ ਹੈ। ਇਸੇ ਤਰ੍ਹਾਂ ਭੁੱਖਮਰੀ ਖਤਮ ਕਰਨ ਵਿੱਚ ਵੀ ਸਥਿਤੀ ਖਰਾਬ ਹੋਈ ਹੈ। ਇਸ ਵਿੱਚ ਸਭ ਤੋਂ ਮਾੜੀ ਕਾਰਗੁਜ਼ਾਰੀ ਛੱਤੀਸਗੜ੍ਹ, ਮੱਧ ਪ੍ਰਦੇਸ਼, ਤੇਲੰਗਾਨਾ, ਆਂਧਰਾ ਪ੍ਰਦੇਸ਼ ਤੇ ਕਰਨਾਟਕ ਦੀ ਹੈ। ਸਿੱਟਿਆਂ ਤੋਂ ਪਤਾ ਲੱਗਦਾ ਹੈ ਕਿ ਇਸ ਸਾਲ ਗਲੋਬਲ ਹੰਗਰ ਇੰਡੈਕਸ ਵਿੱਚ ਭਾਰਤ ਦੀ ਰੈਂਕਿੰਗ ਖਰਾਬ ਹੈ, ਖਾਸ ਕਰ ਕੇ ਬੱਚਿਆਂ ਦੀ ਭੁੱਖ ਦੇ ਮਾਮਲੇ ਵਿੱਚ। ਜਿੱਥੋਂ ਤੱਕ ਨਾਬਰਾਬਰੀ ਦਾ ਸਵਾਲ ਹੈ, ਇਸ ਵਿੱਚ ਵੀ 28 'ਚੋਂ 25 ਸੂਬਿਆਂ ਵਿੱਚ ਸਥਿਤੀ ਬਦਤਰ ਹੋਈ ਹੈ।

ਇਨ੍ਹਾਂ ਤੱਥਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ ਕਿਉਂਕਿ ਇਹ ਜੀ ਡੀ ਪੀ ਅਤੇ ਬੇਰੋਜ਼ਗਾਰੀ ਦੇ ਪਹਿਲਾਂ ਤੋਂ ਮੁਹੱਈਆ ਅੰਕੜਿਆਂ ਦੀ ਪੁਸ਼ਟੀ ਕਰਦੇ ਹਨ। 'ਪ੍ਰੋਜੈਕਟ ਟਾਈਗਰ' ਵਾਂਗ ਸਾਨੂੰ ਇਨ੍ਹਾਂ ਤਿੰਨ ਮੁੱਖ ਐਸ ਡੀ ਜੀਜ਼ਓ ਉਥੇ ਧਿਆਨ ਦੇਣਾ ਪਵੇਗਾ ਤਾਂ ਕਿ ਸਥਿਤੀਆਂ ਹੋਰ ਖਰਾਬ ਨਾ ਹੋਣ। ਜੇ ਸਾਨੂੰ ਇਨ੍ਹਾਂ 'ਚੋਂ ਸਿਰਫ ਇੱਕ ਦੀ ਚੋਣ ਕਰਨੀ ਪਵੇ ਤਾਂ ਇਹ ਐੱਸ ਡੀ ਜੀ-2 ਹੋਣੀ ਚਾਹੀਦੀ ਹੈ, ਜੋ 2030 ਤੱਕ 'ਜ਼ੀਰੋ ਹੰਗਰ' ਦਾ ਟੀਚਾ ਹਾਸਿਲ ਕਰਨ ਬਾਰੇ ਹੈ। ਜੇ ਦੇਸ਼ ਤੰਦਰੁਸਤ ਰਹੇਗਾ ਤਾਂ ਰੁੱਖਾਂ-ਪੌਦਿਆਂ ਦਾ ਪੂਰਾ ਈਕੋ ਸਿਸਟਮ ਵੀ ਵਧੇਗਾ-ਫੁੱਲੇਗਾ। ਇਸੇ ਤਰ੍ਹਾਂ ਜੇ ਬੱਚਿਆਂ ਦੀ ਭੁੱਖ ਖਤਮ ਕਰ ਦਿੱਤੀ ਜਾਵੇ ਤਾਂ ਜੀ ਡੀ ਪੀ ਦੇ ਬਾਕੀ ਸਾਰੇ ਪਹਿਲੂ ਵੀ ਚੰਗਾ ਕੰਮ ਕਰਨ ਲੱਗ ਪੈਣਗੇ।

# ਸਿਖਰ ਤੋਂ ਢਲਾਣ ਵੱਲ ਭਾਜਪਾ

-ਐੱਨ ਕੇ ਸਿੰਘ

ਰਾਜਨੀਤੀ ਸ਼ਾਸਤਰ 'ਚ ਇੱਕ ਸਿਧਾਂਤ ਹੈ ਕਿ ਸਮਾਜ 'ਚ ਸਿਖਿਆ ਦੇ ਪਸਾਰ, ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧਾ ਅਤੇ ਨਵੀਂ ਤਕਨੀਕ ਦੇ ਆਮ ਲੋਕਾਂ ਤੱਕ ਪਹੁੰਚਣ ਦੇ ਨਾਲ ਲੋਕਾਂ ਦੀਆਂ ਆਸਾਂ ਵੀ ਸਰਕਾਰਾਂ ਤੋਂ ਵਧਦੀਆਂ ਹਨ ਤੇ ਸਿਆਸੀ ਪਾਰਟੀਆਂ 'ਚ ਜੇ ਇਨ੍ਹਾਂ ਆਸਾਂ ਮੁਤਾ-ਬਕ ਆਪਣੀਆਂ ਨੀਤੀਆਂ ਬਦਲਣ ਦੀ ਸਹੂਲਤ ਨਾ ਹੋਵੇ ਤਾਂ ਉਹ ਆਪਣੀ ਹਰਮਨ ਪਿਆਰਤਾ ਗੁਆਉਣ ਲੱਗਦੀਆਂ ਹਨ ਭਾਵ ਸਿਆਸੀ ਪਾਰਟੀਆਂ ਨੂੰ ਕੋਈ ਇੱਕ ਹੀ ਨੀਤੀ ਜ਼ਿਆਦਾ ਦਿਨਾਂ ਤੱਕ ਹਰਮਨ ਪਿਆਰੀ ਨਹੀਂ ਰੱਖ ਸਕਦੀ ਅਤੇ ਕਿਸੇ ਇੱਕ ਨੇਤਾ ਨੂੰ ਵੀ ਉਦੋਂ ਤੱਕ ਪ੍ਰਵਾਨ ਕੀਤਾ ਜਾਂਦਾ ਹੈ, ਜਦੋਂ ਤੱਕ ਉਹ ਲੋਕਾਂ ਦੀਆਂ ਇੱਛਾਵਾ 'ਤੇ ਖਰਾ ਉਤਰਦਾ ਰਹੇ। ਕਮਿਊਨਿਸਟਾਂ ਦੇ ਸਿਧਾਂਤ ਇੱਕ ਸਮੇਂ ਲਈ ਬਿਹਤਰੀਨ ਸਨ, ਪਰ ਉਨ੍ਹਾਂ 'ਤੇ ਦ੍ਰਿੜ੍ਹਤਾ ਉਨ੍ਹਾਂ ਨੂੰ ਲੈ ਡੱਬੀ। ਭਾਰਤ 'ਚ 60ਵੇਂ ਦਹਾਕੇ 'ਚ ਪ੍ਰਚਲਿਤ ਵਿਅੰਗ ਸੀ ਕਿ ਮਾਸਕੋ 'ਚ ਮੀਂਹ ਪੈਂਦਾ ਹੈ ਤਾਂ ਭਾਰਤ ਦੇ ਕਮਿਊਨਿਸਟ ਛੱਤਰੀ ਤਾਣ ਲੈਂਦੇ ਹਨ। ਇਸ ਅਨੋਖਾ ਧਾਰਨਾ ਦੇ ਪੂਰੀ ਦੁਨੀਆ 'ਚੋਂ ਖਤਮ ਹੋਣ ਦੀ ਵਜ੍ਹਾ ਸੀ ਉਤਪਾਦਨ ਦੇ ਤਰੀਕੇ ਅਤੇ ਕਿਸਮ ਦਾ ਬਦਲਣਾ, ਸਿੱਟੇ ਵਜੋਂ ਮਾਰਕਸ-ਬ੍ਰਾਂਡ ਸਰਵਹਾਰਾ ਦਾ ਅਲੋਪ ਹੋਣਾ।

ਭਾਜਪਾ ਦੀ ਹਰਮਨ ਪਿਆਰਤਾ ਦਾ ਗ੍ਰਾਫ ਸ਼ਾਇਦ ਸਿਖਰ 'ਤੇ ਪਹੁੰਚ ਕੇ ਨਿਵਾਣ ਦਾ ਰਾਹ ਫੜ ਚੁੱਕਾ ਹੈ ਕਿਉਂਕਿ ਭਾਵਨਾਤਮਕ ਮੁੱਦੇ ਮੌਜੂਦਾ ਨੌਜਵਾਨਾਂ ਨੂੰ ਘੱਟ ਪ੍ਰਭਾਵਤ ਕਰਨ ਲੱਗੇ ਹਨ। ਸਟੇਟ ਬੈਂਕ ਆਫ ਇੰਡੀਆ ਦੀ ਤਾਜ਼ਾ ਰਿਪੋਰਟ ਅਨੁਸਾਰ ਪਿਛਲੇ ਸਾਲ ਦੇ ਮੁਕਾਬਲੇ 16 ਲੱਖ ਨੌਕਰੀਆਂ ਘੱਟੀਆਂ ਹਨ। ਬਲੂਮਬਰਗ ਦੇ ਅੰਦਾਜ਼ੇ ਮੁਤਾਬਕ ਬੇਰੋਜ਼ਗਾਰੀ 45 ਸਾਲਾਂ ਵਿੱਚ ਸਭ ਤੋਂ ਜ਼ਿਆਦਾ ਵਧੀ ਹੈ। ਸਰਕਾਰੀ ਅਪਰਾਧ ਰਿਕਾਰਡ ਬਿਊਰੋ ਦੱਸਦਾ ਹੈ ਕਿ ਸਿਰਫ 2018 ਵਿੱਚ 12 ਹਜ਼ਾਰ ਬੇਰੋਜ਼ਗਾਰ ਨੌਜਵਾਨਾਂ ਨੇ (ਹਰੇਕ ਚਾਲੀ ਮਿੰਟ 'ਤੇ ਇੱਕ) ਖੁਦਕੁਸ਼ੀ ਕੀਤੀ। ਮਹਿੰਗਾਈ ਪੰਜ ਸਾਲਾਂ ਵਿੱਚ ਸਭ ਤੋਂ ਜ਼ਿਆਦਾ ਹੈ। ਨੌਜਵਾਨਾਂ ਦੇ ਹੱਥ ਵਿੱਚ ਪੱਥਰ ਹਨ, ਪਰ ਸਰਕਾਰ ਅਤੇ ਭਾਜਪਾ ਦਾ ਰਟਿਆ-ਰਟਾਇਆ ਜੁਮਲਾ ਹੈ ਕਿ ''ਇਹ ਵਿਰੋਧੀ ਧਿਰ ਵਾਲੀਆਂ ਸਿਆਸੀ ਪਾਰਟੀਆਂ ਵੱਲੋਂ ਗੁੰਮਰਾਹ ਕੀਤੇ ਗਏ ਹਨ।''




ਮਹਾਰਾਸ਼ਟਰ 'ਚ ਧੱਕੇਸ਼ਾਹੀ ਅਤੇ ਬਿਹਾਰ 'ਚ ਬੇਚਾਰਗੀ ਕਿਉਂ? ਇਨ੍ਹਾਂ ਸਭ ਦੇ ਬਾਵਜੂਦ ਪਿਛਲੇ ਦਿਨੀਂ ਬਿਹਾਰ ਦੇ ਵੈਸ਼ਾਲੀ ਜ਼ਿਲੇ ਦੇ ਇੱਕ ਜਲਸੇ ਵਿੱਚ ਬੋਲਦਿਆਂ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਕਿ ਬਿਹਾਰ 'ਚ ਚੋਣਾਂ ਮੁੱਖ ਮੰਤਰੀ ਤੇ ਜਨਤਾ ਦਲ (ਯੂ) ਦੇ ਨੇਤਾ ਨਿਤੀਸ਼ ਕੁਮਾਰ ਦੀ ਅਗਵਾਈ ਵਿੱਚ ਲੜੀਆਂ ਜਾਣਗੀਆਂ। ਇਸ ਬਿਆਨ ਨੇ ਉਸ ਪੁਰਜ਼ੋਰ ਮੰਗ 'ਤੇ ਰੋਕ ਲਾ ਦਿੱਤੀ, ਜੋ ਦੋ ਦਿਨ ਪਹਿਲਾਂ ਪਾਰਟੀ ਵਿਧਾਇਕ ਸੰਜੇ ਪਾਸਵਾਨ ਦੇ ਉਸ ਦਾਅਵੇ 'ਚੋਂ ਨਿਕਲੀ ਸੀ ਕਿ 'ਅਗਲਾ ਮੁੱਖ ਮੰਤਰੀ ਉਨ੍ਹਾਂ ਦੀ ਪਾਰਟੀ 'ਚੋਂ ਹੋਣਾ ਚਾਹੀਦਾ ਹੈ ਕਿਉਂਕਿ ਲੋਕ ਨਿਤੀਸ਼ ਕੁਮਾਰ ਦੇ ਚਿਹਰੇ ਤੋਂ ਅੱਕ ਚੁੱਕੇ ਹਨ।" ਦੂਜੇ ਪਾਸੇ ਨਿਤੀਸ਼ ਕੁਮਾਰ ਲਗਾਤਾਰ ਸੀ ਏ ਏ ਦੇ ਤਹਿਤ ਆਉਣ ਵਾਲੇ ਕੌਮੀ ਆਬਾਦੀ ਰਜਿਸਟਰ ਅਤੇ ਭਾਰਤੀ ਨਾਗਰਿਕਾਂ ਦੇ ਕੌਮੀ ਰਜਿਸਟਰ (ਐੱਨ ਆਰ ਆਈ ਸੀ) ਨੂੰ ਆਪਣੇ ਹੱਥੀਂ ਲਾਗੂ ਕਰਨ ਪ੍ਰਤੀ ਨਾਂਹ-ਪੱਖੀ ਸੰਦੇਸ਼ ਦੇ ਰਹੇ ਹਨ, ਪਰ ਅਮਿਤ ਸ਼ਾਹ ਨੇ ਪੂਰੇ ਭਾਸ਼ਣ ਵਿੱਚ ਇੱਕ ਵਾਰ ਵੀ ਕਿਸੇ ਰਜਿਸਟਰ ਦਾ ਜ਼ਿਕਰ ਨਹੀਂ ਕੀਤਾ, ਜਦ ਕਿ ਉਹ ਗਏ ਸਨ ਲੋਕਾਂ ਨੂੰ ਸੀ ਏ ਏ ਬਾਰੇ ਸਮਝਾਉਣ। ਝਾਰਖੰਡ 'ਚ ਪਿੱਛੇ ਹੋਈਆਂ ਚੋਣਾਂ 'ਚ ਭਾਜਪਾ ਵਿਰੁੱਧ ਲੜ ਕੇ ਉਸ ਨੂੰ ਹਰਾਉਣ 'ਚ ਜਨਤਾ ਦਲ (ਯੂ) ਦੀ ਭੂਮਿਕਾ ਵੀ ਰਹੀ ਹੈ।

ਫਿਰ ਆਖਰ ਕੀ ਮਜਬੂਰੀ ਹੈ ਕਿ ਦੁਨੀਆ ਦੀ ਲੋਕਤੰਤਰੀ ਪ੍ਰਣਾਲੀ ਦੀ ਸਭ ਤੋਂ ਵੱਡੀ ਪਾਰਟੀ ਭਾਜਪਾ ਬਿਹਾਰ 'ਚ ਲਾਚਾਰ ਬਣ ਕੇ ਨਿਤੀਸ਼ ਕੁਮਾਰ ਨੂੰ ਸਿਜਦਾ ਕਰ ਰਹੀ ਹੈ, ਇਹ ਜਾਣਦੇ ਹੋਏ ਕਿ ਸੰਜੇ ਪਾਸਵਾਨ ਦੀ ਭਾਵਨਾ ਉਸ ਸੂਬੇ ਵਿੱਚ ਹਰ ਭਾਜਪਾ ਵਰਕਰ ਦੀ ਭਾਵਨਾ ਹੈ। ਪਾਰਟੀ ਲੀਡਰਸ਼ਿਪ ਇਹ ਜਾਣਦੀ ਹੈ ਕਿ ਨਿਤੀਸ਼ ਸਰਕਾਰ 'ਚ ਭਾਜਪਾ ਦੇ ਮੰਤਰੀਆਂ ਦੀ ਕੋਈ ਹੈਸੀਅਤ ਨਹੀਂ ਰਹਿ ਗਈ ਅਤੇ ਵਰਕਰਾਂ ਨੂੰ ਜ਼ਿਲਾ ਪੱਧਰ 'ਤੇ ਰੋਜ਼ਾਨਾ ਸਰਕਾਰੀ ਅਫਸਰਾਂ ਹੱਥੋਂ ਅਪਮਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਹਾਰਾਸ਼ਟਰ 'ਚ ਸ਼ਿਵ ਸੈਨਾ ਦੀ ਜ਼ਿੱਦ ਕਿਉਂ ਗਲਤ ਸੀ?

ਜਨਤਾ ਦਲ (ਯੂ)-ਭਾਜਪਾ ਗਠਜੋੜ ਸਰਕਾਰ ਹੈ ਲਿਹਾਜ਼ਾ ਇਹ ਜਿੱਤੇਗਾ ਵੀ ਅਤੇ ਸਰਕਾਰ ਵੀ ਬਣੇਗੀ ਕਿਉਂਕਿ ਵਿਰੋਧੀ ਧਿਰ ਕੋਲ ਲੀਡਰਸ਼ਿਪ ਦੀ ਘਾਟ ਹੈ ਅਤੇ ਇਹ ਖਿੰਡਰੀ ਹੋਈ ਹੈ, ਪਰ ਕੀ ਭਾਜਪਾ ਦੀ ਸੱਚਮੁੱਚ ਜਿੱਤ ਹੋਵੇਗੀ? ਸਿਆਸੀ ਪਾਰਟੀਆਂ ਧਰਮਾਰਥ ਦਾ ਕੰਮ ਨਹੀਂ ਕਰਦੀਆਂ। ਸੰਗਠਨ ਵਧਾਉਣਾ ਤੇ ਉਸ ਨਾਲ ਹਾਸਲ ਜਿੱਤ ਦੇ ਬਲਬੂਤੇ ਸੱਤਾ ਹਾਸਲ ਕਰਨਾ ਉਨ੍ਹਾਂ ਦਾ ਮੂਲ ਉਦੇਸ਼ ਹੁੰਦਾ ਹੈ। ਭਾਜਪਾ ਪੱਛਮੀ ਬੰਗਾਲ, ਕੇਰਲ, ਪੰਜਾਬ ਅਤੇ ਕਰਨਾਟਕ 'ਚ ਪੈਰ ਪਸਾਰ ਰਹੀ ਹੈ, ਜਦ ਕਿ ਅਜਿਹਾ ਕਰਨ 'ਚ ਇਸ ਦੇ ਵਰਕਰਾਂ ਦੀ 'ਹੱਤਿਆ' ਹੋ ਰਹੀ ਹੈ।

ਬਿਹਾਰ ਵਿਕਾਸ ਦੇ ਹਰ ਪੈਰਾਮੀਟਰ 'ਤੇ ਪਿਛਲੇ 15 ਸਾਲਾਂ ਦੇ ਨਿਤੀਸ਼ ਰਾਜ ਵਿੱਚ (ਜਿਸ 'ਚ ਭਾਜਪਾ ਵੀ ਸ਼ਾਮਲ ਹੈ) ਨਿਘਾਰ 'ਚ ਰਿਹਾ ਅਤੇ ਇਸ ਦੇ ਉਭਰਨ ਦੀ ਕੋਈ ਗੁੰਜਾਇਸ਼ ਨਜ਼ਰ ਨਹੀਂ ਆ ਰਹੀ। ਅਜਿਹੀ ਸਥਿਤੀ ਵਿੱਚ ਭਾਜਪਾ ਦੀ ਗੈਰਤ (ਜੇ ਵੱਡੀਆਂ ਪਾਰਟੀਆਂ 'ਚ ਬਚੀ ਹੈ) ਇਹ ਗਵਾਰਾ ਕਰਦੀ ਹੈ ਕਿ ਅਨੈਤਿਕ ਗਠਜੋੜ ਕਰ ਕੇ ਉਹ ਮੁੜ ਸੱਤਾ ਵਿੱਚ ਆਵੇ ਅਤੇ ਹਰ ਤੀਜੇ ਦਿਨ ਮੁੱਖ ਮੰਤਰੀ ਇਸ ਨੂੰ ਇਸ ਦੀ ਔਕਾਤ ਦੱਸੇ।

ਚੋਣ ਵਿਗਿਆਨ ਦਾ ਕੋਈ ਸ਼ੁਰੂਆਤੀ ਵਿਦਿਆਰਥੀ ਵੀ ਕਹਿ ਸਕਦਾ ਹੈ ਕਿ ਜਾਤ ਅਤੇ ਧਰਮ 'ਚ ਵੰਡੇ ਇਸ ਸੂਬੇ ਵਿੱਚ ਜੇ ਕਿਸੇ ਪਾਰਟੀ ਅੰਦਰ ਦਹਾਕਿਆਂ ਤੱਕ ਇਕੱਲਿਆਂ ਸਰਕਾਰ ਚਲਾਉਣ ਦੀ ਸਮਰੱਥਾ ਹੈ ਤਾਂ ਉਹ ਭਾਜਪਾ ਹੈ, ਪਰ ਇਸ ਨੂੰ ਅਜੇ ਇਹ ਸਮਝ ਨਹੀਂ ਆਈ ਕਿ ਉਸ ਵਰਗੀ ਕੋਈ ਕੌਮੀ ਪਾਰਟੀ ਜਦੋਂ ਕਿਸੇ ਵਿਅਕਤੀ ਜਾਂ ਪਾਰਟੀ ਦਾ ਸਾਥ ਦਿੰਦੀ ਹੈ ਤਾਂ ਉਸ ਦਾ ਸਿਆਸੀ ਕੱਦ ਵਧ ਜਾਂਦਾ ਹੈ। ਸਮਾਂ ਪਾ ਕੇ ਜੇ ਵੱਡੀ ਪਾਰਟੀ ਆਪਣਾ ਵਿਸਥਾਰ ਨਹੀਂ ਕਰਦੀ ਤਾਂ ਉਸ ਥਾਂ ਨੂੰ ਛੋਟੀ ਪਾਰਟੀ ਭਰਨ ਲੱਗਦੀ ਹੈ। ਨਿਰਾਸ਼ ਵਰਕਰ ਸਮਾਜ ਵਿੱਚ ਰਚਨਾਤਮਕ ਕੰਮ ਨਾਲ ਆਪਣੀ ਹੈਸੀਅਤ ਬਣਾਉਣ ਦੀ ਥਾਂ ਜਾਤਵਾਦੀ ਅਤੇ ਫਿਰਕੂ ਹਿੰਸਾ ਦਾ ਸਹਾਰਾ ਲੈਣ ਲੱਗਦੇ ਹਨ ਅਤੇ ਇਸ ਦਰਮਿਆਨ ਜਨਤਾ ਦਲ (ਯੂ) ਦਾ ਜਨ-ਆਧਾਰ ਬਿਨਾਂ ਕੁਝ ਕੀਤਿਆਂ 2.6 ਫੀਸਦੀ ਤੋਂ 16 ਫੀਸਦੀ (ਅੱਜ) ਤੱਕ ਪਹੁੰਚ ਜਾਂਦਾ ਹੈ।

ਜੇ ਬਿਹਾਰ ਭਾਜਪਾ 'ਚ ਕੇਰਲ ਇਕਾਈ ਵਾਲਾ ਜੁਝਾਰੂਪਣ ਹੁੰਦਾ ਤਾਂ ਸੰਨ 2015 ਦੇ ਲਾਲ-ਨਿਤੀਸ਼ ਦੇ ਬੇਮੇਲ ਗਠਜੋੜ ਤੋਂ ਦੂਰ ਸਥਾਨਕ ਪੱਧਰ 'ਤੇ ਭ੍ਰਿਸ਼ਟਾਚਾਰ ਅਤੇ ਵਿਕਾਸਹੀਣਤਾ ਦੇ ਮੁੱਦੇ 'ਤੇ ਸਰਕਾਰ ਦਾ ਵਿਰੋਧ ਕਰ ਕੇ ਹਿੰਦੂ ਕਾਰਡ ਖੇਡਦਿਆਂ (ਕਿਉਂਕਿ ਨਿਤੀਸ਼ ਇੱਕ ਰਣਨੀਤੀ ਦੇ ਤਹਿਤ ਮੁਸਲਿਮ ਕਾਰਡ ਖੇਡਣ ਦੇ ਸ਼ੌਕੀਨ ਹਨ) ਇੰਨੀ ਤੇਜ਼ੀ ਨਾਲ ਆਪਣਾ ਜਨ ਆਧਾਰ ਬਣਾ ਸਕਦੀ ਸੀ ਕਿ ਨਿਤੀਸ਼ ਸਿਆਸੀ ਮੰਚ ਦੇ ਹਾਸ਼ੀਏ 'ਤੇ ਹੁੰਦੇ।

ਉਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਵਰਗੇ ਨੇਤਾਵਾਂ ਦਾ ਵਰਕਰਾਂ ਨੂੰ ਇਹ ਸਮਝਾਉਣਾ ਕਿ ਜੇ ਨਿਤੀਸ਼ ਨੂੰ ਗਠਜੋੜ ਵਿੱਚ ਨਾ ਬੰਨਿਆ ਗਿਆ ਤਾਂ ਵਿਰੋਧੀ ਧਿਰ ਦੇ ਨੇਤਾ ਬਣ ਕੇ ਉਹ ਭਾਜਪਾ ਲਈ ਸੂਬੇ ਵਿੱਚ ਹੀ ਨਹੀਂ, ਦੇਸ਼ ਪੱਧਰ 'ਤੇ ਵੀ ਇੱਕ ਬਦਲ ਵਜੋਂ ਉਭਰਨਗੇ, ਮਨੋਵਿਗਿਆਨ ਵਿੱਚ ਪ੍ਰਚਲਿਤ ਬਿਮਾਰੀ 'ਏਟੀਸ਼ੀਫੋਬੀਆ' (ਹਾਰਨ ਦਾ ਡਰ) ਤੋਂ ਇਲਾਵਾ ਕੁਝ ਨਹੀਂ ਹੈ। ਲਿਹਾਜ਼ਾ ਹੁਣ ਵੀ ਸੀਟਾਂ ਦੀ ਵੰਡ ਨਿਤੀਸ਼ ਦੇ ਰਹਿਮੋ-ਕਰਮ 'ਤੇ ਹੋਵੇਗੀ।

# ਭਾਰਤੀ ਸੰਵਿਧਾਨ ਦੇ ਲੋਕਾਂ ਨੂੰ 'ਸੱਚੇ' ਵਿੱਚ ਢਾਲਿਆ

-ਕਰਣ ਥਾਪਰ-

ਭਾਰਤੀ ਸੰਵਿਧਾਨ ਸੰਵਿਧਾਨਕ ਅਸੈਂਬਲੀ ਦੇ ਪ੍ਰਤੀਨਿਧਾਂ ਰਾਹੀਂ ਬਣਾਇਆ ਗਿਆ ਹੈ। ਇਸ ਦੇ ਨਾਲ ਇਸ ਨੇ ਭਾਰਤੀ ਲੋਕਾਂ ਨੂੰ ਜਮਹੂਰੀ ਨਾਗਰਿਕਾਂ ਦੇ ਸੱਚੇ ਵਿੱਚ ਵੀ ਢਾਲਿਆ ਹੈ। ਕਿਉਂਕਿ ਸਾਡਾ ਸੰਵਿਧਾਨ 26 ਜਨਵਰੀ ਨੂੰ 70ਵੀਂ ਵਰ੍ਹੇਗੰਢ ਮਨਾ ਰਿਹਾ ਹੈ, ਇਸ ਲਈ ਸੰਵਿਧਾਨ ਤੇ ਭਾਰਤੀ ਲੋਕਾਂ ਵਿਚਾਲੇ ਸੰਬੰਧਾਂ ਦੀ ਪੈਠ ਦੇ ਤੌਰ 'ਤੇ ਇਸ ਨੂੰ ਦੇਖਿਆ ਜਾ ਰਿਹਾ ਹੈ। 'ਦਿ ਵਾਇਰ' ਨੂੰ ਦਿੱਤੀ ਇੰਟਰਵਿਊ ਦੌਰਾਨ ਕੋਲੰਬੀਆ, ਹਾਰਵਰਡ ਤੇ ਅਸ਼ੋਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਮਾਧਵ ਖੋਸਲਾ ਨੇ ਮੈਨੂੰ ਪਿੱਛੇ ਜਿਹੇ ਭਾਰਤੀ ਸੰਵਿਧਾਨ ਉੱਤੇ ਜਾਰੀ ਕੀਤੀ ਗਈ ਆਪਣੀ ਕਿਤਾਬ 'ਇੰਡੀਆਜ਼ ਫਾਊਂਡਿੰਗ ਮੋਮੈਂਟ : ਦਿ ਕਾਂਸੀਚਿਊਸ਼ਨ ਆਫ ਏ ਮੋਸਟ ਸਰਪ੍ਰਾਈਜ਼ਿੰਗ ਡੈਮੋਕ੍ਰੇਸੀ' ਉੱਤੇ ਗੱਲਬਾਤ ਦੇ ਦੌਰਾਨ ਕਿਹਾ ਕਿ ਭਾਰਤੀ ਸੰਵਿਧਾਨ ਵਿੱਚ ਲੋਕਾਂ ਨੂੰ ਸੱਚੇ ਵਿੱਚ ਢਾਲਿਆ ਹੈ ਅਤੇ ਜਾਤ-ਪਾਤ ਤੇ ਧਰਮ ਦੇ ਨਾਂਅ ਉੱਤੇ ਵੰਡੇ ਗਰੀਬ, ਅਨਪੜ੍ਹ ਲੋਕਾਂ 'ਚੋਂ ਜਮਹੂਰੀ ਨਾਗਰਿਕਾਂ ਨੂੰ ਪੈਦਾ ਕੀਤਾ ਹੈ। ਇਸ ਸੰਬੰਧ ਵਿੱਚ ਕਿ ਭਾਰਤ ਤੇ ਪੱਛਮ ਦੇ ਸੰਵਿਧਾਨ ਦੇ ਨਿਰਮਾਣ ਵਿਚਾਲੇ ਫਰਕ ਮਹੱਤਵ ਪੂਰਨ ਹੈ, ਪ੍ਰੋਫੈਸਰ ਖੋਸਲਾ ਨੇ ਕਿਹਾ ਕਿ ਪੱਛਮ ਵਿੱਚ ਵਿਸ਼ਵ ਵਿਆਪੀ ਵੋਟਿੰਗ ਅਧਿਕਾਰ ਉਚਿਤ ਆਮਦਨ ਦੇ ਔਸਤ ਪੱਧਰ ਉੱਤੇ ਮਜ਼ਬੂਤ ਹੋਣ ਤੋਂ ਬਾਅਦ ਆਇਆ ਅਤੇ ਸੂਬਾਈ ਪ੍ਰਸ਼ਾਸਨਿਕ ਪ੍ਰਣਾਲੀਆਂ ਨੂੰ ਆਸ ਅਨੁਸਾਰ ਸਥਾਪਤ ਕੀਤਾ ਗਿਆ। ਭਾਰਤ ਵਿੱਚ ਵੋਟ ਪਾਉਣ ਦਾ ਅਧਿਕਾਰ ਉਦੋਂ ਲਾਗੂ ਕੀਤਾ ਗਿਆ, ਜਦੋਂ ਦੇਸ਼ ਗਰੀਬ, ਅਨਪੜ੍ਹ ਅਤੇ ਜਾਤੀ ਧਰਮ ਤੇ ਭਾਸ਼ਾ ਦੇ ਨਾਂਅ 'ਤੇ ਵੰਡਿਆ ਹੋਇਆ ਸੀ। ਇਸ ਦੇ ਨਾਲ ਦੇਸ਼ ਸ਼ਤਾਬਦੀਆਂ ਪੁਰਾਣੀਆਂ ਪ੍ਰੰਪਰਾਵਾਂ ਦੇ ਬੋਝ ਹੇਠ ਦੱਬਿਆ ਹੋਇਆ ਸੀ। ਇਸੇ ਕਾਰਨ ਭਾਰਤੀ ਸੰਵਿਧਾਨ ਵਿਸ਼ਵ ਵਿੱਚ ਅਨੋਖਾ ਹੈ।

ਇਸ ਨੁਕਤੇ ਨੂੰ ਪੂਰੀ ਤਰ੍ਹਾਂ ਸਮਝਾਉਂਦੇ ਹੋਏ ਖੋਸਲਾ ਨੇ ਕਿਹਾ ਕਿ ਭਾਰਤੀ ਸੰਵਿਧਾਨ ਹਾਸਲ ਕਰਨ ਤੱਕ ਮਾਨਤਾ ਸੀ ਕਿ ਲੋਕਾਂ ਨੂੰ ਸਿੱਖਿਅਤ ਅਤੇ ਆਰਥਿਕ ਪੱਖ ਤੋਂ ਉਸ ਪੱਧਰ ਤੱਕ ਮਜ਼ਬੂਤ ਕੀਤਾ ਜਾਵੇ, ਜਿੱਥੇ ਉਨ੍ਹਾਂ ਨੂੰ ਵਿਸ਼ਵ ਵਿਆਪੀ ਵੋਟ ਪਾਉਣ ਦੇ ਅਧਿਕਾਰ ਦੇ ਕਾਬਿਲ ਬਣਾਇਆ ਜਾਵੇ। ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ ਨੇ ਇਸ ਗੱਲ ਨੂੰ ਪਲਟ ਦਿੱਤਾ। ਭਾਰਤੀ ਲੋਕਤੰਤਰ ਦਾ ਤਜਰਬਾ ਇੱਕ ਰਾਸ਼ਟਰ ਦਾ ਤਜਰਬਾ ਨਹੀਂ, ਸਗੋਂ ਆਪਣੇ ਆਪ ਵਿੱਚ ਲੋਕਤੰਤਰ ਦਾ ਤਜਰਬਾ ਹੈ। ਆਧੁਨਿਕ ਯੁੱਗ ਵਿੱਚ ਲੋਕਤੰਤਰ ਦੀ ਰਚਨਾ ਕਰ ਕੇ ਭਾਰਤ ਨੇ ਇੱਕ ਮਿਸਾਲ ਕਾਇਮ ਕੀਤੀ।

ਇਥੇ ਇੱਕ ਹੋਰ ਭਾਵਨਾ ਵੀ ਹੈ, ਜਿਸ ਵਿੱਚ ਭਾਰਤੀ ਸੰਵਿਧਾਨ ਨੇ 1947 ਤੋਂ ਪਹਿਲਾਂ ਦੀ ਰਸਮੀ ਸੋਚ ਨੂੰ ਬਦਲ ਦਿੱਤਾ। ਉਦੋਂ ਭਾਰਤੀ ਵਿਚਾਰਕਾਂ ਨੇ ਅਧਿਕਾਰਾਂ ਨੂੰ ਫਿਰਕਿਆਂ ਤੇ ਧਰਮ ਵਜੋਂ ਬਣੇ ਗਰੁੱਪਾਂ ਦੇ ਤੌਰ 'ਤੇ ਮੰਨ ਲਿਆ। ਸੰਵਿਧਾਨ ਨਿਰਮਾਤਾਵਾਂ ਨੇ ਇਸ ਵਿਚਾਰ ਨੂੰ ਤੋੜਦੇ ਹੋਏ ਉਸ ਦੀ ਜਗ੍ਹਾ ਵਿਅਕਤੀਆਂ ਦੇ ਨਾਗਰਿਕਤਾ ਦੇ ਅਧਿਕਾਰਾਂ ਨੂੰ ਉਨ੍ਹਾਂ ਦੇ ਧਾਰਮਿਕ ਸੰਬੰਧਾਂ ਦੀ ਪ੍ਰਵਾਹ ਕੀਤੇ ਬਿਨਾਂ ਉਨ੍ਹਾਂ ਨੂੰ ਅਰਪਿਤ ਕਰ ਦਿੱਤਾ। ਪ੍ਰੋਫੈਸਰ ਖੋਸਲਾ ਦਾ ਕਹਿਣਾ ਹੈ ਕਿ ਭਾਰਤੀ ਸੰਵਿਧਾਨ ਨੇ ਇਸ ਪੱਖ ਦੇ ਨਾਲ ਦੋ ਪ੍ਰਮੁੱਖ ਸਮਝੌਤੇ ਕੀਤੇ। ਇੱਕ ਘੱਟਗਿਣਤੀਆਂ ਦੇ ਅਧਿਕਾਰ ਲਈ ਵਿਦਿਅਕ ਸੰਸਥਾਵਾਂ ਸਥਾਪਤ ਕਰਨੀਆਂ ਅਤੇ ਅਨੁਸਾਚਿਤ ਜਾਤੀ ਅਤੇ ਜਨਜਾਤੀ ਨੂੰ ਰਿਜ਼ਰਵੇਸ਼ਨ ਦਿੱਤੀ ਗਈ। ਜਦੋਂ ਪ੍ਰੋਫੈਸਰ ਖੋਸਲਾ ਤੋਂ ਪੁੱਛਿਆ ਕਿ ਭਾਰਤੀ ਸੰਵਿਧਾਨ ਕਿਉਂ ਬਚਿਆ ਰਿਹਾ ਤੇ ਸਰਹੱਦ ਪਾਰ ਪਾਕਿ-ਸਤਾਨ ਵਿੱਚ ਉਨ੍ਹਾਂ ਦਾ ਸੰਵਿਧਾਨ ਵੱਖਰਾ ਤਜਰਬਾ ਰੱਖਦਾ ਹੈ, ਇਸ ਉੱਤੇ ਉਨ੍ਹਾਂ ਕਿਹਾ ਕਿ ਇਸ ਦਾ ਸਾਧਾਰਨ ਜਵਾਬ ਪੰਡਿਤ ਜਵਾਹਰ ਲਾਲ ਨਹਿਰੂ ਹਨ।

'ਦਿ ਵਾਇਰ' ਦੀ ਇੰਟਰਵਿਊ ਦੌਰਾਨ ਖੋਸਲਾ ਨੇ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੀ ਸੰਵਿਧਾਨਿਕਤਾ ਦੇ ਉਪਰ ਅਤੇ ਜੰਮੂ-ਕਸ਼ਮੀਰ ਵਿੱਚ ਧਾਰਾ 370 ਦੀ ਸੰਵਿਧਾਨਿਕਤਾ ਉਪਰ ਵਿਸਥਾਰ ਨਾਲ ਵਿਚਾਰ ਪ੍ਰਗਟ ਕੀਤਾ। ਸੀ ਏ ਏ ਭਾਰਤੀ ਸੰਵਿਧਾਨ ਦੀ ਭਾਵਨਾ ਦੀ ਉਲੰਘਣਾ ਹੋਣ ਦੇ ਨਾਲ ਧਰਮ ਨਿਰਪੱਖ ਸਿਧਾਂਤ ਦੀ ਉਲੰਘਣਾ ਹੈ, ਜੋ ਸੰਵਿਧਾਨ ਦੇ ਮੂਲ ਢਾਂਚੇ ਦਾ ਹਿੱਸਾ ਹੈ। ਉਨ੍ਹਾਂ ਨੇ ਕਿਹਾ ਕਿ ਗੈਰ ਸੰਵਿਧਾਨਕ ਕਹਿਣ ਦਾ ਮੁੱਖ ਕਾਰਨ ਇਹ ਹੈ ਕਿ ਕਾਨੂੰਨ ਦੇ ਤਹਿਤ ਬਰਾਬਰੀ ਦੇ ਹੱਕ ਦੀ ਗਾਰੰਟੀ ਦੇਣ ਵਾਲੇ ਆਰਟੀਕਲ 14 ਦੀ ਇਹ ਉਲੰਘਣਾ ਹੈ। ਛੇ ਧਰਮਾਂ ਅਤੇ ਤਿੰਨ ਦੇਸ਼ਾਂ ਨੂੰ ਇਸ ਕਾਨੂੰਨ ਵਿੱਚ ਪਛਾਣ ਦਾ ਕੋਈ ਯੋਗ ਵਰਗੀਕਰਨ ਨਹੀਂ ਕੀਤਾ ਗਿਆ। ਜਿਵੇਂ ਧਾਰਾ 370 ਨੂੰ ਵਾਦੀ ਵਿੱਚੋਂ ਹਟਾਇਆ ਗਿਆ, ਇਸ 'ਤੇ ਖੋਸਲਾ ਨੇ ਕਿਹਾ ਕਿ ਇਸ ਦੀ ਸੰਵਿਧਾਨਿਕਤਾ ਪ੍ਰਤੀ ਇਹ ਚਿੰਤਾ ਵਾਲੀ ਗੱਲ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਜੰਮੂ0ਕਸ਼ਮੀਰ ਨੂੰ ਵੰਡਿਆ ਗਿਆ, ਯਕੀਨਨ ਇਹ ਭਾਰਤੀ ਸੰਵਿਧਾਨ ਲਈ ਬੜੀ ਵੱਡੀ ਚੁਣੌਤੀ ਹੈ।

ਪ੍ਰੋਫੈਸਰ ਖੋਸਲਾ ਦ੍ਰਿੜ੍ਹਤਾ ਨਾਲ ਇਹ ਕਹਿਣ ਦੇ ਅਸਮਰੱਥ ਹੋਏ ਸਨ ਕਿ ਸੀ ਏ ਏ ਅਤੇ ਕਸ਼ਮੀਰ ਵਿੱਚ ਬਦਲਾਅ ਨੂੰ ਲੈ ਕੇ ਸੁਪਰੀਮ ਕੋਰਟ ਨੇ ਇਨ੍ਹਾਂ ਦੋਵਾਂ ਮਾਮਲਿਆਂ ਨੂੰ ਤਰਜੀਹ ਨਹੀਂ ਦਿੱਤੀ।

## ਦੋਸਤ ਦੀ ਪਤਨੀ ਨੂੰ ਗੋਲੀ ਮਾਰਨ ਵਾਲਾ ਥਾਣੇਦਾਰ ਗ੍ਰਿਫ਼ਤਾਰ

ਲੁਧਿਆਣਾ, 23 ਜਨਵਰੀ (ਪੋਸਟ ਬਿਊਰੋ)- ਦੋਸਤ ਦੀ ਪਤਨੀ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰਨ ਉਪਰੰਤ ਫ਼ਰਾਰ ਹੋਏ ਸਹਾਇਕ ਸਬ-ਇੰਸਪੈਕਟਰ ਨੂੰ ਕੱਲ੍ਹ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪੁਲਸ ਨੇ ਉਸ ਥਾਣੇਦਾਰ ਕੋਲੋਂ ਜ਼ਖ਼ਮੀ ਹੋਈ ਔਰਤ ਨਾਲ ਲਿਵ ਇਨ ਰਿਲੇਸ਼ਨਸ਼ਿਪ 'ਚ ਰਹਿਣ ਦਾ ਵੀ ਖੁਲਾਸਾ ਕੀਤਾ ਹੈ। ਇਸ ਸੰਬੰਧ ਵਿੱਚ ਪੁਲਸ ਕਮਿਸ਼ਨਰ ਰਾਕੇਸ਼ ਅਗਰਵਾਲ ਨੇ ਦੱਸਿਆ ਕਿ ਕਾਬੂ ਕੀਤੇ ਦੋਸ਼ੀ ਥਾਣੇਦਾਰ ਸੁਖਪਾਲ ਸਿੰਘ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀ ਆਪਣੇ ਦੋਸਤ ਸੰਜੇ ਵੀਨੋਚਾ ਦੇ ਘਰ ਪਿਛਲੇ ਕਾਫ਼ੀ ਸਮੇਂ ਤੋਂ ਆਉਂਦਾ-ਜਾਂਦਾ ਸੀ। ਘਟਨਾ ਵਾਲੇ ਦਿਨ 15 ਜਨਵਰੀ ਨੂੰ ਸੁਖਪਾਲ ਆਪਣੇ ਦੋਸਤ ਸੰਜੇ ਦੇ ਘਰ ਆਇਆ। ਉਸ ਸਮੇਂ ਸੰਜੇ ਆਪਣੇ ਕੰਮ 'ਤੇ ਗਿਆ ਹੋਇਆ ਸੀ, ਜਦ ਕਿ ਉਸ ਦੀਆਂ ਦੋ ਲੜਕੀਆਂ ਘਰ ਵਿੱਚ ਸਨ। ਕਥਿਤ ਦੋਸ਼ੀ ਵੱਲੋਂ ਚੰਚਲ ਪਾਸੋਂ ਕਾਰ ਖਰੀਦਣ ਲਈ ਨਕਦੀ ਦੀ ਮੰਗ ਕੀਤੀ ਗਈ, ਜਦੋਂ ਉਸ ਨੇ ਨਕਦੀ ਦੇਣ ਤੋਂ ਇਨਕਾਰ ਕੀਤਾ ਤਾਂ ਉਸ ਨੇ ਆਪਣੇ ਪਿਸਤੌਲ ਨਾਲ ਚੰਚਲ 'ਤੇ ਗੋਲੀ ਚਲਾ ਦਿੱਤੀ। ਉਨ੍ਹਾਂ ਦੱਸਿਆ ਕਿ ਦੋਸ਼ੀ ਖ਼ਿਲਾਫ਼ ਪਹਿਲਾਂ ਜੂਆ ਖੇਡਣ ਦਾ ਕੇਸ ਦਰਜ ਹੈ ਅਤੇ ਉਸ ਨੂੰ ਜਬਰੀ ਸੇਵਾ ਮੁਕਤ ਕਰ ਦਿੱਤਾ ਗਿਆ ਹੈ।

# ਪੰਜਾਬ ਵਿੱਚ 14 ਲੱਖ ਬਿਜਲੀ ਕੁਨੈਕਸ਼ਨ, ਸਿਰਫ 10 ਕਿਸਾਨਾਂ ਨੇ ਸਬਸਿਡੀ ਛੱਡੀ



ਪਟਿਆਲਾ, 23 ਜਨਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਖੇਤੀ ਖੇਤਰ ਦੇ ਕੁੱਲ 14 ਲੱਖ ਟਿਊਬਵੈੱਲ ਬਿਜਲੀ ਕੁਨੈਕਸ਼ਨ ਹਨ, ਜਿਨ੍ਹਾਂ ਉੱਤੇ ਸਬਸਿਡੀ ਦਿੱਤੀ ਜਾਂਦੀ ਹੈ ਤੇ ਇਸ ਵਿਚੋਂ ਸਿਰਫ 10 ਕੁਨੈਕਸ਼ਨਾਂ ਦੀ ਸਬਸਿਡੀ ਕਿਸਾਨਾਂ ਨੇ ਛੱਡੀ ਹੈ। ਪੰਜਾਬ ਵਿਚ ਇਸ ਵੇਲੇ 85000 ਕਿਸਾਨ ਅਜਿਹੇ ਹਨ, ਜਿਨ੍ਹਾਂ ਕੋਲ ਦੋ ਜਾਂ ਦੋ ਤੋਂ ਵੱਧ ਮੋਟਰ ਕੁਨੈਕਸ਼ਨ ਹਨ ਤੇ ਇਨ੍ਹਾਂ ਨੂੰ ਅਮੀਰ ਕਿਸਾਨ ਮੰਨਿਆ ਜਾਂਦਾ ਹੈ, ਜਿਨ੍ਹਾਂ ਕੋਲ 1 ਲੱਖ 85 ਹਜ਼ਾਰ ਖੇਤੀ ਟਿਊਬਵੈੱਲ ਕੁਨੈਕਸ਼ਨ ਹਨ।

ਵਰਨਣ ਯੋਗ ਹੈ ਕਿ ਜਿਨ੍ਹਾਂ ਕਿਸਾਨਾਂ ਨੇ ਬਿਜਲੀ ਸਬਸਿਡੀ ਛੱਡੀ ਹੈ, ਉਨ੍ਹਾਂ ਵਿਚ ਪੰਜਾਬ ਦੀ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਕੋਆਪਰੇ-ਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਤੇ ਮਹਿਰਾਜ ਪਿੰਡ ਦਾ ਕਮਲਜੀਤ ਦਿਓਲ ਸ਼ਾਮਲ ਹਨ। ਵਿੱਤ ਮੰਤਰੀ ਮਨਪ੍ਰੀਤ ਬਾਦਲ, ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਸੁਨੀਲ ਜਾਖੜ ਨੇ ਤਿੰਨ-ਤਿੰਨ ਮੋਟਰ ਕੁਨੈਕਸ਼ਨਾਂ ਦੀ ਸਬਸਿਡੀ ਛੱਡੀ ਹੈ। ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਦੋ ਕੁਨੈਕਸ਼ਨਾਂ ਦੀ ਸਬਸਿਡੀ ਛੱਡੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜੱਦੀ ਪਿੰਡ ਮਹਿਰਾਜ ਦੇ ਕਮਲਜੀਤ ਦਿਓਲ ਨੇ ਵੀ ਸਬਸਿਡੀ ਛੱਡ ਦਿੱਤੀ ਹੈ।

ਪੰਜਾਬ ਸਰਕਾਰ ਨੇ ਸਾਲ 2018-19 ਦੌਰਾਨ 6256 ਕਰੋੜ ਰੁਪਏ ਖੇਤੀ ਖੇਤਰ ਲਈ ਬਿਜਲੀ ਸਬਸਿਡੀ ਦਿੱਤੀ ਸੀ। ਦਿਲਚਸਪ ਗੱਲ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਵਿਚ ਅਮੀਰ ਕਿਸਾਨਾਂ ਨੂੰ ਅਪੀਲ ਕੀਤੀ ਸੀ ਕਿ ਉਹ ਆਪਣੇ ਹਿੱਸੇ ਦੀ ਬਿਜਲੀ ਸਬਸਿਡੀ ਛੱਡ ਦੇਣ, ਇਸ ਦੇ ਜਵਾਬ ਵਿਚ ਕਿਸਾਨਾਂ ਦਾ ਮੱਠਾ ਮਿਲਿਆ ਹੈ। ਕਾਂਗਰਸ ਦੇ ਕੁਝ ਆਗੂਆਂ ਅਤੇ ਉਸ ਵੇਲੇ ਵਿਰੋਧੀ ਧਿਰ ਵਿਚ ਸ਼ਾਮਲ ਕੁਝ ਆਗੂਆਂ ਨੇ ਸਬਸਿਡੀ ਛੱਡਣ ਦੇ ਐਲਾਨ ਕੀਤੇ ਸਨ, ਪਰ ਪਾਵਰਕਾਮ ਦੇ ਸੂਤਰਾਂ ਮੁਤਾਬਕ ਇਨ੍ਹਾਂ ਨੇ ਸਬਸਿਡੀ ਨਹੀਂ ਛੱਡੀ। ਮੁੱਖ ਮੰਤਰੀ ਨੇ ਪਿਛਲੇ ਦਿਨੀਂ ਵਿਧਾਨ ਸਭਾ ਵਿਚ ਕਿਹਾ ਸੀ ਕਿ ਉਨ੍ਹਾਂ ਦੇ ਸਾਰੇ ਮੰਤਰੀਆਂ ਨੇ ਸਬਸਿਡੀ ਛੱਡ ਦਿੱਤੀ ਹੈ ਜਦ ਕਿ ਰਿਕਾਰਡ ਵਿਚ ਸਿਰਫ ਤਿੰਨ ਮੰਤਰੀਆਂ ਦੀ ਗੱਲ ਨਿਕਲੀ ਹੈ।

ਸੈਂਟਰ ਫਾਰ ਰਿਸਰਚ ਇਨ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ ਦੀ ਰਿਪੋਰਟ ਮੁਤਾਬਕ ਰਾਜ ਵਿਚ 14.5 ਖੇਤੀਬਾੜੀ ਟਿਊਬਵੈੱਲ ਹਨ ਤੇ ਇਨ੍ਹਾਂ ਵਿੱਚੋਂ 18.48 ਫੀਸਦੀ ਗਰੀਬ ਕਿਸਾਨ ਹਨ, ਜਿਨ੍ਹਾਂ ਦੀ ਜ਼ਮੀਨ ਢਾਈ ਏਕੜ ਜਾਂ ਇਸ ਤੋਂ ਘੱਟ ਹੈ। ਬਾਕੀ 81.52 ਫੀਸਦੀ ਅਮੀਰ ਕਿਸਾਨ ਮੁਫਤ ਬਿਜਲੀ ਸਹੂਲਤ ਲੈ ਰਹੇ ਹਨ। ਜੇ ਇਹ ਸਬਸਿਡੀ ਛੱਡ ਦੇਣ ਤਾਂ ਸਰਕਾਰ ਨੂੰ 80 ਫੀਸਦੀ ਦੀ ਬਚਤ ਹੋ ਸਕਦੀ ਹੈ ਤੇ ਇਕ ਅਨੁਮਾਨ ਅਨੁਸਾਰ 4848.216 ਕਰੋੜ ਰੁਪਏ ਸਾਲਾਨਾ ਦੀ ਬਚਤ ਹੋਵੇਗੀ। ਸਰਕਾਰ ਲੰਬੇ ਸਮੇਂ ਤੋਂ ਬਿਜਲੀ ਸਬਸਿਡੀ ਦੀ ਬਚਤ ਬਾਰੇ ਸੋਚ ਰਹੀ ਹੈ ਅਤੇ ਠੋਸ ਕਦਮ ਚੁੱਕਣ ਲਈ ਤਿਆਰ ਹੈ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਪਿਛਲੇ ਸਮੇਂ ਦੌਰਾਨ ਜਾਰੀ ਕੀਤੇ ਬਿਜਲੀ ਦਰਾਂ ਦੇ ਹੁਕਮਾਂ ਵਿਚ ਇਸ ਗੱਲ ਦਾ ਜ਼ਿਕਰ ਕੀਤਾ ਸੀ ਕਿ ਸਰਕਾਰ ਨੇ 9674.5 ਕਰੋੜ ਰੁਪਏ ਪਾਵਰਕਾਮ ਨੂੰ ਸਬਸਿਡੀ ਦੇ ਭੇਜਣੇ ਹਨ, ਜਿਸ ਵਿੱਚੋਂ 6060.27 ਕਰੋੜ ਰੁਪਏ ਖੇਤੀਬਾੜੀ ਖੇਤਰ ਦੇ ਹਨ, 14.16 ਕਰੋੜ ਰੁਪਏ ਐਸ ਸੀ ਅਤੇ ਬੀ ਸੀ ਵਰਗ ਨੂੰ ਦਿੱਤੀ ਜਾਂਦੀ ਮੁਫਤ ਬਿਜਲੀ, 88.31 ਕਰੋੜ ਗਰੀਬ ਪਰਿਵਾਰਾਂ ਤੇ 0.84 ਕਰੋੜ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਨੂੰ ਦਿੱਤੀ ਜਾਂਦੀ ਮੁਫਤ ਬਿਜਲੀ ਦੇ ਹਨ। ਪਿਛਲੇ ਸਾਲਾਂ ਦੀ ਸਬਸਿਡੀ ਜੋੜ ਕੇ ਇਸ ਵੇਲੇ ਬਿਜਲੀ ਸਬਸਿਡੀ ਦਾ ਬਿੱਲ 14972.09 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ।

# ਦਿੱਲੀ ਚੋਣਾਂ ਦੇ ਸਟਾਰ ਪ੍ਰਚਾਰਕ ਬਣੇ ਸਿੱਧੂ ਨਵੀਂ ਸਿਆਸੀ ਪਾਰੀ ਖੇਡਣਗੇ



ਚੰਡੀਗੜ੍ਹ, 23 ਜਨਵਰੀ (ਪੋਸਟ ਬਿਊਰੋ)- ਕੈਪਟਨ ਅਮਰਿੰਦਰ ਸਿੰਘ ਨਾਲ ਵਿਵਾਦਾਂ ਕਾਰਨ ਮੰਤਰੀ ਦਾ ਅਹੁਦਾ ਛੱਡਣ ਵਾਲੇ ਪੰਜਾਬ ਦੇ ਬਹੁ-ਚਰਚਿਤ ਕਾਂਗਰਸੀ ਨੇਤਾ ਨਵਜੋਤ ਸਿੰਘ ਸਿੱਧੂ ਨੂੰ ਕਾਂਗਰਸ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਾਸਤੇ ਪਾਰਟੀ ਦੇ ਚਾਲੀ ਸਟਾਰ ਪ੍ਰਚਾਰਕਾਂ 'ਚ ਸ਼ਾਮਲ ਕੀਤਾ ਹੈ। ਮੰਤਰੀ ਅਹੁਦਾ ਛੱਡ ਕੇ ਸਿਆਸੀ ਖੇਤਰ 'ਚ ਕਈ ਮਹੀਨਿਆਂ ਤੋਂ ਗੈਰ-ਸਰਗਰਮ ਹੋਏ ਬੈਠੇ ਨਵਜੋਤ ਸਿੰਘ ਸਿੱਧੂ ਦਿੱਲੀ 'ਚ ਸਟਾਰ ਪ੍ਰਚਾਰਕ ਬਣਾਏ ਜਾਣ ਪਿੱਛੋਂ ਮੁੜ ਸਿਆਸੀ ਪਾਰੀ ਸ਼ੁਰੂ ਹੋ ਚੁੱਕੀ ਹੈ। ਕਾਂਗਰਸੀ ਅਤੇ ਹੋਰ ਸਿਆਸੀ ਹਲਕਿਆਂ ਵਿੱਚ ਅੰਦਾਜ਼ੇ ਲਾਏ ਜਾ ਰਹੇ ਹਨ ਕਿ ਸਿੱਧੂ ਨੂੰ ਪਾਰਟੀ ਹਾਈ ਕਮਾਨ ਦਿੱਲੀ ਚੋਣਾਂ ਤੋਂ ਬਾਅਦ ਕੋਈ ਵੱਡਾ ਅਹੁਦਾ ਦੇਣ ਦੀ ਤਿਆਰੀ 'ਚ ਹੈ।

ਇਸ ਦੌਰਾਨ ਇੱਕ ਚਰਚਾ ਇਹ ਵੀ ਹੈ ਕਿ ਕਾਂਗਰਸ ਹਾਈ ਕਮਾਨ ਆਪਣੀ ਯੋਜਨਾ ਅਨੁਸਾਰ 2022 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਸਿੱਧੂ ਨੂੰ ਪਾਰਟੀ ਦੇ ਚਿਹਰੇ ਵਜੋਂ ਪੇਸ਼ ਕਰੇਗੀ। ਸਿੱਧੂ ਨੇ ਮੀਡੀਆ ਅਤੇ ਸਿਆਸੀ ਸਰਗਰਮੀਆਂ ਤੋਂ ਪਿਛਲੇ ਮਹੀਨਿਆਂ ਦੌਰਾਨ ਲਗਾਤਾਰ ਦੂਰੀ ਰੱਖੀ ਹੈ, ਪਰ ਉਹ ਦਿੱਲੀ ਚੋਣਾਂ ਦੇ ਸਟਾਰ ਪ੍ਰਚਾਰਕ ਵਜੋਂ ਕਾਂਗਰਸ ਵਿੱਚ ਮੁੜ ਨਵੀਂ ਪਾਰੀ ਸ਼ੁਰੂ ਕਰ ਸਕਦੇ ਹਨ। ਕਾਂਗਰਸੀ ਹਲਕਿਆਂ ਅਨੁਸਾਰ ਪਾਰਟੀ ਹਾਈ ਕਮਾਨ ਨੇ ਸਿੱਧੂ ਨੂੰ ਮੰਤਰੀ ਅਹੁਦਾ ਛੱਡਣ ਪਿੱਛੋਂ ਭਵਿੱਖ ਦੀ ਯੋਜਨਾ ਹੇਠ ਕੁਝ ਸਮਾਂ ਚੁੱਪ ਬੈਠਣ ਲਈ ਕਿਹਾ ਸੀ ਅਤੇ ਸਿੱਧੂ ਇਸ ਪ੍ਰੀਖਿਆ ਵਿੱਚ ਪੂਰੇ ਉਤਰੇ ਹਨ। ਇਹ ਵੀ ਪਤਾ ਲੱਗਦਾ ਹੈ ਕਿ ਨਵਜੋਤ ਸਿੱਧੂ ਪਿਛਲੇ ਸਮੇਂ ਦੇ ਕਈ ਵਿਵਾਦਾਂ ਦੇ ਬਾਵਜੂਦ ਅੱਜ ਵੀ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਵਾਡਰਾ ਦੇ ਵਿਸ਼ਵਾਸ ਪਾਤਰ ਆਗੂਆਂ ਵਿੱਚ ਸ਼ਾਮਲ ਹਨ।

ਦਿੱਲੀ ਚੋਣਾਂ 'ਚ ਭਾਜਪਾ ਦੇ ਸਟਾਰ ਪ੍ਰਚਾਰਕਾਂ 'ਚ ਹੋਰ ਪ੍ਰਮੁੱਖ ਆਗੂਆਂ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਸ਼ਾਮਲ ਹਨ। ਨਵਜੋਤ ਸਿੰਘ ਸਿੱਧੂ ਇਨ੍ਹਾਂ ਚੋਣਾਂ ਦੌਰਾਨ ਮੋਦੀ ਦੇ ਮੁਕਾਬਲੇ ਆਪਣੇ ਅੰਦਾਜ਼ ਵਿੱਚ ਧੂੰਆਂਧਾਰ ਪ੍ਰਚਾਰ ਨਾਲ ਕਾਂਗਰਸ ਵਿੱਚ ਆਪਣੀ ਪੁਜ਼ੀਸ਼ਨ ਹੋਰ ਮਜ਼ਬੂਤ ਬਣਾ ਸਕਦੇ ਹਨ, ਜੋ ਭਵਿੱਖ ਵਿੱਚ ਪੰਜਾਬ ਵਿੱਚ ਸਿੱਧੂ ਨੂੰ ਉਨ੍ਹਾਂ ਦੇ ਨਿਸ਼ਾਨੇ 'ਤੇ ਪਹੁੰਚਾਉਣ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ।

## ਸੋਨੀਆ ਵੱਲੋਂ ਗਠਿਤ ਪੰਜਾਬ ਕਾਂਗਰਸ ਦੀ ਕਮੇਟੀ ਤੋਂ ਕਈ ਪ੍ਰਮੁੱਖ ਨੇਤਾ ਤੇ ਮੰਤਰੀ ਨਾਰਾਜ਼

ਚੰਡੀਗੜ੍ਹ, 23 ਜਨਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਦੇ ਕੰਮਾਂ ਉੱਤੇ ਪਾਰਟੀ ਦੇ ਆਗੂਆਂ ਤੇ ਵਿਧਾਇਕਾਂ ਆਦਿ ਵੱਲੋਂ ਉਠਾਏ ਗਏ ਸਵਾਲਾਂ ਕਾਰਨ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਸਰਕਾਰ ਤੇ ਪਾਰਟੀ ਦੇ ਬਿਹਤਰ ਤਾਲਮੇਲ ਲਈ ਪਿਛਲੇ ਦਿਨੀਂ ਬਣਾਈ 11 ਮੈਂਬਰੀ ਕਮੇਟੀ ਨਾਲ ਪੰਜਾਬ ਕਾਂਗਰਸ ਦੇ ਕਈ ਪ੍ਰਮੁੱਖ ਨੇਤਾਵਾਂ ਤੇ ਸੀਨੀਅਰ ਮੰਤਰੀਆਂ 'ਚ ਨਾਰਾਜ਼ਗੀ ਹੈ।

ਵਰਨਣ ਯੋਗ ਹੈ ਕਿ ਇਸ 11 ਮੈਂਬਰੀ ਕਮੇਟੀ ਵਿੱਚ ਬਹੁਤੇ ਮੈਂਬਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਸੰਦ ਦੇ ਹਨ ਅਤੇ ਕਈ ਪ੍ਰਮੁੱਖ ਨੇਤਾਵਾਂ ਤੇ ਸੀਨੀਅਰ ਮੰਤਰੀਆਂ ਨੂੰ ਇਸ ਵਿੱਚ ਥਾਂ ਨਹੀਂ ਮਿਲੀ, ਸਗੋਂ ਉਨ੍ਹਾਂ ਦੀ ਜਗ੍ਹਾ ਕੁਝ ਅਜਿਹੇ ਮੈਂਬਰ ਸ਼ਾਮਲ ਕੀਤੇ ਗਏ ਹਨ, ਜੋ ਖੁਦ ਵਿਵਾਦਾਂ ਵਿੱਚ ਘਿਰੇ ਰਹੇ ਹਨ। ਜਾਣਕਾਰ ਸੂਤਰਾਂ ਅਨੁਸਾਰ ਇਹ ਕਮੇਟੀ ਕੈਪਟਨ ਅਮਰਿੰਦਰ ਸਿੰਘ ਦੀ ਪਸੰਦ ਅਨੁਸਾਰ ਬਣਾਈ ਗਈ ਤੇ ਸੀਨੀਅਰ ਮੰਤਰੀਆਂ ਤੇ ਕੁਝ ਵੱਡੇ ਲੀਡਰਾਂ 'ਚੋਂ ਕੁਝ ਨੂੰ ਇਸ ਲਈ ਕਮੇਟੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਕਿਉਂਕਿ ਉਨ੍ਹਾਂ ਨੇ ਪਿਛਲੇ ਦਿਨੀਂ ਆਪਣੀ ਸਰਕਾਰ ਤੇ ਮੁੱਖ ਮੰਤਰੀ ਦੇ ਖਿਲਾਫ ਸਵਾਲ ਖੜ੍ਹੇ ਕੀਤੇ ਸਨ। ਸੋਨੀਆ ਗਾਂਧੀ ਨੇ ਇਹ ਕਮੇਟੀ ਪਾਰਟੀ ਅੰਦਰ ਪੈਦਾ ਹੋਈ ਖਿੱਚੋਤਾਣ ਖਤਮ ਕਰਨ ਲਈ ਬਣਾਈ ਹੈ। ਪੂਰੀ ਪੰਜਾਬ ਕਾਂਗਰਸ ਭੰਗ ਕੀਤੇ ਜਾਣ ਦੀ ਵੀ ਹਰ ਪਾਸੇ ਚਰਚਾ ਹੈ। ਕਿਹਾ ਜਾਂਦਾ ਹੈ ਕਿ ਮੁੱਖ ਮੰਤਰੀ ਨੂੰ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾ ਕੇ ਨਿਸ਼ਾਨਾ ਬਣਾਉਣ ਕਾਰਨ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੀ ਸ਼ਕਤੀ ਘੱਟ ਕਰਨ ਦਾ ਯਤਨ ਕੀਤਾ ਗਿਆ ਹੈ।

## ਕਾਰ ਨਹਿਰ ਵਿੱਚ ਡਿੱਗਣ ਨਾਲ ਪਤੀ-ਪਤਨੀ ਸਮੇਤ ਤਿੰਨ ਹਲਾਕ

ਫ਼ਿਰੋਜ਼ਪੁਰ, 23 ਜਨਵਰੀ (ਪੋਸਟ ਬਿਊਰੋ)- ਇਥੋਂ ਨੇੜੇ ਥਾਣਾ ਘੱਲ ਖੁਰਦ ਦੇ ਪਿੰਡ ਕੈਲਾਸ਼ ਨੇੜਿਓ ਲੰਘਦੀ ਰਾਜਸਥਾਨ ਫ਼ੀਡਰ ਵਿੱਚ ਕੱਲ੍ਹ ਕਾਰ ਡਿੱਗਣ ਨਾਲ ਪਤੀ-ਪਤਨੀ ਸਮੇਤ ਤਿੰਨ ਜਣਿਆਂ ਦੀ ਮੌਤ ਹੋ ਗਈ। ਹਾਦਸਾ ਕੱਲ੍ਹ ਬਾਅਦ ਦੁਪਹਿਰ ਵਾਪਰਿਆ ਅਤੇ ਮ੍ਰਿਤਕਾਂ ਪਛਾਣ ਫ਼ਰੀਦਕੋਟ ਦੇ ਪਿੰਡ ਮੋਰਾਂਵਾਲੀ ਵਾਸੀ ਮਨਦੀਪ ਸਿੰਘ (30), ਉਸ ਦੀ ਪਤਨੀ ਕਿਰਨਦੀਪ ਕੌਰ (25) ਅਤੇ ਸਾਲੇ ਜਤਿੰਦਰ ਸਿੰਘ (18) ਵਜੋਂ ਹੋਈ ਹੈ। ਹਾਦਸਾ ਵਾਪਰਨ ਮੌਕੇ ਇਹ ਤਿੰਨੋਂ ਕਾਰ ਵਿੱਚ ਸਵਾਰ ਹੋ ਕੇ ਕਿਨਰਦੀਪ ਦੇ ਪੇਕਾ ਪਿੰਡ ਸ਼ਕੂਰ ਤੋਂ ਮੋਰਾਂਵਾਲੀ ਨੂੰ ਜਾ ਰਹੇ ਸਨ। ਹਾਦਸੇ ਦਾ ਕਾਰਨ ਅਜੇ ਪਤਾ ਨਹੀਂ ਲੱਗਾ। ਇਸ ਦੀ ਸੂਚਨਾ ਮਿਲਦਿਆਂ ਸਾਰ ਪੁਲਸ ਮੌਕੇ 'ਤੇ ਪਹੁੰਚੀ ਅਤੇ ਵੱਡੀ ਗਿਣਤੀ ਵਿੱਚ ਲੋਕ ਵੀ ਇਕੱਠੇ ਹੋ ਗਏ। ਦੇਰ ਸ਼ਾਮ ਕਰੇਨ ਦੀ ਮਦਦ ਨਾਲ ਗੱਡੀ ਅਤੇ ਪਤੀ ਪਤਨੀ ਦੀਆਂ ਲਾਸ਼ਾਂ ਨਹਿਰ ਵਿੱਚੋਂ ਕੱਢੀਆਂ ਗਈਆਂ, ਪਰ ਤੀਜੇ ਵਿਅਕਤੀ ਦੀ ਭਾਲ ਜਾਰੀ ਹੈ।

## ਬਿਆਸ ਦਰਿਆ ਵਿੱਚ ਗੰਦਾ ਪਾਣੀ ਸੁੱਟਣ ਉੱਤੇ ਹਿਮਾਚਲ ਦੀਆਂ ਫੈਕਟਰੀਆਂ ਨੂੰ 10 ਲੱਖ ਜੁਰਮਾਨਾ



ਜਲੰਧਰ, 23 ਜਨਵਰੀ (ਪੋਸਟ ਬਿਊਰੋ)- ਸੰਸਾਰਪੁਰ ਟੈਰਿਫ਼ ਦੀਆਂ ਦੋ ਫ਼ੈਕਟਰੀਆਂ ਵੱਲੋਂ ਸਵਾਂ ਦਰਿਆ ਤੋਂ ਬਿਆਸ ਦਰਿਆ ਨੂੰ ਪਾਣੀ ਸੁੱਟਣ ਦੇ ਮਾਮਲੇ 'ਚ ਐਨ ਜੀ ਟੀ ਦੀ ਨਿਗਰਾਨੀ ਟੀਮ ਨੇ 10 ਲੱਖ ਰੁਪਏ ਦਾ ਜੁਰਮਾਨਾ ਲਾਇਆ ਤੇ ਇਸ ਤੋਂ ਇਲਾਵਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੀ ਹਿਮਾਚਲ ਪ੍ਰਦੇਸ਼ ਕੰਟਰੋਲ ਬੋਰਡ ਨੂੰ ਇਨ੍ਹਾਂ ਫ਼ੈਕਟਰੀਆਂ ਖ਼ਿਲਾਫ਼ ਕਾਰਵਾਈ ਕਰਨ ਲਈ ਲਿਖਣ ਜਾ ਰਿਹਾ ਹੈ। ਬੀਤੇ ਨਵੰਬਰ ਵਿੱਚ ਚੇਅਰਮੈਨ ਜਸਟਿਸ ਜਸਬੀਰ ਸਿੰਘ ਦੀ ਅਗਵਾਈ ਵਿੱਚ ਐਨ ਜੀ ਟੀ ਦੀ ਨਿਗਰਾਨੀ ਟੀਮ ਨੇ ਤਲਵਾੜਾ ਤੋਂ ਹੁੰਦੇ ਹੋਏ ਜਦੋਂ ਹਿਮਾਚਲ ਦੀ ਸਰਹੱਦ ਸਵਾਂ ਤੋਂ ਗੰਦਾ ਪਾਣੀ ਬਿਆਸ ਵਿੱਚ ਸੁੱਟਣ ਦਾ ਮਾਮਲਾ ਫੜਿਆ ਸੀ ਤਾਂ ਓਦੋਂ ਸੁੱਟੇ ਜਾ ਰਹੇ ਪਾਣੀ ਦੇ ਨਮੂਨੇ ਭਰੇ ਗਏ ਸਨ।

ਹਿਮਾਚਲ ਪ੍ਰਦੇਸ਼ ਦੇ ਸੰਸਾਰਪੁਰ ਟੈਰਿਫ਼ 'ਚ ਲੱਗੀਆਂ ਕੁਝ ਫ਼ੈਕਟਰੀਆਂ ਗੰਦਾ ਪਾਣੀ ਗੁਪਤ ਰੂਪ 'ਚ ਪਾਏ ਗਏ ਪਲਾਸਟਿਕ ਦੇ ਪਾਈਪਾਂ ਰਾਹੀਂ ਪਾਣੀ ਪਹਿਲਾਂ ਸਵਾਂ ਦਰਿਆ ਵਿੱਚ ਸੁੱਟਦੇ ਸਨ ਅਤੇ ਇਹੋ ਪਾਣੀ ਬਿਆਸ ਦਰਿਆ ਵਿੱਚ ਜਾਂਦਾ ਸੀ। ਬੋਰਡ ਦੇ ਸੀਨੀਅਰ ਅਧਿਕਾਰੀ ਇੰਜੀਨੀਅਰ ਹਰਬੀਰ ਸਿੰਘ ਨੇ ਦੱਸਿਆ ਕਿ ਐਨ ਜੀ ਟੀ ਦੀ ਰਿਪੋਰਟ ਉਨ੍ਹਾਂ ਨੂੰ ਕੱਲ੍ਹ ਮਿਲੀ ਹੈ ਤੇ ਇਸ ਵਿੱਚ ਜਿੱਥੇ ਫ਼ੈਕਟਰੀਆਂ ਨੂੰ 10 ਰੁਪਏ ਵਾਤਾਵਰਨ ਬਾਰੇ ਜੁਰਮਾਨਾ ਕਰਵਾਉਣ ਦੀ ਹਦਾਇਤ ਦਿੱਤੀ ਗਈ ਹੈ, ਓਥੇ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਜਿਹੜੇ ਪਾਣੀ ਦੇ ਨਮੂਨੇ ਭਰੇ ਗਏ ਸਨ, ਉਹ ਫ਼ੇਲ੍ਹ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਵੱਲੋਂ ਹਿਮਾਚਲ ਪ੍ਰਦੇਸ਼ ਦੇ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਇਸ ਬਾਰੇ ਲਿਖਿਆ ਜਾ ਰਿਹਾ ਹੈ ਕਿ ਦਰਿਆਵਾਂ ਨੂੰ ਪ੍ਰਦੂਸ਼ਿਤ ਕਰਨ ਕਰਕੇ ਫ਼ੈਕਟਰੀਆਂ ਖ਼ਿਲਾਫ਼ ਆਪਣੇ ਤੌਰ 'ਤੇ ਵੀ ਕਾਰਵਾਈ ਕੀਤੀ ਜਾ ਸਕੀ।

# ਪੰਜਾਬ ਵਿੱਚ 15 ਸਾਲ ਪੁਰਾਣੀਆਂ ਤਿੰਨ ਪਹੀਆ ਗੱਡੀਆਂ 'ਤੇ ਰੋਕ



ਚੰਡੀਗੜ, 23 ਜਨਵਰੀ (ਪੋਸਟ ਬਿਊਰੋ)- ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ 'ਮਿਸ਼ਨ ਤੰਦਰੁਸਤ ਪੰਜਾਬ' ਦੇ ਤਹਿਤ ਵਾਤਾਵਰਨ ਅਤੇ ਪੌਣ-ਪਾਣੀ ਤਬਦੀਲੀ ਵਿਭਾਗ ਨੇ 15 ਸਾਲ ਤੋਂ ਪੁਰਾਣੀਆਂ ਤਿੰਨ-ਪਹੀਆ ਗੱਡੀਆਂ ਨੂੰ ਇਲੈਕਟ੍ਰਿਕ/ ਸੀ ਐਨ ਜੀ ਗੱਡੀਆਂ ਨਾਲ ਬਦਲਣ ਦਾ ਫੈਸਲਾ ਕੀਤਾ ਹੈ।

ਇਸ ਮਿਸ਼ਨ ਦੇ ਡਾਇਰੈਕਟਰ ਕਾਹਨ ਸਿੰਘ ਪੰਨੂ ਨੇ ਦੱਸਿਆ ਕਿ ਪੰਜਾਬ ਵਿੱਚ 15 ਸਾਲ ਤੋਂ ਵੱਧ ਪੁਰਾਣੀਆਂ ਤਿੰਨ-ਪਹੀਆ ਗੱਡੀਆਂ ਵੱਡੀ ਗਿਣਤੀ ਵਿੱਚ ਚੱਲ ਰਹੀਆਂ ਹਨ, ਪਰ ਪੰਜਾਬ ਮੋਟਰ ਵਾਹਨ ਨਿਯਮ 1989 ਦੇ ਨਿਯਮ 68 ਸੀ ਮੁਤਾਬਕ ਕੋਈ ਵੀ ਤਿੰਨ ਪਹੀਆ ਗੱਡੀ 15 ਸਾਲ ਤੋਂ ਵੱਧ ਸਮੇਂ ਤੱਕ ਨਹੀਂ ਚਲਾਈ ਜਾ ਸਕਦੀ। ਉਨ੍ਹਾਂ ਦੱਸਿਆ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਜਨਵਰੀ 2019 ਤੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਫ਼ਤਹਿਗੜ੍ਹ ਸਾਹਿਬ ਤੇ ਮੋਹਾਲੀ ਜ਼ਿਲ੍ਹੇ ਵਿੱਚ ਨਵੇਂ ਡੀਜ਼ਲ /ਪੈਟਰੋਲ ਥ੍ਰੀ-ਵ੍ਹੀਲਰਾਂ ਦੀ ਰਜਿਸਟ੍ਰੇਸ਼ਨ 'ਤੇ ਪਾਬੰਦੀ ਲਾ ਦਿੱਤੀ ਸੀ। ਪਟਿਆਲਾ ਅਤੇ ਬਠਿੰਡਾ ਜ਼ਿਲ੍ਹਿਆਂ ਵਿੱਚ ਵੀ ਅਜਿਹੀਆਂ ਗੱਡੀਆਂ 'ਤੇ ਪਾਬੰਦੀ ਲਾਉਣ ਦਾ ਮਾਮਲਾ ਬੋਰਡ ਦੇ ਵਿਚਾਰ ਅਧੀਨ ਹੈ। ਪੰਨੂ ਨੇ ਕਿਹਾ ਕਿ ਵੱਡੇ ਸ਼ਹਿਰਾਂ ਦੇ ਡਿਪਟੀ ਕਮਿਸ਼ਨਰਾਂ ਨੂੰ ਪੁਰਾਣੀਆਂ ਤਿੰਨ-ਪਹੀਆ ਗੱਡੀਆਂ ਰੋਕਣ ਅਤੇ ਪੁਰਾਣੀਆਂ ਗੱਡੀਆਂ ਦੇ ਮਾਲਕਾਂ ਨੂੰ ਗੈਸ/ ਇਲੈਕਟ੍ਰਿਕ ਤਿੰਨ-ਪਹੀਆ ਗੱਡੀਆਂ ਚਲਾਉਣ ਦਾ ਮੌਕਾ ਦੇਣ ਨੂੰ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਚਾਲਕ ਨਵੀਆਂ ਗੈਸ/ ਇਲੈਕਟ੍ਰਿਕ ਤਿੰਨ ਪਹੀਆ ਗੱਡੀਆਂ ਪ੍ਰਾਪਤ ਕਰਨ ਦੇ ਚਾਹਵਾਨ ਹਨ, ਉਨ੍ਹਾਂ ਨੂੰ ਮੁਰਦਾ ਸਕੀਮ ਜਾਂ ਸਰਕਾਰ ਦੀ ਕਿਸੇ ਹੋਰ ਸਕੀਮ ਅਧੀਨ ਬੈਂਕਾਂ ਤੋਂ ਰਿਆਇਤੀ ਦਰਾਂ 'ਤੇ ਕਰਜ਼ੇ ਦੀ ਸਹੂਲਤ ਦਿੱਤੀ ਜਾਵੇ।

## ਵਿਦੇਸ਼ ਭੇਜਣ ਦੇ ਨਾਂਅ ਉੱਤੇ 16 ਲੱਖ ਠੱਗਣ ਵਾਲਾ ਜੋੜਾ ਕਾਬੂ



ਕਰਤਾਰਪੁਰ, 23 ਜਨਵਰੀ (ਪੋਸਟ ਬਿਊਰੋ)- ਵਿਦੇਸ਼ ਭੇਜਣ ਦੇ ਨਾਂਅ 'ਤੇ 16 ਲੱਖ ਰੁਪਏ ਠੱਗ ਲੈਣ ਵਾਲੇ ਇੱਕ ਜੋੜੇ ਨੂੰ ਕਰਤਾਰਪੁਰ ਪੁਲਸ ਨੇ ਫੜਿਆ ਅਤੇ ਅਗਲੀ ਕਾਰਵਾਈ ਸ਼ੁਰੂ ਕੀਤੀ ਹੈ। ਥਾਣਾ ਇੰਚਾਰਜ ਪੁਸ਼ਪ ਬਾਲੀ ਨੇ ਦੱਸਿਆ ਕਿ ਐਸ ਐਸ ਪੀ ਦਫਤਰ ਕਪੂਰਥਲਾ ਵਿੱਚ ਪਤੀ-ਪਤਨੀ ਨੂੰ ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਦੀ ਇੱਕ ਸ਼ਿਕਾਇਤ ਦਰਜ ਹੋਈ ਸੀ। ਪੁਲਸ ਨੇ ਦੋਸ਼ੀ ਜੋੜੇ 'ਤੇ ਮੁਕੱਦਮਾ ਦਰਜ ਕੀਤਾ ਸੀ। ਪੁਸ਼ਪ ਬਾਲੀ ਦੇ ਅਨੁਸਾਰ ਮੰਗਲ ਸਿੰਘ ਪੁੱਤਰ ਗੁਰਦੀਪ ਸਿੰਘ ਅਤੇ ਕਮਲਜੀਤ ਸਿੰਘ ਪਤਨੀ ਮੰਗਲ ਸਿੰਘ ਪਿੰਡ ਜਹਾਂਗੀਰ ਪੱਦੀ ਨੇ ਦੱਸਿਆ ਕਿ ਸੁਖਵਿੰਦਰ ਸਿੰਘ ਪਿੰਡ ਤਲਵਾੜਾ ਥਾਣਾ ਆਦਮਪੁਰ ਜ਼ਿਲਾ (ਜਲੰਧਰ) ਸਾਈਪ੍ਰਸ ਵਿੱਚ ਤਿੰਨ-ਚਾਰ ਸਾਲ ਤੋਂ ਰਹਿ ਰਿਹਾ ਹੈ। ਮੰਗਲ ਸਿੰਘ ਨੇ ਦੱਸਿਆ ਕਿ ਉਸ ਨੇ ਸੁਖਵਿੰਦਰ ਸਿੰਘ ਦੇ ਪਿਤਾ ਹਰਦੇਵ ਸਿੰਘ ਤੇ ਮਾਤਾ ਸਰਬਜੀਤ ਕੌਰ ਨੂੰ 16 ਲੱਖ ਰੁਪਏ ਸਾਈਪ੍ਰਸ ਜਾਣ ਲਈ ਦਿੱਤੇ ਸਨ। ਦੋਸ਼ੀ ਜੋੜੇ ਨੇ 15 ਮਾਰਚ 2019 ਨੂੰ ਉਨ੍ਹਾਂ (ਮੰਗਲ ਸਿੰਘ ਅਤੇ ਕਮਲਜੀਤ ਕੌਰ) ਨੂੰ ਸਾਈਪ੍ਰਸ ਭੇਜ ਦਿੱਤਾ, ਪਰ ਉਥੋਂ ਦਾ ਵਰਕ ਪਰਮਿਟ ਨਹੀਂ ਸੀ ਦਿੱਤਾ। ਇਸ ਕਾਰਨ ਉਹ ਇੱਕ ਹਫਤੇ ਵਿੱਚ ਵਾਪਸ ਭੇਜ ਦਿੱਤੇ ਗਏ। ਉਕਤ ਦੋਵਾਂ ਨੇ ਮਿਲ ਕੇ ਉਨ੍ਹਾਂ ਨਾਲ ਧੋਖਾਧੜੀ ਕੀਤੀ ਹੈ। ਇਸ 'ਤੇ ਥਾਣਾ ਕਰਤਾਰ-ਪੁਰ ਪੁਲਸ ਨੇ ਹਰਦੇਵ ਸਿੰਘ ਅਤੇ ਉਸ ਦੀ ਪਤਨੀ ਸਰਬਜੀਤ ਕੌਰ ਨੂੰ ਕਾਬੂ ਕਰ ਲਿਆ।

FRANCHISES REQUIRED for Greece, Italy, Austria, Germany, Spain

PERMANENT IMMIGRATION

Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers & lots of other Positions

Invest $200,000 (CAD) & Immigrate with family under Business Immigration



Subhash Punia

Immigration Counsel

Fast Track Immigration Under INVESTORS CLASS IMMIGRATION

Atlantic Immigration

By Appointment MON-FRI 9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ

ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ

ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ

ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641

satsahibusa@gmail.com | 346-714-0224

## ਮਨੁੱਖੀ ਤਸਕਰੀ ਦੇ ਦੋਸ਼ ਹੇਠ ਟਰੈਵਲ ਏਜੰਟ ਦਿੱਲੀ ਹਵਾਈ ਅੱਡੇ ਤੋਂ ਕਾਬੂ

ਧਾਰੀਵਾਲ, 23 ਜਨਵਰੀ (ਪੋਸਟ ਬਿਊਰੋ)- ਜਰਮਨੀ ਭੇਜਣ ਦੀ ਥਾਂ ਮਨੁੱਖੀ ਤਸਕਰੀ ਰਾਹੀਂ ਇੱਕ ਨੌਜਵਾਨ ਨੂੰ ਮਾਸਕੋ ਭੇਜਣ ਦੇ ਦੋਸ ਹੇਠ ਥਾਣਾ ਧਾਰੀਵਾਲ ਦੀ ਪੁਲਸ ਨੇ ਇੱਕ ਏਜੰਟ ਨੂੰ ਅੰਤਰਰਾਸ਼ਟਰੀ ਹਵਾਈ ਅੱਡਾ ਦਿੱਲੀ ਤੋਂ ਕਾਬੂ ਕੀਤਾ ਹੈ ਅਤੇ ਅਗਲੀ ਕਾਨੂਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਥਾਣਾ ਧਾਰੀਵਾਲ ਦੇ ਮੁਖੀ ਸਬ ਇੰਸਪੈਕਟਰ ਮਨਜੀਤ ਸਿੰਘ ਨੇ ਦੱਸਿਆ ਕਿ ਧਾਰੀਵਾਲ ਨੇੜਲੇ ਪਿੰਡ ਸੋਹਲ ਦੇ ਵਾਸੀ ਸੁਖਰਾਜ ਸਿੰਘ ਪੁੱਤਰ ਸਤਨਾਮ ਸਿੰਘ ਨੇ ਮਾਸਕੋ ਵਿੱਚ ਭਾਰਤੀ ਅੰਬੈਸੀ ਨੂੰ ਸ਼ਿਕਾਇਤ ਕਰਕੇ ਦੱਸਿਆ ਕਿ ਉਸਦੇ ਪਿੰਡ ਦੇ ਰਾਜਬੀਰ ਸਿੰਘ ਪੁੱਤਰ ਨਿਸਾਨ ਸਿੰਘ ਨੇ ਉਸਦਾ ਜਰਮਨੀ ਵਿੱਚ ਵੀਜਾ ਲਗਵਾ ਕੇ ਦੇਣ ਬਦਲੇ ਉਸ ਕੋਲੋਂ ਚਾਰ ਲੱਖ 50 ਹਜ਼ਾਰ ਰੁਪਏ ਲਏ ਸਨ, ਪਰ ਰਾਜਬੀਰ ਸਿੰਘ ਨੇ ਜਰਮਨੀ ਭੇਜਣ ਦੀ ਥਾਂ ਮਨੁੱਖੀ ਤਸਕਰੀ ਰਾਹੀਂ ਮਾਸਕੋ ਭੇਜ ਦਿੱਤਾ। ਓਥੇ ਉਨ੍ਹਾਂ ਵੱਲੋਂ ਉਸ ਦੀ ਮਦਦ ਨਾ ਕਰਨ ਕਰਕੇ ਉਸ ਨੂੰ ਖੱਜਲ ਹੋਣਾ ਪੈ ਰਿਹਾ ਹੈ।

## ਨਿਰਭੈਆ ਕੇਸ ਵਿਚ ਫਾਂਸੀ 1 ਫਰਵਰੀ ਨੂੰ, ਦੋਸ਼ੀਆਂ ਦੇ ਪਰਿਵਾਰਾਂ ਨੂੰ ਸੂਚਨਾ ਦਿੱਤੀ



ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਨਿਰਭੈਆ ਬਲਾਤਕਾਰ ਅਤੇ ਕਤਲ ਦੇ ਦੋਸ਼ੀਆਂ ਦੇ ਨਾਂ ਜਾਰੀ ਡੈਥ ਵਾਰੰਟ ਮੁਤਾਬਕ ਇਕ ਫਰਵਰੀ ਨੂੰ ਫਾਂਸੀ ਦਿੱਤੀ ਜਾਣੀ ਹੈ। ਜਦੋਂ ਇਸ ਲਈ ਕੁਝ ਦਿਨ ਸਮਾਂ ਬਾਕੀ ਹੈ, ਜੇਲ੍ਹ ਪ੍ਰਸ਼ਾਸਨ ਫਾਂਸੀ ਤੋਂ ਪਹਿਲਾਂ ਦੀਆਂ ਸਭ ਪ੍ਰਕਿਰਿਆਵਾਂ ਨੂੰ ਪੂਰਾ ਕਰਨ ਲੱਗਾ ਹੋਇਆ ਹੈ। ਦੋਸ਼ੀਆਂ ਨੂੰ ਫਾਂਸੀ ਉੱਤੇ ਲਟਕਾਉਣ ਦੀ ਮਿਤੀ ਬਾਰੇ ਜੇਲ੍ਹ ਪ੍ਰਸ਼ਾਸਨ ਨੇ ਇਨ੍ਹਾਂ ਦੇ ਵਾਰਸਾਂ ਨੂੰ ਪੱਤਰ ਲਿਖ ਕੇ ਜਾਣਕਾਰੀ ਭੇਜ ਦਿੱਤੀ ਹੈ। ਪਤਾ ਲੱਗਾ ਹੈ ਕਿ ਇਸ ਪੱਤਰ ਵਿਚ ਲਿਖਿਆ ਗਿਆ ਹੈ ਕਿ ਕੋਰਟ ਵੱਲੋਂ ਜਾਰੀ ਡੈਥ ਵਾਰੰਟ ਮੁਤਾਬਕ ਇਨ੍ਹਾਂ ਨੂੰ ਇਕ ਫਰਵਰੀ ਸਵੇਰੇ 6 ਵਜੇ ਫਾਂਸੀ ਲਾਇਆ ਜਾਣਾ ਹੈ। ਜੇ ਉਹ ਚਾਹੁਣ ਤਾਂ ਆਖਰੀ ਮੁਲਾਕਾਤ ਲਈ ਆ ਸਕਦੇ ਹਨ। ਇਸ ਪੱਤਰ ਤੋਂ ਬਾਅਦ ਅਜੇ ਤਕ ਜੇਲ੍ਹ ਪ੍ਰਸ਼ਾਸਨ ਨੂੰ ਕਿਸੇ ਸਾਕ ਸਬੰਧੀ ਦਾ ਕੋਈ ਜਵਾਬ ਨਹੀਂ ਆਇਆ।

ਤਿਹਾੜ ਜੇਲ੍ਹ ਦੇ ਅਧਿਕਾਰੀਆਂ ਨੂੰ ਸਭ ਤੋਂ ਵੱਡੀ ਚਿੰਤਾ ਇਨ੍ਹਾਂ ਕੈਦੀਆਂ ਦੀ ਸੁਰੱਖਿਆ ਬਾਰੇ ਹੈ। ਜੇਲ੍ਹ ਦੇ ਮੈਨੂਅਲ ਵਿਚ ਫਾਂਸੀ ਦੀ ਸਜ਼ਾ ਵਾਲੇ ਦੋਸ਼ੀਆਂ ਲਈ ਮਿਥੀਆਂ ਸਭ ਗੱਲਾਂ ਉੱਤੇ ਅਮਲ ਕੀਤਾ ਜਾ ਰਿਹਾ ਹੈ। ਦੋਸ਼ੀਆਂ ਦੀ ਸੁਰੱਖਿਆ ਏਨੀ ਵਧਾ ਦਿੱਤੀ ਹੈ ਕਿ ਦੋਸ਼ੀਆਂ ਦਾ ਸੈਲ ਰੋਜ਼ ਬਦਲਿਆ ਜਾ ਰਿਹਾ ਹੈ। ਇਨ੍ਹਾਂ ਨੂੰ ਅਜਿਹੇ ਸੈੱਲ ਵਿਚ ਰੱਖਿਆ ਜਾਂਦਾ ਹੈ, ਜਿਥੇ ਬਾਹਰ ਮੌਜੂਦ ਸੁਰੱਖਿਆ ਮੁਲਾਜ਼ਮਾਂ ਦੀ ਚੱਪੇ ਚੱਪੇ ਉੱਤੇ ਨਜ਼ਰ ਹੋ। ਚਾਰਾਂ ਦੋਸ਼ੀਆਂ ਦੀ ਸੁਰੱਖਿਆ ਬਾਰੇ ਪੱਕੇ ਪ੍ਰਬੰਧ ਹਨ ਜਾਂ ਨਹੀਂ, ਇਹ ਖਾਸ ਤੌਰ ਉੱਤੇ ਦੇਖਿਆ ਜਾਂਦਾ ਹੈ ਕਿ ਕੀ ਇਸ ਸੈਲ ਵਿਚ ਅਜਿਹੀ ਕੋਈ ਚੀਜ਼ ਤਾਂ ਨਹੀਂ, ਜਿਸ ਦੀ ਮਦਦ ਨਾਲ ਦੋਸ਼ੀ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਕੁਝ ਦਿਨ ਪਹਿਲਾਂ ਚਾਰਾਂ ਦੋਸ਼ੀਆਂ ਅਕਸ਼ੇ, ਵਿਨੈ, ਪਵਨ ਅਤੇ ਮੁਕੇਸ਼ ਨੂੰ ਉਨ੍ਹਾਂ ਦੀਆਂ ਜੇਲ੍ਹਾਂ ਤੋਂ ਕੱਢ ਕੇ ਜੇਲ੍ਹ ਨੰਬਰ ਤਿੰਨ ਦੀ ਹਾਈ ਸਕਿਓਰਿਟੀ ਸੈਲ ਵਿਚ ਰੱਖਿਆ ਗਿਆ ਹੈ। ਇਸ ਜੇਲ੍ਹ ਵਿਚ ਫਾਂਸੀ ਘਰ ਹੈ। ਰੋਜ਼ ਡਾਕਟਰਾਂ ਦੀ ਟੀਮ ਉਨ੍ਹਾਂ ਦੀ ਸਿਹਤ ਜਾਂਚ ਕਰਨ ਆ ਰਹੀ ਹੈ। ਡਾਈਟੀਸ਼ੀਅਨ ਵੱਲੋਂ ਦਿੱਤੇ ਡਾਈਟ ਚਾਰਟ ਮੁਤਾਬਕ ਖਾਣਾ ਦਿੱਤਾ ਜਾਂਦਾ ਹੈ।

## ਮੈਂਗਲੂਰੂ ਹਵਾਈ ਅੱਡੇ 'ਤੇ ਸੁਰੱਖਿਆ ਗਾਰਡ ਦੀ ਨੌਕਰੀ ਨਾ ਮਿਲੀ ਤਾਂ ਬੰਬ ਜਾ ਲਾਇਆ




ਬੈਂਗਲੁਰੂ, 23 ਜਨਵਰੀ (ਪੋਸਟ ਬਿਊਰੋ)- ਮੈਂਗਲੁਰੂ ਅੰਤਰਾਸ਼ਟਰੀ ਹਵਾਈ ਅੱਡੇ 'ਤੇ ਵਿਸਫੋਟਕ ਲਾਉਣ ਦੇ ਸ਼ੱਕੀ 36 ਸਾਲਾ ਵਿਅਕਤੀ ਨੇ ਕੱਲ੍ਹ ਨੂੰ ਪੁਲਸ ਕੋਲ ਆਤਮ ਸਮਪਰਣ ਕਰ ਦਿੱਤਾ।

ਸ਼ੱਕੀ ਵਿਅਕਤੀ ਡੀ ਜੀ ਪੀ ਦਫਤਰ ਆਇਆ, ਜਿੱਥੇ ਉਸ ਤੋਂ ਪੁੱਛਗਿੱਛ ਲਈ ਹਿਰਾਸਤ ਵਿੱਚ ਲੈ ਲਿਆ ਗਿਆ। ਉਸਦੀ ਪਛਾਣ ਮਣਿਪਾਲ ਦੇ ਵਾਸੀ ਆਦਿਤ ਰਾਓ ਦੇ ਰੂਪ ਵਿੱਚ ਕੀਤੀ ਗਈ ਹੈ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਆਦਿਤ ਰਾਓ ਨੇ ਬਦਲਾ ਲੈਣ ਲਈ ਇਹ ਸਭ ਕੀਤਾ ਸੀ, ਕਿਉਂਕਿ ਉਸ ਨੂੰ ਮੈਂਗਲੂਰੂ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸੁਰੱਖਿਆ ਗਾਰਡ ਦੀ ਨੌਕਰੀ ਲਈ ਕੁਝ ਦਸਤਾਵੇਜ਼ ਨਾ ਹੋਣ ਦੇ ਕਾਰਨ ਮਨਾ ਕਰ ਦਿੱਤਾ ਗਿਆ ਸੀ। ਉਹ ਨੌਕਰੀ ਦੀ ਭਾਲ ਵਿੱਚ 2012 ਵਿੱਚ ਬੈਂਗਲੂਰੂ ਆਇਆ ਸੀ ਤੇ ਉਸ ਨੇ ਇੱਕ ਨਿੱਜੀ ਬੈਂਕ ਵਿੱਚ ਨੌਕਰੀ ਕੀਤੀ ਜਿੱਥੋਂ ਬਾਅਦ ਵਿੱਚ ਉਸ ਨੇ ਅਸਤੀਫਾ ਦੇ ਦਿੱਤਾ ਸੀ। ਫਿਰ ਉਹ ਮੈਂਗਲੂਰੂ ਚਲਾ ਗਿਆ ਜਿੱਥੇ ਉਸ ਨੇ ਛੇ ਮਹੀਨੇ ਤੱਕ ਸੁਰੱਖਿਆ ਗਾਰਡ ਦੇ ਤੌਰ 'ਤੇ ਕੰਮ ਕੀਤਾ ਅਤੇ ਫਿਰ ਉਡੂਪੀ ਵਿੱਚ ਇੱਕ ਰਸੋਈਏ ਦੇ ਤੌਰ 'ਤੇ ਕੰਮ ਕੀਤਾ। ਬਾਅਦ ਵਿੱਚ ਉਹ ਫਿਰ ਬੈਂਗਲੂਰੂ ਵਾਪਸ ਆਇਆ ਤੇ ਇੱਕ ਬੀਮਾ ਕੰਪਨੀ ਵਿੱਚ ਕੰਮ ਕਰਨ ਲੱਗਾ ਅਤੇ ਉਸ ਨੇ ਉਥੋਂ ਨੌਕਰੀ ਛੱਡ ਕੇ ਹਵਾਈ ਅੱਡੇ 'ਤੇ ਸੁਰੱਖਿਆ ਕਰਮਚਾਰੀ ਬਣਨ ਲਈ ਅਰਜ਼ੀ ਦਿੱਤੀ ਸੀ।

ਇਸ ਵਿਅਕਤੀ ਨੇ ਹਵਾਈ ਅੱਡਾ ਉੱਤੇ ਬੰਬ ਲਾਉਣ ਦਾ ਜੁਰਮ ਮੰਨ ਲਿਆ ਹੈ। ਮੈਂਗਲੂਰੂ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਡਿਪਾਰਚਰ ਗੇਟ ਦੇ ਟਿਕਟ ਕਾਊਂਟਰ ਦੇ ਨੇੜੇ ਕੱਲ੍ਹ ਇੱਕ ਲਾਵ-ਾਰਿਸ ਬੈਗ ਵਿੱਚ ਵਿਸਫੋਟਕ ਸਾਮਾਨ ਮਿਲਿਆ ਸੀ ਜਿਸ ਨੂੰ ਬਾਅਦ ਵਿੱਚ ਖੁੱਲੇ ਮੈਦਾਨ ਵਿੱਚ ਨਾਕਾਰਾ ਕਰ ਦਿੱਤਾ ਗਿਆ ਸੀ।

## 10 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਬੀ ਡੀ ਪੀ ਓ ਗ੍ਰਿਫਤਾਰ


ਮੋਰਿੰਡਾ, 23 ਜਨਵਰੀ (ਪੋਸਟ ਬਿਊਰੋ)- ਰੋਪੜ ਵਿਜੀਲੈਂਸ ਵਿਭਾਗ ਦੀ ਟੀਮ ਨੇ ਕੱਲ੍ਹ ਬੀ ਡੀ ਪੀ ਓ ਦਫਤਰ ਮੋਰਿੰਡਾ ਵਿੱਚ ਬੀ ਡੀ ਪੀ ਓ ਨੂੰ 10 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਗ੍ਰਿਫਤਾਰ ਕੀਤਾ ਹੈ। ਇਸ ਦੀ ਪੁਸ਼ਟੀ ਵਿਜੀਲੈਂਸ ਦੇ ਡੀ ਐੱਸ ਪੀ ਵਰਿੰਦਰਪਾਲ ਸਿੰਘ ਗਿੱਲ ਨੇ ਕੀਤੀ। ਦੋਸ਼ੀ ਬੀ ਡੀ ਪੀ ਓ ਅਮਰਦੀਪ ਸਿੰਘ ਨੂੰ ਉਸ ਦੇ ਮੋਰਿੰਡਾ ਸਥਿਤ ਦਫਤਰ ਤੋਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ। ਵਿਜੀਲੈਂਸ ਅਮਰਦੀਪ ਸਿੰਘ ਨੂੰ ਰੋਪੜ ਵਿਜੀਲੈਂਸ ਦਫਤਰ ਲੈ ਕੇ ਆਈ ਹੈ। ਕੱਲ੍ਹ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਏਗਾ। ਡੀ ਐੱਸ ਪੀ ਵਿਜੀਲੈਂਸ ਦੇ ਮੁਤਾਬਿਕ ਉਨ੍ਹਾਂ ਨੂੰ ਇਸ ਸਬੰਧੀ ਮਿਲੀ ਸ਼ਿਕਾਇਤ ਉੱਤੇ ਕਾਰਵਾਈ ਕੀਤੀ ਗਈ।

## ਅੱਠ ਵਾਰ ਫੇਲ੍ਹ ਹੋਣ ਵਾਲਾ ਵੈਭਵ ਫਿਰ ਯੂ ਪੀ ਐੱਸ ਸੀ ਦਾ ਟਾਪਰ ਬਣ ਗਿਆ

ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਤਿੰਨ ਸਾਲ ਦੀ ਸਖਤ ਮਿਹਨਤ ਅਤੇ ਵੱਖਰੀ ਤਰ੍ਹਾਂ ਦੀ ਸਟ੍ਰੈਟਜੀ ਨੇ ਵੈਭਵ ਨੂੰ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀ ਐੱਸ ਸੀ) ਦਾ ਟਾਪਰ ਬਣਾ ਦਿੱਤਾ ਹੈ।

ਸਾਲ 2018 ਵਿੱਚ ਯੂ ਪੀ ਐੱਸ ਸੀ ਦੇ ਆਈ ਈ ਐੱਸ (ਇੰਡੀਅਨ ਇੰਜੀਨੀਅਰਿੰਗ ਸਰਵਿਸ) ਪ੍ਰੀਖਿਆ ਵਿੱਚ 32ਵਾਂ ਰੈਂਕ ਪ੍ਰਾਪਤ ਕਰਨ ਵਾਲੇ ਵੈਭਵ ਛਾਬੜਾ ਦੀ ਕਹਾਣੀ ਹਰ ਇੱਕ ਸਾਧਾਰਨ ਵਿਦਿਆਰਥੀ ਲਈ ਪ੍ਰੇਰਣਾ ਦਾਇਕ ਹੈ। ਦਿੱਲੀ ਦੇ ਵਸਨੀਕ ਵੈਭਵ ਨੇ ਬੀ-ਟੈਕ ਪ੍ਰੀਖਿਆ 56 ਫੀਸਦੀ ਨੰਬਰਾਂ ਨਾਲ ਪਾਸ ਕੀਤੀ ਸੀ। ਇੱਕ ਵੀਡੀਓ ਇੰਟਰਵਿਊ ਵਿੱਚ ਉਸ ਨੇ ਕਿਹਾ ਕਿ ਮੇਰਾ ਪੜ੍ਹਨ ਲਈ ਬਿਲਕੁਲ ਨਹੀਂ ਕਰਦਾ ਸੀ, ਪਰ ਮੈਨੂੰ ਅਜਿਹੀ ਕੁੰਜੀ ਮਿਲ ਗਈ, ਜਿਸ ਨਾਲ ਮੈਂ ਤਿੰਨ ਸਾਲ ਵਿੱਚ ਆਪਣੀ ਮੰਜ਼ਿਲ ਹਾਸਲ ਕਰ ਲਈ। ਕਾਲਜ ਤੋਂ ਬਾਅਦ ਉਹ ਇੱਕ ਇੰਸਟੀਚਿਊਟ ਵਿੱਚ ਪੜ੍ਹਾਉਂਦਾ ਸੀ, ਪਰ ਉਸ ਨੇ ਵੱਡਾ ਟੀਚਾ ਮਿੱਥਿਆ ਅਤੇ ਨੌਕਰੀ ਛੱਡ ਦਿੱਤੀ। ਨਾਲ ਉਸ ਨੇ ਆਪਣੀ ਤਿਆਰੀ ਸ਼ੁਰੂ ਕਰ ਦਿੱਤੀ। ਇਸ ਦੇ ਬਾਵਜੂਦ ਲਗਾਤਾਰ ਅਸਫਲਤਾਵਾਂ ਨੇ ਵੈਭਵ ਨੂੰ ਸਿਖਾਇਆ ਕਿ ਕਿਵੇਂ ਆਪਣੀ ਤਿਆਰੀ ਨੂੰ ਹੋਰ ਬਿਹਤਰ ਕਰਨਾ ਹੈ। ਇਸ ਤਰ੍ਹਾਂ ਉਹ ਅੱਠ ਵਾਰ ਫੇਲ੍ਹ ਹੋ ਕੇ ਵੀ ਪਿੱਛੇ ਨਹੀਂ ਹਟਿਆ ਅਤੇ ਅੱਜ ਆਈ ਏ ਐੱਸ ਅਫਸਰ ਹੈ। ਉਸ ਨੇ ਆਪਣੀ ਪੜ੍ਹਾਈ ਦਾ ਅਨੋਖਾ ਤਰੀਕਾ ਅਪਣ-ਾਇਆ ਤੇ ਲਾਇਬਰੇਰੀ ਜਾ ਕੇ ਪੜ੍ਹਨਾ ਸ਼ੁਰੂ ਕੀਤਾ, ਜਿੱਥੇ ਉਹ 12-12 ਘੰਟੇ ਪੜ੍ਹਦਾ ਸੀ। ਵੈਭਵ ਦੇ ਮੁਤਾਬਕ ਤੁਹਾਨੂੰ ਹਮੇਸ਼ਾ ਆਪਣੇ ਦਿਮਾਗ ਦੀ ਸੁਣਨੀ ਚਾਹੀਦੀ ਹੈ ਕਿਉਂਕਿ ਉਹ ਕਦੇ ਝੂਠ ਨਹੀਂ ਬੋਲਦਾ। ਮੈਂ ਆਪਣੇ ਦਿਮਾਗ ਦੀ ਸੁਣੀ ਅਤੇ ਬੀ ਐੱਸ ਐੱਨ ਐੱਲ ਦੀ ਨੌਕਰੀ ਛੱਡਣ ਪਿੱਛੋਂ ਯੂ ਪੀ ਐੱਸ ਸੀ ਦੀ ਤਿਆਰੀ ਕਰਨ ਲੱਗ ਪਿਆ। ਸਭ ਤੋਂ ਵੱਡੀ ਗੱਲ ਇਹ ਕਿ ਸਕਾਰਾਤਮਕ ਲੋਕਾਂ ਨਾਲ ਸੰਪਰਕ ਰੱਖਣਾ ਚਾਹੀਦਾ ਹੈ। ਦੋਸਤਾਂ, ਮਿੱਤਰਾਂ ਅਤੇ ਟੀਚਰਾਂ ਤੋਂ ਇਲਾਵਾ ਮੈਂ ਟਾਰਗੈਟ ਪੂਰਾ ਕਰ ਚੁੱਕੇ ਲੋਕਾਂ ਨਾਲ ਗੱਲਬਾਤ ਕੀਤੀ ਤੇ ਇਸੇ ਹਿਸਾਬ ਡਾਇਰੀ ਬਣਾਉਣੀ ਸ਼ੁਰੂ ਕੀਤੀ ਸੀ, ਪਹਿਲਾਂ ਛੇ ਮਹੀਨੇ ਕੋਚਿੰਗ, ਫਿਰ ਸੈਲਫ ਸਟੱਡੀ ਅਤੇ ਆਖਰਕਾਰ ਆਪਣੀ ਮੰਜ਼ਿਲ ਹਾਸਲ ਕਰ ਲਈ।

## ਨਸੀਰੂਦੀਨ ਨੇ ਨਾਗਰਿਕਤਾ ਕਾਨੂੰਨ ਬਾਰੇ ਕਿਹਾ: ਮੈਂ ਚਿੰਤਤ ਨਹੀਂ, ਨਾਰਾਜ਼ ਹਾਂ



ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਨਾਗਰਿਕਤਾ (ਸੋਧ) ਕਾਨੂੰਨ ਬਾਰੇ ਅਭਿਨੇਤਾ ਨਸੀਰੂਦੀਨ ਸ਼ਾਹ ਨੇ ਕਿਹਾ ਹੈ ਕਿ ਉਹ ਚਿੰਤਤ ਨਹੀਂ, ਨਾਰਾਜ਼ ਹਨ। ਉਨ੍ਹਾਂ ਕਿਹਾ ਕਿ ਉਹ ਕਈ ਹੋਰ ਭਾਰਤੀਆਂ ਦੀ ਤਰ੍ਹਾਂ ਜਨਮ ਸਰਟੀਫਿਕੇਟ ਨਹੀਂ ਦਿਖਾ ਸਕਦੇ। ਉਨਾਂ ਸਵਾਲ ਕੀਤਾ ਕਿ ਕੀ ਸੱਤਰ ਸਾਲ ਤੋਂ ਇਥੇ ਰਹਿਣਾ ਉਨ੍ਹਾਂ ਦੇ ਨਾਗਰਿਕ ਹੋਣ ਦੇ ਸਬੂਤ ਲਈ ਕਾਫੀ ਨਹੀਂ। ਉਨ੍ਹਾ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਇੱਕ ਮੁਸਲਿਮ ਦੇ ਤੌਰ 'ਤੇ ਨਹੀਂ, ਇੱਕ ਚਿੰਤਤ ਨਾਗਰਿਕ ਦੇ ਤੌਰ 'ਤੇ ਬੋਲ ਰਹੇ ਹਨ। ਉਨ੍ਹਾ ਕਿਹਾ ਕਿ ਉਨ੍ਹਾਂ ਨੇ ਸਮਾਜਕ ਤੇ ਵਿਦਿਅਕ ਖੇਤਰਾਂ ਵਿੱਚ ਦੇਸ਼ ਦੇ ਲਈ ਯੋਗਦਾਨ ਦਿੱਤਾ ਹੈ ਅਤੇ ਉਨ੍ਹਾਂ ਦੇ ਪਰਵਾਰ ਦੀਆਂ ਪੰਜ ਪੀੜ੍ਹੀਆਂ ਇਸੇ ਜ਼ਮੀਨ ਵਿੱਚ ਦਫਨ ਹਨ।

ਨਸੀਰੂਦੀਨ ਸ਼ਾਹ ਨੇ ਇੱਕ ਇੰਟਰਵਿਊ ਵਿੱਚ ਕਿਹਾ, ਮੇਰੇ ਕੋਲ ਜਨਮ ਦਾ ਸਰਟੀਫਿਕੇਟ ਨਹੀਂ, ਮੈਂ ਇਸ ਨੂੰ ਪੇਸ਼ ਨਹੀਂ ਕਰ ਸਕਦਾ। ਕੀ ਇਸ ਦਾ ਮਤਲਬ ਹੈ ਕਿ ਸਾਨੂੰ ਸਾਰਿਆਂ ਨੂੰ ਬਾਹਰ ਕਰ ਦਿੱਤਾ ਜਾਏਗਾ। ਮੈਨੂੰ ਅਜਿਹਾ ਭਰੋਸਾ ਨਹੀਂ ਚਾਹੀਦਾ ਕਿ ਮੁਸਲਮਾਨਾਂ ਨੂੰ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਮੈਂ ਚਿੰਤਤ ਨਹੀਂ ਹਾਂ।

ਸੱਤਰ ਸਾਲਾ ਫਿਲਮ ਸਟਾਰ ਨਸੀਰੂਦੀਨ ਸ਼ਾਹ ਨੇ ਕਿਹਾ, ਜੇ ਸੱਤਰ ਸਾਲ ਇਥੇ ਰਹਿਣਾ ਮੈਨੂੰ ਭਾਰਤੀ ਸਾਬਤ ਨਹੀਂ ਕਰਦਾ ਤਾਂ ਮੈਨੂੰ ਨਹੀਂ ਪਤਾ ਕਿ ਇਸ ਦਾ ਕੀ ਮਤਲਬ ਹੈ। ਮੈਂ ਡਰਦਾ ਨਹੀਂ ਹਾਂ, ਮੈਂ ਚਿੰਤਤ ਨਹੀਂ ਹਾਂ, ਮੈਂ ਨਾਰਾਜ਼ ਹਾਂ ਕਿ ਇਸ ਤਰ੍ਹਾਂ ਦਾ ਕਾਨੂੰਨ ਸਾਡੇ 'ਤੇ ਥੋਪਿਆ ਗਿਆ ਹੈ।

## ਪੰਜ ਸਾਲਾਂ ਵਿੱਚ ਕੇਜਰੀਵਾਲ ਦੀ ਜਾਇਦਾਦ 1.30 ਕਰੋੜ ਰੁਪਏ ਵਧੀ



ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਜਾਇਦਾਦ ਪਿਛਲੇ ਪੰਜ ਸਾਲ ਵਿੱਚ ਇੱਕ ਕਰੋੜ 30 ਲੱਖ ਰੁਪਏ ਵਧੀ ਹੈ।

ਕੇਜਰੀਵਾਲ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਤੀਸਰੀ ਵਾਰ ਮੈਦਾਨ ਵਿੱਚ ਹਨ। ਪਿਛਲੇ ਪੰਜ ਸਾਲਾਂ ਦੌਰਾਨ ਉਨ੍ਹਾਂ ਦੀ ਕੁੱਲ ਜਾਇਦਾਦ ਵਿੱਚ ਇੱਕ ਕਰੋੜ ਤੀਹ ਲੱਖ ਰੁਪਏ ਅਤੇ ਨਕਦੀ ਵਿੱਚ ਸੱਤ ਲੱਖ 69 ਹਜ਼ਾਰ 736 ਰੁਪਏ ਦਾ ਵਾਧਾ ਹੋਇਆ ਹੈ। ਪੰਜ ਸਾਲਾਂ ਬਾਅਦ ਇੱਕ ਵਾਰ ਫਿਰ ਜਿੱਤ ਨੂੰ ਆਸਵੰਦ ਕੇਜਰੀਵਾਲ ਨੇ ਇਸ ਵਾਰ 'ਅੱਛੇ ਬੀਤੇ ਪੰਜ ਸਾਲ, ਲਗੇ ਰਹੋ ਕੇਜਰੀਵਾਲ' ਦੇ ਨਾਅਰੇ ਨਾਲ ਫਿਰ ਚੋਣ ਮੈਦਾਨ ਵਿੱਚ ਹੈ। ਦਿੱਲੀ ਵਿਧਾਨ ਸਭਾ ਦੀ ਚੋਣ ਅੱਠ ਫਰਵਰੀ ਨੂੰ ਹੋਣੀ ਹੈ। ਪਿਛਲੀ ਵਾਰ ਆਮ ਆਦਮੀ ਪਾਰਟੀ ਨੇ ਸੱਤਰ ਵਿੱਚੋਂ 67 ਸੀਟਾਂ ਜਿੱਤ ਕੇ ਇਤਿਹਾਸ ਰਚਿਆ ਸੀ।

ਜਾਮਨਗਰ ਹਾਊਸ ਵਿੱਚ ਮੰਗਲਵਾਰ ਦਾਖਲ ਕੀਤੇ ਨਾਮਜ਼ਦਗੀ ਪੱਤਰ ਵਿੱਚ ਕੇਜਰੀਵਾਲ ਨੇ ਜਾਇਦਾਦ ਦੇ ਸੰਬੰਧ ਵਿੱਚ ਜੋ ਐਫੀਡੇਵਟਿ ਦਿੱਤਾ ਹੈ ਇਸ ਵਿੱਚ ਕੁੱਲ 3.4 ਕਰੋੜ ਰੁਪਏ ਦੀ ਜਾਇਦਾਦ ਦਾ ਖੁਲਾਸਾ ਹੋਇਆ ਹੈ, ਜੋ ਸਾਲ 2015 ਦੇ ਮੁਕਾਬਲੇ 1.3 ਕਰੋੜ ਰੁਪਏ ਵੱਧ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਕੇਜਰੀਵਾਲ ਨੇ ਬਿਆਨ ਵਿੱਚ ਆਪਣੀ ਕੁੱਲ ਜਾਇਦਾਦ ਦੀ ਕੀਮਤ 2.1 ਕਰੋੜ ਰੁਪਏ ਦੱਸੀ ਸੀ। ਇਸ ਵਾਰ ਦੇ ਹਲਫਨਾਮੇ ਵਿੱਚ ਕੇਜਰੀਵਾਲ ਨੇ ਨਗਦ ਨੌਂ ਲੱਖ 95 ਹਜ਼ੋਰ 741 ਰੁਪਏ ਦਰਸਾਏ ਹਨ, ਜੋ ਪਿਛਲੀ ਵਾਰ ਦੋ ਲੱਖ 26 ਹਜ਼ਾਰ ਪੰਜ ਰੁਪਏ ਸੀ। ਉਂਜ ਉਸ ਦੇ ਇਸ ਐਫੀਡੇਵਿਟ ਵਿੱਚ ਜਾਇਦਾਦ ਨਹੀਂ ਵਧੀ, ਜਾਇਦਾਦ ਦੀ ਮਾਰਕੀਟ ਕੀਮਤ ਹੀ ਵਧ ਗਈ ਹੈ।

## ਜਾਮੀਆ ਕੇਸ ਵਿੱਚ ਅਦਾਲਤ ਨੇ ਪੁਲਸ ਰਿਪੋਰਟ ਮੰਗੀ



ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਦਿੱਲੀ ਦੀ ਅਦਾਲਤ ਨੇ ਪਿਛਲੇ ਮਹੀਨੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਕੈਂਪਸ ਵਿੱਚ ਪੁਲਸ ਵੱਲੋਂ ਵਿਦਿਆਰਥੀਆਂ 'ਤੇ ਕੀਤੇ ਹਮਲੇ ਬਾਰੇ ਜਾਮੀਆ ਪੁਲਸ ਥਾਣੇ ਵੱਲੋਂ ਕੀਤੀ ਕਾਰਵਾਈ ਬਾਰੇ ਰਿਪੋਰਟ (ਏ ਟੀ ਆਰ) ਮੰਗ ਲਈ ਹੈ।

ਵਰਨਣ ਯੋਗ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਜਾਮੀਆ ਨਗਰ ਥਾਣੇ ਵਿੱਚ ਸ਼ਿਕਾਇਤ ਦੇ ਕੇ ਇਰਾਦਾ ਕਤਲ ਸਮੇਤ ਵੱਖ-ਵੱਖ ਧਾਰਵਾਂ ਹੇਠ ਸ਼ਿਕਾਇਤ ਦਰਜ ਕਰਨ ਦੀ ਮੰਗ ਕੀਤੀ ਸੀ। ਮੈਟਰੋਪਾਲਿਟਨ ਮੈਜਿਸਟਰੇਟ ਰਜਤ ਗੋਇਲ ਨੇ ਜਾਮੀਆ ਨਗਰ ਥਾਣੇ ਦੇ ਐਸ ਐਚ ਓ ਨੂੰ ਰਿਪੋਰਟ ਪੇਸ਼ ਕਰਨ ਲਈ 16 ਮਾਰਚ ਤੱਕ ਸਮਾਂ ਦਿੱਤਾ ਹੈ। ਅਦਾਲਤ ਨੇ ਕਿਹਾ, 'ਕਿਉਂ ਨਾ ਸਬੰਧਤ ਐਸ ਐਚ ਓ ਤੋਂ ਇਸ ਦੀ ਕਾਰਵਾਈ ਰਿਪੋਰਟ ਮੰਗੀ ਜਾਏ। ਜੇ ਸ਼ਿਕਾਇਤ ਕਰਤਾ ਨੇ ਪੁਲਸ ਸਟੇਸ਼ਨ ਵਿੱਚ ਕੋਈ ਸ਼ਿਕਾਇਤ ਦਿੱਤੀ ਸੀ ਤਾਂ ਕੀ ਇਸ 'ਤੇ ਕੋਈ ਕਾਰਵਾਈ ਹੋਈ। ਕੀ ਇਸ ਬਾਰੇ ਕੋਈ ਜਾਂਚ ਹੋਈ। ਜੇ ਹਾਂ ਤਾਂ ਉਹ ਜਾਂਚ ਕਿੱਥੇ ਤੱਕ ਪੁੱਜੀ।' ਯੂਨੀਵਰਸਿਟੀ ਦੇ ਰਜਿਸਟਰਾਰ ਨੇ ਜਾਮੀਆ ਥਾਣੇ ਨੂੰ ਦਿੱਤੀ ਸ਼ਿਕਾਇਤ 'ਚ ਦਾਅਵਾ ਕੀਤਾ ਸੀ ਕਿ ਪੁਲਸ ਨੇ 15 ਦਸੰਬਰ ਨੂੰ ਕੈਂਪਸ ਵਿੱਚ 'ਗੈਰਕਾਨੂੰਨੀ' ਢੰਗ ਨਾਲ ਆਣ ਕੇ ਅਮਨ ਅਮਾਨ ਨਾਲ ਪ੍ਰਦਰਸ਼ਨ ਕਰਦੇ ਵਿਦਿਆਰਥੀਆਂ 'ਤੇ ਲਾਠੀ ਚਾਰਜ ਕੀਤਾ ਅਤੇ ਅੱਥਰੂ ਗੈਸ ਦੇ ਗੋਲੇ ਦਾਗ਼ੇ ਤੇ ਫਾਇਰਿੰਗ ਕੀਤੀ ਸੀ।

## ਭਗੌੜੇ ਸਾਧ ਨਿਤਿਆਨੰਦ ਖ਼ਿਲਾਫ਼ ਬਲਿਊ ਕਾਰਨਰ ਨੋਟਿਸ ਜਾਰੀ

ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਨਾਬਾਲਿਗਾਂ ਨੂੰ ਅਗਵਾ ਕਰਨ ਤੇ ਬਲਾਤਕਾਰ ਦੇ ਦੋਸ਼ ਲੱਗਣ ਪਿੱਛੋਂ ਦੇਸ਼ ਤੋਂ ਫਰਾਰ ਹੋਏ ਸਾਧ ਨਿੱਤਿਆਨੰਦ ਦੇ ਖ਼ਿਲਾਫ਼ ਬਲਿਊ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਹੈ ਤੇ ਰੈਡ ਕਾਰਨਰ ਨੋਟਿਸ ਜਾਰੀ ਕਰਨ ਦੀ ਵੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰੀਆਂ ਨੇ ਕੱਲ੍ਹ ਕਿਹਾ ਕਿ ਗੁਜਰਾਤ ਪੁਲਸ ਨੇ ਸੀ ਬੀ ਆਈ ਨੂੰ ਅਪੀਲ ਕੀਤੀ ਸੀ। ਅਸਲ ਵਿੱਚ ਸੀ ਬੀ ਆਈ ਉਹ ਸਰਕਾਰੀ ਸੰਸਥਾ ਹੈ ਜਿਹੜੀ ਅੰਤਰਰਾਸ਼ਟਰੀ ਪੁਲਸ ਇੰਟਰਪੋਲ ਨੂੰ ਕਿਸੇ ਦੀ ਭਾਲ ਜਾਂ ਗ੍ਰਿਫ਼ਤਾਰੀ ਕਰਨ ਦੇ ਲਈ ਅਪੀਲ ਕਰਦੀ ਹੈ। ਅਹਿ-ਮਦਾਬਾਦ (ਰੂਰਲ) ਦੇ ਡੀ ਐਸ ਪੀ ਕੇਟੀ ਕਮਰੀਆਂ ਨੇ ਕਿਹਾ ਕਿ ਇੰਟਰਪੋਲ ਨੇ ਭਗੌੜੇ ਸਾਧ ਨਿੱਤਿਆਨੰਦ ਦੇ ਖ਼ਿਲਾਫ਼ ਬਲਿਊ ਕਾਰਨਰ ਨੋਟਿਸ ਜਾਰੀ ਕੀਤਾ ਹੈ। ਉਸ ਦੇ ਖ਼ਿਲਾਫ਼ ਗੁਜਰਾਤ ਪੁਲਸ ਨੇ ਅਗਵਾ ਮਾਮਲੇ 'ਚ ਚਾਰਜਸ਼ੀਟ ਦਾਖ਼ਲ ਕੀਤੀ ਹੈ। ਨਿੱਤਿਆਨੰਦ ਪਿਛਲੇ ਸਾਲ ਤੋਂ ਫਰਾਰ ਹੈ। ਉਸ ਦੇ ਖ਼ਿਲਾਫ਼ ਰੈਡ ਕਾਰਨਰ ਨੋਟਿਸ ਜਾਰੀ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕੀਤੀ ਗਈ ਹੈ। ਕੱਲ੍ਹ ਗੁਜਰਾਤ ਪੁਲਸ ਨੇ ਕੋਰਟ 'ਚ ਦਾਖ਼ਲ ਚਾਰਜਸ਼ੀਟ 'ਚ ਕਿਹਾ ਕਿ ਪਿਛਲੇ ਸਾਲ ਕਰਨਾਟਕ 'ਚ ਬਲਾਤਕਾਰ ਦਾ ਕੇਸ ਦਰਜ ਹੋਣ ਦੇ ਬਾਅਦ ਨਿੱਤਿਆਨੰਦ ਦੇਸ਼ ਛੱਡ ਕੇ ਫ਼ਰਾਰ ਹੋ ਗਿਆ ਸੀ। ਗੁਜਰਾਤ ਪੁਲਸ ਨੇ ਨਿੱਤਿਆਨੰਦ ਦੇ ਖ਼ਿਲਾਫ਼ ਇਹ ਚਾਰਜਸ਼ੀਟ ਅਹਿਮਦਾਬਾਦ ਆਸ਼ਰਮ ਤੋਂ ਦੋ ਲੜਕੀਆਂ ਦੇ ਗਾਇਬ ਹੋਣ ਦੇ ਕੇਸ 'ਚ ਦਾਖ਼ਲ ਕੀਤੀ ਹੈ। ਇਨ੍ਹਾਂ ਲਾਪਤਾ ਲੜਕੀਆਂ ਨੇ ਕੋਰਟ 'ਚ ਜਮੈਕਾ ਦੇ ਕਿੰਗਸਟਨ ਤੋਂ ਹਲਫ਼ਨਾਮਾ ਵੀ ਦਾਖ਼ਲ ਕੀਤਾ ਹੈ।

## ਪਛੜੀਆਂ ਜਾਤਾਂ ਦਾ ਪਤਾ ਲਾਉਣ ਲਈ ਅਜੇ ਹੋਰ ਸਮਾਂ ਲੱਗੇਗਾ

ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਰਾਖਵਾਂਕਰਨ ਪਿੱਛੋਂ ਵੀ ਹੋਰ ਪਛੜੇ ਵਰਗ (ਓ ਬੀ ਸੀ) ਦੀਆਂ ਪਛੜੀਆਂ ਰਹਿ ਗਈਆਂ ਜਾਤਾਂ ਦਾ ਪਤਾ ਲਾਉਣ ਅਤੇ ਉਨ੍ਹਾਂ ਰਾਖਵਾਂਕਰਨ ਦਾ ਸਮੁੱਚਾ ਲਾਭ ਦਿਵਾਉਣ ਲਈ ਗਠਿਤ ਕਮਿਸ਼ਨ ਦਾ ਕਾਰਜਕਾਲ ਸਰਕਾਰ ਨੇ ਇੱਕ ਵਾਰ ਫਿਰ ਛੇ ਮਹੀਨੇ ਲਈ ਵਧਾ ਦਿੱਤਾ ਹੈ। ਉਹ 31 ਜੁਲਾਈ 2020 ਤੱਕ ਇਸ ਨਾਲ ਜੁੜੀ ਰਿਪੋਰਟ ਸਰਕਾਰ ਨੂੰ ਦੇਵੇਗਾ। ਕਮਿਸ਼ਨ ਦੇ ਕੰਮ ਦਾ ਘੇਰਾ ਵੀ ਵਧਾ ਦਿੱਤਾ ਹੈ। ਉਹ ਓ ਬੀ ਸੀ ਜਾਤੀਆਂ ਦੇ ਨਾਵਾਂ ਦੀਆਂ ਅਸ਼ੁੱਧੀਆਂ ਦਾ ਪਤਾ ਲਾਉਣ ਅਤੇ ਉਨ੍ਹਾਂ ਨੂੰ ਸਹੀ ਕਰਨ ਨਾਲ ਜੁੜੀਆਂ ਸਿਫਾਰਸ਼ਾਂ ਵੀ ਦੇਵੇਗਾ।

ਕੇਂਦਰੀ ਕੈਬਨਿਟ ਵਿੱਚ ਲਏ ਫੈਸਲਿਆਂ ਦੀ ਜਾਣਕਾਰੀ ਦਿੰਦੇ ਹੋਏ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਦੱਸਿਆ ਕਿ ਕਮਿਸ਼ਨ ਦਾ ਇਹ ਵਾਧਾ ਉਨ੍ਹਾਂ ਨੂੰ ਦਿੱਤੇ ਕੰਮਾਂ ਨੂੰ ਦੇਖ ਕੇ ਕੀਤਾ ਗਿਆ ਹੈ। ਓ ਬੀ ਸੀ ਦੀਆਂ ਕਈ ਜਾਤਾਂ ਦੇ ਨਾਵਾਂ ਵਿੱਚ ਬ੍ਰਿਟਿਸ਼ ਕਾਲ ਤੋਂ ਅਸ਼ੁੱਧੀਆਂ ਚੱਲ ਰਹੀਆਂ ਸਨ, ਜਿਸ ਨੂੰ ਠੀਕ ਕਰਨ ਦਾ ਫੈਸਲਾ ਹੋਇਆ ਹੈ। ਇਸ ਕੰਮ ਦਾ ਜ਼ਿੰਮਾ ਕਮਿਸ਼ਨ ਨੂੰ ਸੌਂਪਿਆ ਗਿਆ ਹੈ। ਕਮਿਸ਼ਨ ਦੀ ਸਿਫਾਰਸ਼ ਮਿਲਣ ਪਿੱਛੋਂ ਇਸ ਨੂੰ ਠੀਕ ਕਰਨ ਦਾ ਕੰਮ ਹੋਵੇਗਾ। ਕਮਿਸ਼ਨ ਦਾ ਮੌਜੂਦਾ ਸਮਾਂ 31 ਜਨਵਰੀ ਨੂੰ ਖਤਮ ਹੋਣਾ ਸੀ। ਇਸ ਲਈ ਸਰਕਾਰ ਨੇ ਇਸ ਤੋਂ ਪਹਿਲਾਂ ਇਸ ਦੇ ਕਾਰਜਕਾਲ ਨੂੰ ਵਾਧਾਂ ਦੇਣ ਦਾ ਕੰਮ ਕੀਤਾ ਹੈ।

ਕੈਬਨਿਟ ਨੇ ਨਵੇਂ ਰਾਸ਼ਟਰੀ ਤਕਨੀਕੀ ਸੰਸਥਾਵਾਂ ਦੇ ਸਤਾਈ ਕੰਪਲੈਕਸਾਂ ਦੀ 2022 ਤੱਕ ਸਥਾਪਨਾ ਦੇ ਲਈ 4,371.90 ਕਰੋੜ ਰੁਪਏ ਦੇ ਸੋਧੀਆਂ ਲਾਗਤਾਂ ਅਨੁਮਾਨਾਂ ਨੂੰ ਮਨਜ਼ੂਰੀ ਦੇ ਦਿੱਤੀ। ਨਵੇਂ ਕੇਂਦਰ ਸ਼ਾਸਿਤ ਸੂਬੇ ਦਾਦਰਾ ਨਗਰ ਹਵੇਲੀ ਅਤੇ ਦਮਨ ਦੀਵ ਦੇ ਹੈੱਡਕੁਆਰਟਰ ਦੇ ਰੂਪ ਵਿੱਚ ਦਮਨ ਨੂੰ ਮਨਜ਼ੂਰੀ ਦਿੱਤੀ ਹੈ।

## ਭਾਰਤ ਲੋਕਤੰਤਰ ਸੂਚਕ ਅੰਕ 'ਚ 10 ਅੰਕ ਹੇਠਾਂ ਖਿਸਕ ਕੇ 51ਵੇਂ ਸਥਾਨ 'ਤੇ ਪੁੱਜਾ



ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਸੁਰਖੀਆਂ 'ਚ ਰਹਿ ਰਹੇ ਵਿਵਾਦਿਤ ਨਾਗਰਿਕਤਾ ਸੋਧ ਕਾਨੂੰਨ ਅਤੇ ਐਨ ਆਰ ਸੀ ਨੇ ਜਿੱਥੇ ਭਾਰਤ ਵਿੱਚ ਰੋਸ ਪ੍ਰਦਰਸ਼ਨ ਦਾ ਸਿਲਸਿਲਾ ਸ਼ੁਰੂ ਕੀਤਾ ਹੈ, ਉਥੇ ਇਸ ਨੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਭਾਰਤ ਦੇ ਅਕਸ ਨੂੰ ਧੱਬਾ ਲਾਇਆ ਹੈ। ਕੁੱਲ 165 ਦੇਸ਼ਾਂ ਦੇ ਲੋਕਤੰਤਰੀ ਸੂਚਕ ਅੰਕ ਵਿੱਚ ਭਾਰਤ 10 ਸਥਾਨ ਹੇਠਾਂ ਆਣ ਕੇ 51ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਹ ਸੂਚਕ ਅੰਕ (ਦਾ ਇਕੋਨੋਮਿਸਟ) ਵੱਲੋਂ ਕੱਲ੍ਹ 165 ਦੇਸ਼ਾਂ ਲਈ ਜਾਰੀ ਕੀਤਾ ਗਿਆ, ਜਿਸ ਮੁਤਾਬਕ ਭਾਰਤ ਦਾ ਸਕੋਰ 6.9 ਰਿਹਾ, ਜੋ 13 ਸਾਲ ਦੇ ਸਭ ਤੋਂ ਹੇਠਾਂ ਹੈ।

'ਦਾ ਇਕੋਨੋਮਿਸਟ' ਵੱਲੋਂ ਜਾਰੀ ਰਿਪੋਰਟ ਮੁਤਾਬਕ ਨਾਗਰਿਕਤਾ ਸੋਧ ਕਾਨੂੰਨ ਲਾਗੂ ਕਰਨ ਤੇ ਕਸ਼ਮੀਰ ਤੋਂ ਧਾਰਾ 370 ਹਟਾਉਣ ਕਾਰਨ ਲੋਕਤੰਤਰੀ ਸੂਚਕ ਅੰਕ ਵਿੱਚ ਭਾਰਤ ਦਾ ਸਥਾਨ ਹੇਠਾਂ ਆਇਆ ਹੈ। ਸੰਸਥਾ ਨੇ 2006 ਵਿੱਚ ਲੋਕਤੰਤਰੀ ਸੂਚਕ ਅੰਕ ਜਾਰੀ ਕਰਨਾ ਸ਼ੁਰੂ ਕੀਤਾ ਸੀ। 2014 'ਚ ਭਾਰਤ ਦਾ ਸਕੋਰ ਸਭ ਤੋਂ ਵੱਧ 7.92 ਸੀ, ਜਦ ਕਿ 2019 ਵਿੱਚ ਇਹ ਸਕੋਰ ਘਟ ਕੇ 6.9 ਹੋ ਗਿਆ ਹੈ। ਸੰਸਥਾ ਵੱਲੋਂ ਇਹ ਸੂਚਕ ਅੰਕ ਚੋਣ ਅਮਲ, ਸਰਕਾਰ ਦੀ ਕਾਰਜ ਪ੍ਰਣਾਲੀ, ਸਿਆਸੀ ਭਾਈਵਾਲੀ, ਸਿਆਸੀ ਸੱਭਿਆਚਾਰ ਅਤੇ ਸਮਾਜਿਕ ਸੁਤੰਤਰਤਾ ਜਿਹੇ ਪੰਜ ਨੁਕਤਿਆਂ ਦੇ ਆਧਾਰ 'ਤੇ ਜਾਰੀ ਕੀਤਾ ਜਾਂਦਾ ਹੈ।

'ਦਾ ਇਕੋਨੋਮਿਸਟ' ਵੱਲੋਂ ਰਿਪੋਰਟ 'ਚ ਕੀਤੀ ਟਿਪੱਣੀ 'ਚ ਕਿਹਾ ਗਿਆ ਕਿ ਲੋਕਤੰਤਰ ਦੇ ਨਿਘਾਰ ਦਾ ਮੁੱਖ ਕਾਰਨ ਦੇਸ਼ 'ਚ ਸਿਵਲ ਆਜ਼ਾਦੀ ਨੂੰ ਢਾਹ ਲੱਗਣਾ ਹੈ।

ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਸਰਕਾਰ ਨੂੰ ਜੰਮੂ-ਕਸ਼ਮੀਰ 'ਚ ਇੰਟਰਨੈਟ ਬੰਦ ਰੱਖਣ 'ਤੇ ਝਾੜ ਲਾਈ ਤੇ ਵਾਰ-ਵਾਰ ਧਾਰਾ 144 ਲਾਉਣ 'ਤੇ ਫਿਟਕਾਰ ਲਾਈ ਸੀ। 'ਦਾ ਇਕੋਨੋਮਿਸਟ' ਨੇ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ 'ਚ ਹੋ ਰਹੇ ਰੋਸ ਪ੍ਰਦਰਸ਼ਨਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਨਵੇਂ ਕਾਨੂੰਨ ਨੇ ਮੁਸਲਮਾਨਾਂ ਨੂੰ ਭੜਕਾਇਆ ਤੇ ਫਿਰਕੂ ਤਣਾਅ ਵਧਾਇਆ ਹੈ। ਇਸ ਸੂਚੀ ਵਿੱਚ ਨਾਰਵੇ ਪਹਿਲੇ, ਆਈਸਲੈਂਡ ਦੂਜੇ, ਸਵੀਡਨ ਤੀਜੇ ਸਥਾਨ 'ਤੇ ਹੈ, ਜਦ ਕਿ ਗੁਆਂਢੀ ਮੁਲਕ ਪਾਕਿਸਤਾਨ 108ਵੇਂ ਅਤੇ ਚੀਨ 153ਵੇਂ ਸਥਾਨ 'ਤੇ ਹੈ।

## ਸਾਊਦੀ ਪ੍ਰਿੰਸ ਨੇ ਵਟਸਐਪ ਰਾਹੀਂ ਐਮਾਜ਼ੋਨ ਦੇ ਮਾਲਕ ਬੇਜੋਸ ਦਾ ਫ਼ੋਨ ਹੈਕ ਕਰਵਾਇਆ ਸੀ

ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਐਮਾਜ਼ੋਨ ਦੇ ਸੀ ਈ ਓ ਜੈਫ਼ ਬੇਜੋਸ ਦਾ ਮੋਬਾਈਲ ਫ਼ੋਨ ਇੱਕ ਵਟਸਐਪ ਸੰਦੇਸ਼ ਮਿਲਣ ਪਿੱਛੋਂ ਹੈਕ ਹੋ ਗਿਆ ਸੀ। ਇਸ ਮੈਸੇਜ ਨੂੰ ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਦੇ ਨਿੱਜੀ ਅਕਾਊਂਟ ਦੁਆਰਾ ਭੇਜਿਆ ਗਿਆ ਸੀ। ਇਸ ਬਾਰੇ ਇੱਕ ਦਿਨ ਪਹਿਲਾਂ ਬ੍ਰਿਟੇਨ ਦੀ ਅਖ਼ਬਾਰ 'ਦਾ ਗਾਰਡੀਅਨ' ਨੇ ਸੂਤਰਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਕਿ 2018 'ਚ ਬੇਜ਼ੋਸ ਦੇ ਫ਼ੋਨ 'ਤੇ ਸਾਊਦੀ ਅਰਬ ਦੇ ਪ੍ਰਿੰਸ ਦੇ ਨਿੱਜੀ ਨੰਬਰ ਤੋਂ ਸੰਦੇਸ਼ ਭੇਜਿਆ ਗਿਆ ਸੀ। ਇਸ ਸੰਦੇਸ਼ 'ਚ ਅਜਿਹੀ ਅਣਚਾਹੀ ਫਾਈਲ ਸੀ, ਜਿਸ ਨਾਲ ਬੇਜੋਸ ਦਾ ਫ਼ੋਨ ਹੈਕ ਹੋ ਗਿਆ। 'ਦ ਗਾਰਡੀਅਨ' ਦੇ ਮੁਤਾਬਕ ਇਸ ਗੱਲ ਦਾ ਖੁਲਾਸਾ ਡਿਜੀਟਲ ਫਰੈਂਸਿਕ ਐਨਾਲਿਸਿਸ ਦੀ ਰਿਪੋਰਟ ਦੇ ਨਾਲ ਹੋਇਆ ਹੈ। ਇਸ 'ਚ ਪਤਾ ਲੱਗਾ ਹੈ ਕਿ ਸੁਰੱਖਿਆ ਨੂੰ ਸੰਨ੍ਹ ਲਾਈ ਗਈ ਸੀ। ਸੂਤਰਾਂ ਦੇ ਮੁਤਾਬਕ ਇੱਕ ਮਈ 2018 ਨੂੰ ਬੇਜੋਸ ਅਤੇ ਪ੍ਰਿੰਸ ਸਲਮਾਨ ਵਿਚਾਲੇ ਕਈ ਗੱਲਾਂ ਹੋਈਆਂ ਸਨ। ਇਸੇ ਦੌਰਾਨ ਪ੍ਰਿੰਸ ਸਲਮਾਨ ਦੇ ਨਿੱਜੀ ਨੰਬਰ ਤੋਂ ਖ਼ਰਾਬ ਫਾਈਲ ਬੇਜੋਸ ਦੇ ਨੰਬਰ 'ਤੇ ਭੇਜੀ ਗਈ। ਦੱਸਿਆ ਜਾਂਦਾ ਹੈ ਕਿ ਇਸ ਥੋੜ੍ਹੇ ਸਮੇਂ 'ਚ ਬੀ ਬੇਜੋਸ ਦੇ ਮੋਬਾਈਲ ਫ਼ੋਨ ਤੋਂ ਬਹੁਤ ਸਾਰਾ ਨਿੱਜੀ ਤੇ ਅਹਿਮ ਡਾਟਾ ਖ਼ੂਫੀਆ ਤਰੀਕੇ ਨਾਲ ਚੋਰੀ ਹੋ ਗਿਆ। ਕਿਹਾ ਜਾ ਰਿਹਾ ਹੈ ਕਿ ਸਾਊਦੀ ਪ੍ਰਿੰਸ ਨਿੱਜੀ ਤੌਰ 'ਤੇ ਬੇਜੋਸ ਦੀ ਜਾਣਕਾਰੀ ਕਢਵਾਉਣ 'ਚ ਸ਼ਾਮਲ ਹਨ।

ਸਾਊਦੀ ਅਰਬ ਨੇ ਇਨ੍ਹਾਂ ਸਾਰੀਆਂ ਰਿਪੋਰਟਾਂ ਨੂੰ ਰੱਦ ਕੀਤਾ ਹੈ, ਜਿਸ ਵਿੱਚ ਐਮਾਜ਼ੋਨ ਦੇ ਮਾਲਕ ਜੈਫ਼ ਬੇਜੋਸ ਦੇ ਫ਼ੋਨ ਹੈਕਿੰਗ 'ਚ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦਾ ਹੱਥ ਕਿਹਾ ਗਿਆ ਹੈ। ਸਾਊਦੀ ਅਰਬ ਦੀ ਸਰਕਾਰ ਨੇ ਕਿਹਾ ਕਿ ਇਹ ਖ਼ਬਰਾਂ ਬਕਵਾਸ ਹਨ। ਅਸੀਂ ਇਸ ਦੇ ਖ਼ਿਲਾਫ਼ ਜਾਂਚ ਦੀ ਮੰਗ ਕਰਦੇ ਹਾਂ, ਤਾਂ ਕਿ ਸਾਰੇ ਤਰਕਾਂ ਨੂੰ ਠੀਕ ਢੰਗ ਨਾਲ ਪੇਸ਼ ਕੀਤਾ ਜਾ ਸਕੇ। ਦੂਜੇ ਪਾਸੇ ਐਮਾਜ਼ੋਨ ਨੇ ਅਜੇ ਤੱਕ ਇਸ ਮਾਮਲੇ 'ਚ ਕੋਈ ਬਿਆਨ ਨਹੀਂ ਦਿੱਤਾ ਹੈ।

# ਭਾਰਤੀ ਅਮਰੀਕੀ ਸਿੱਖ ਅੰਮ੍ਰਿਤ ਸਿੰਘ ਹੈਰਿਸ ਕਾਊਂਟੀ ਦਾ ਡਿਪਟੀ ਕਾਂਸਟੇਬਲ ਬਣਿਆ



ਹਿਊਸਟਨ, 23 ਜਨਵਰੀ (ਪੋਸਟ ਬਿਊਰੋ)- ਭਾਰਤੀ ਮੂਲ ਦੇ ਇੱਕ ਅਮਰੀਕੀ ਸਿੱਖ ਅੰਮ੍ਰਿਤ ਸਿੰਘ ਨੇ ਅਮਰੀਕੀ ਸੂਬੇ ਟੈਕਸਾਸ ਦੇ ਹੈਰਿਸ ਕਾਊਂਟੀ ਵਿਖੇ ਡਿਪਟੀ ਕਾਂਸਟੇਬਲ ਬਣ ਕੇ ਇਤਿਹਾਸ ਰਚ ਦਿੱਤਾ ਹੈ। ਉਹ ਓਥੇ ਪਹਿਲੇ ਪਗੜੀਧਾਰੀ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਹਨ।

ਸਿਰਫ 21 ਸਾਲਾਂ ਦੇ ਅੰਮ੍ਰਿਤ ਸਿੰਘ ਅਜਿਹੇ ਪਹਿਲੇ ਅਧਿਕਾਰੀ ਹਨ, ਜੋ ਡਿਊਟੀ ਦੌਰਾਨ ਪਗੜੀ, ਦਾੜ੍ਹੀ ਤੇ ਲੰਮੇ ਵਾਲ ਰੱਖ ਸਕਣਗੇ। ਕੱਲ੍ਹ ਦਾ ਦਿਨ ਉਨ੍ਹਾਂ ਲਈ ਇਤਿਹਾਸਕ ਸੀ, ਕਿਉਂਕਿ ਨਵੀਂ ਨੀਤੀ ਲਾਗੂ ਹੋਣ ਨਾਲ ਅੰਮ੍ਰਿਤ ਸਿੰਘ ਲਈ ਆਪਣੇ ਧਾਰਮਿਕ ਚਿੰਨ੍ਹਾਂ ਧਾਰਨ ਕਰਨ ਦਾ ਰਸਤਾ ਸਾਫ ਹੋ ਗਿਆ ਹੈ। ਇਸ ਨੀਤੀ ਮੁਤਾਬਕ ਹੈਰਿਸ ਕਾਊਂਟੀ ਦੇ ਲਗਭਗ ਸੱਤ ਕਾਂਸਟੇਬਲ ਦਫਤਰਾਂ 'ਚ ਅਧਿਕਾਰੀ ਵਰਦੀ ਨਾਲ ਆਪਣੇ ਧਾਰਮਿਕ ਚਿੰਨ੍ਹ ਧਾਰਨ ਕਰ ਸਕਦੇ ਹਨ। ਅੰਮ੍ਰਿਤ ਸਿੰਘ ਨੇ ਕਿਹਾ ਕਿ ਮੈਂ ਹਮੇਸ਼ਾ ਤੋਂ ਡਿਪਟੀ ਅਧਿਕਾਰੀ ਬਣਨਾ ਚਾਹੁੰਦਾ ਸੀ। ਮੇਰਾ ਸਿੱਖ ਧਰਮ ਮੇਰੇ ਲਈ ਬਹੁਤ ਅਹਿਮ ਹੈ। ਅੰਮ੍ਰਿਤ ਸਿੰਘ ਦੇ ਸਹੁੰ ਚੁੱਕ ਸਮਾਰੋਹ 'ਚ ਇਕ ਕਾਂਸਟੇਬਲ ਰੋਜੇਨ ਨੇ ਕਿਹਾ ਕਿ ਮੇਰਾ ਯਹੂਦੀ ਧਰਮ ਹੈ। ਇਸ ਧਰਮ ਨਾਲ ਸੰਬੰਧਤ ਹੋਣ ਕਾਰਨ ਮੈਂ ਜਾਣਦਾ ਹਾਂ ਕਿ ਧਾਰਮਿਕ ਪੱਖੋਂ ਕਿਸੇ ਨੂੰ ਨਿਸ਼ਾਨਾ ਬਣਾਏ ਜਾਣ 'ਤੇ ਕਿਸ ਤਰ੍ਹਾਂ ਅਹਿਸਾਸ ਹੁੰਦਾ ਹੈ। ਸਮਝ ਅਤੇ ਸਹਿਣਸ਼ੀਲਤਾ ਦਾ ਪਾਠ ਪੜ੍ਹਾਉਣਾ ਬਹੁਤ ਅਹਿਮ ਹੈ। ਅੰਮ੍ਰਿਤ ਸਿੰਘ ਨੂੰ ਪ੍ਰੀਸਕਿੰਟ ਇੱਕ ਅਧੀਨ ਗਸ਼ਤ ਦੀ ਜ਼ਿੰਮੇਵਾਰੀ ਸੌਂਪੀ ਜਾਵੇਗੀ।

# ਭਾਰਤੀ ਮੂਲ ਦੀ ਐੱਮ ਪੀ ਤੁਲਸੀ ਗਬਾਰਡ ਦਾ ਹਿਲੇਰੀ ਕਲਿੰਟਨ ਉੱਤੇ ਮਾਣਹਾਨੀ ਕੇਸ



ਵਾਸ਼ਿੰਗਟਨ, 23 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੀ ਪਹਿਲੀ ਹਿੰਦੂ ਐੱਮ ਪੀ ਤੁਲਸੀ ਗਬਾਰਡ ਨੇ ਕੱਲ੍ਹ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਉੱਤੇ ਮਾਣਹਾਨੀ ਦਾ ਕੇਸ ਕੀਤਾ ਹੈ।

ਗਬਾਰਡ ਨੇ ਹਿਲੇਰੀ ਤੋਂ ਉਨ੍ਹਾਂ ਦੀ ਸਾਖ ਖ਼ਰਾਬ ਕਰਨ ਲਈ ਪੰਜ ਕਰੋੜ ਡਾਲਰ ਦੇ ਹਰਜਾਨੇ ਦੀ ਮੰਗ ਕੀਤੀ ਹੈ। ਡੈਮੋਕ੍ਰੇਟ ਐੱਮ ਪੀ ਗਬਾਰਡ ਨੇ ਦੋਸ਼ ਲਾਇਆ ਕਿ ਹਿਲੇਰੀ ਨੇ ਇਹ ਕਹਿ ਕੇ ਉਨ੍ਹਾਂ ਦੀ ਸਾਖ ਨੂੰ ਧੁੰਦਲਾ ਕੀਤਾ ਹੈ ਕਿ ਉਹ 2020 ਦੀ ਰਾਸ਼ਟਰਪਤੀ ਚੋਣ ਵਿਚ ਰੂਸੀ ਪਸੰਦ ਹਨ। ਅਮਰੀਕਾ ਵਿਚ ਇਸ ਨਵੰਬਰ ਵਿਚ ਹੋ ਰਹੀ ਰਾਸ਼ਟਰਪਤੀ ਚੋਣ ਵਿਚ ਗਬਾਰਡ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਤੋਂ ਉਮੀਦਵਾਰੀ ਲੈਣ ਦੀ ਦੌੜ ਵਿਚ ਹੈ। ਹਿਲੇਰੀ ਕਲਿੰਟਨ ਸਾਲ 2016 ਦੀ ਰਾਸ਼ਟਰਪਤੀ ਚੋਣ ਵਿਚ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਸਨ ਅਤੇ ਉਨ੍ਹਾਂ ਨੂੰ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਹਰਾਇਆ ਸੀ। ਮਾਣਹਾਨੀ ਦਾ ਮੁਕੱਦਮਾ ਬੁੱਧਵਾਰ ਨੂੰ ਨਿਊਯਾਰਕ ਦੀ ਅਦਾਲਤ ਵਿਚ ਕੀਤਾ ਗਿਆ।

ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧੀ ਸਭਾ ਦੀ ਮੈਂਬਰ ਗਬਾਰਡ ਨੇ ਆਪਣੇ ਸਮਰਥਕਾਂ ਨੂੰ ਕਿਹਾ ਕਿ ਹਿਲੇਰੀ ਕਲਿੰਟਨ ਦਾ ਮੈਨੂੰ ਰੂਸੀ ਸੰਪਤੀ ਕਹਿਣ ਦਾ ਇਰਾਦਾ ਮੇਰੀ ਸਾਖ ਖ਼ਰਾਬ ਕਰਨ ਅਤੇ ਰਾਸ਼ਟਰਪਤੀ ਅਹੁਦੇ ਲਈ ਮੇਰੀ ਮੁਹਿੰਮ ਨੂੰ ਲੀਹ ਤੋਂ ਲਾਹੁਣ ਦਾ ਹੈ। 72 ਸਾਲਾ ਹਿਲੇਰੀ ਕਲਿੰਟਨ ਨੇ ਬੀਤੇ ਸਾਲ ਅਕਤੂਬਰ ਵਿਚ ਇਕ ਇੰਟਰਵਿਊ ਵਿੱਚ ਗਬਾਰਡ ਦਾ ਨਾਂ ਲਏ ਬਿਨਾਂ ਕਿਹਾ ਸੀ ਕਿ ਰਿਪ-ਬਲਿਕਨ ਪਾਰਟੀ ਇਕ ਡੈਮੋਕ੍ਰੇਟਿਕ ਉਮੀਦਵਾਰ ਨੂੰ ਤੀਸਰੇ ਦਲ ਦੇ ਉਮੀਦਵਾਰ ਵਜੋਂ ਤਿਆਰ ਕਰ ਰਹੀ ਹੈ, ਜਿਹੜੀ ਰੂਸ ਦੀ ਪਸੰਦ ਹੈ। 38 ਸਾਲ ਦੀ ਭਾਰਤੀ ਮੂਲ ਦੀ ਐੱਮ ਪੀ ਤੁਲਸੀ ਗਬਾਰਡ ਤੇ ਹਿਲੇਰੀ ਕਲਿੰਟਨ ਦੇ ਮਤਭੇਦ ਨਵੀਂ ਗੱਲ ਨਹੀਂ, ਸਾਲ 2016 ਵਿੱਚ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਾਈਮਰੀ ਚੋਣ ਵਿਚ ਗਬਾਰਡ ਨੇ ਹਿਲੇਰੀ ਦੀ ਥਾਂ ਸੈਨੇਟਰ ਬਰਨੀ ਸੈਂਡਰਸ ਦਾ ਸਮਰਥਨ ਕੀਤਾ ਸੀ।

# ਏਆਈ ਨੇਮਬੰਦੀ 'ਤੇ ਮਿਲ ਕੇ ਕੰਮ ਕਰਨਗੇ ਸਾਰੇ ਮੁਲਕ: ਪਿਚਾਈ



ਦਾਵੋਸ, 23 ਜਨਵਰੀ (ਪੋਸਟ ਬਿਊਰੋ)- ਸਰਚ ਇੰਜਨ ਗੂਗਲ ਦੇ ਮੁਖੀ ਸੁੰਦਰ ਪਿਚਾਈ ਨੇ ਅੱਜ ਕਿਹਾ ਕਿ ਕੁੱਲ ਆਲਮ ਵਿੱਚ ਹਰੇਕ ਲਈ ਸੁਤੰਤਰ ਤੇ ਮੋਕਲੇ ਇੰਟਰਨੈੱਟ ਦੀ ਲੋੜ ਹੈ। ਉਨ੍ਹਾਂ ਆਸ ਜਤਾਈ ਕਿ ਮਸਨੂਈ ਜ਼ਹੀਨਤਾ (ਏਆਈ) ਬਾਬਤ ਕੋਈ ਸਾਂਝਾ ਰੈਗੂਲੇਟਰੀ ਢਾਂਚਾ ਵਿਕਸਿਤ ਕਰਨ ਲਈ ਸਾਰੇ ਮੁਲਕ ਇਕੱਠੇ ਹੋਣਗੇ। ਉਨ੍ਹਾਂ ਕਿਹਾ ਕਿ ਨਿੱਜਤਾ ਸੁੱਖ-ਵਿਲਾਸ ਦੀ ਵਸਤ ਨਹੀਂ ਹੋ ਸਕਦੀ ਤੇ ਇਸ ਨੂੰ ਹਰੇਕ ਲਈ ਬਚਾਉਣਾ ਹੋਵੇਗਾ। ਇਥੇ ਵਿਸ਼ਵ ਆਰਥਿਕ ਫੋਰਮ ਨੂੰ ਸੰਬੋਧਨ ਕਰਦਿਆਂ ਪਿਚਾਈ ਨੇ ਕਿਹਾ, 'ਸਾਨੂੰ ਸਾਰਿਆਂ ਲਈ ਸੁਤੰਤਰ ਤੇ ਮੋਕਲੇ ਇੰਟਰਨੈੱਟ ਦੀ ਲੋੜ ਹੈ, ਹਾਲਾਂਕਿ ਡੇਟਾ ਪ੍ਰਭੂਸੱਤਾ ਦੀ ਹਰੇਕ ਮੁਲਕ ਲਈ ਮਹੱਤਤਾ ਹੈ ਤੇ ਵਿਸ਼ਵ ਦੇ ਕਿਸੇ ਵੀ ਹਿੱਸੇ ਵਿੱਚ ਡੇਟਾ ਸੁਰੱਖਿਆ ਢਾਂਚੇ ਵਿੱਚ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।' ਪਿਚਾਈ, ਜੋ ਕਿ ਅਲਫਾਬੈਟ ਦਾ ਵੀ ਸੀਈਓ ਹੈ, ਨੇ ਕਿਹਾ, 'ਇੰਟਰਨੈੱਟ ਅਸਲ ਵਿੱਚ ਇਕ ਬਰਾਮਦ ਉਤਪਾਦ ਹੈ। ਭਾਰਤ ਵਿੱਚ ਵੀ ਜੇਕਰ ਅਸੀਂ ਯੂ-ਟਿਊਬ ਦੀ ਗੱਲ ਕਰਦੇ ਹਾਂ, ਇਕ ਭਾਰਤੀ ਵੱਲੋਂ ਬਣਾਈ ਵੀਡੀਓ ਨੂੰ ਪੂਰੇ ਵਿਸ਼ਵ ਵਿੱਚ ਦਰਸ਼ਕ ਮਿਲਦੇ ਹਨ। ਤੇ ਇਹੀ ਇਸ ਡਿਜੀਟਲ ਅਰਥਚਾਰੇ ਦੀ ਖ਼ੂਬਸੂਰਤੀ ਹੈ।' ਪਿਚਾਈ ਨੇ ਕਿਹਾ ਕਿ ਤਕਨਾਲੋਜੀ ਬਾਰੇ ਉਹ ਆਸ਼ਾਵਾਦੀ ਰਿਹਾ ਹੈ ਤੇ ਕਿਸੇ ਵੀ ਨਵੀਂ ਤਕਨਾਲੋਜੀ ਦਾ ਉਹ ਪਹਿਲਾਂ ਖ਼ੁਦ ਤਜਰਬਾ ਕਰਦਾ ਹੈ। ਪਿਚਾਈ ਨੇ ਕਿਹਾ ਕਿ ਤਕਨਾਲੋਜੀ 'ਤੇ ਮਸਨੂਈ ਜ਼ਹੀਨਤਾ ਦਾ ਜੋਖ਼ਮ ਕੰਮ ਨਹੀਂ ਕਰ ਰਿਹਾ ਕਿਉਂਕਿ ਇਹ ਅਰਬਾਂ ਲੋਕਾਂ ਨੂੰ ਅਸਰਅੰਦਾਜ਼ ਕਰ ਸਕਦਾ ਹੈ।

## ਭਾਰਤ ਦਾ ਪਹਿਲਾ ਮਾਨਵ ਰਹਿਤ ਮਿਸ਼ਨ ਦਸੰਬਰ 'ਚ: ਇਸਰੋ

ਬੰਗਲੁਰੂ, 23 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਪਲੇਠੇ ਗੰਗਾਯਾਨ ਮਿਸ਼ਨ ਤੋਂ ਪਹਿਲਾਂ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਵੱਲੋਂ ਦਸੰਬਰ 2020 ਅਤੇ ਜੂਨ 2021 'ਚ ਦੋ ਮਾਨਵ ਰਹਿਤ ਮਿਸ਼ਨਾਂ 'ਤੇ ਕੰਮ ਕੀਤਾ ਜਾਵੇਗਾ। ਇਥੇ ਮਨੁੱਖੀ ਪੁਲਾੜ ਉਡਾਣਾਂ ਸਬੰਧੀ ਚੁਣੌਤੀਆਂ ਅਤੇ ਭਵਿੱਖ ਦੇ ਰੁਝਾਨਾਂ ਬਾਰੇ ਕਰਵਾਈ ਗਈ ਵਿਚਾਰ ਚਰਚਾ ਦੇ ਉਦਘਾਟਨੀ ਇਜਲਾਸ ਨੂੰ ਸੰਬੋਧਨ ਕਰਦਿਆਂ ਇਸਰੋ ਦੇ ਚੇਅਰਮੈਨ ਕੇ ਸ਼ਿਵਨ ਨੇ ਕਿਹਾ ਕਿ ਗੰਗਾਯਾਨ ਮਿਸ਼ਨ ਭਾਰਤ ਦਾ ਪਲੇਠਾ ਮਨੁੱਖੀ ਪੁਲਾੜ ਮਿਸ਼ਨ ਹੈ ਪਰ ਇਸ ਦੇ ਨਾਲ ਨਵਾਂ ਪੁਲਾੜ ਸਟੇਸ਼ਨ ਵੀ ਸਥਾਪਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਗੰਗਾਯਾਨ ਮਿਸ਼ਨ ਤਿੰਨ ਨੁਕਤਿਆਂ 'ਤੇ ਆਧਾਰਿਤ ਹੈ। ਪਹਿਲਾ ਦਸੰਬਰ 2020 ਅਤੇ ਫਿਰ ਜੂਨ 2021 'ਚ ਮਾਨਵ ਰਹਿਤ ਮਿਸ਼ਨ ਹਨ। ਇਸ ਮਗਰੋਂ ਦਸੰਬਰ 2021 'ਚ ਮਨੁੱਖ ਨਾਲ ਪੁਲਾੜ ਦੀ ਉਡਾਣ ਹੈ। ਉਨ੍ਹਾਂ ਕਿਹਾ ਕਿ ਇਸਰੋ ਨੇ ਬੰਗਲੁਰੂ ਨੇੜੇ ਪੁਲਾੜ ਯਾਤਰੀ ਸਿਖਲਾਈ ਕੇਂਦਰ ਖੋਲ੍ਹਿਆ ਹੈ। ਪੁਲਾੜ ਏਜੰਸੀ ਨਾਸਾ ਅਤੇ ਹੋਰ ਏਜੰਸੀਆਂ ਤੇ ਸਨਅਤਕ-ਾਰਾਂ ਨਾਲ ਵੀ ਗੱਲਬਾਤ ਕਰ ਰਹੀ ਹੈ ਤਾਂ ਜੋ ਉਨ੍ਹਾਂ ਦੇ ਤਜਰਬਿਆਂ ਤੋਂ ਸਿੱਖਿਆ ਜਾ ਸਕੇ।

## ਆਈ ਐਸ ਆਈ ਐਸ ਅੱਤਵਾਦੀ ਦੀ ਪਤਨੀ ਨੂੰ ਸੱਦਣਾ ਸਰਕਾਰ ਨੂੰ ਮਹਿੰਗਾ ਪਿਆ



ਨਾਰਵੇ ਦੀ ਪ੍ਰੌਗਰੈਸ ਪਾਰਟੀ ਲੀਡਰ ਸਿਵ ਜੈਨਸਨ ਪ੍ਰੈਸ ਕਾਨਫਰੰਸ ਦੌਰਾਨ।

ਓਸਲੋ, 23 ਜਨਵਰੀ (ਪੋਸਟ ਬਿਊਰੋ)- ਆਈ ਐਸ ਆਈ ਐਸ ਦੇ ਇੱਕ ਅੱਤਵਾਦੀ ਦੀ ਪਤਨੀ ਨੂੰ ਨਾਰਵੇ ਲਿਆਉਣਾ ਉਥੋਂ ਦੀ ਸਰਕਾਰ ਨੂੰ ਕਾਫੀ ਮਹਿੰਗਾ ਪਿਆ ਹੈ। ਪਾਕਿਸਤਾਨੀ ਮੂਲ ਦੀ ਨਾਰਵੇ ਦੀ ਮਹਿਲਾ ਨੂੰ ਵਾਪਸ ਲਿਆਉਣ 'ਤੇ ਉਥੋਂ ਦੇ ਪ੍ਰਧਾਨ ਮੰਤਰੀ ਨੂੰ ਬਹੁਮਤ ਤੋਂ ਹੱਥ ਧੋਣਾ ਪਿਆ ਹੈ।

ਅਸਲ ਵਿੱਚ ਸੀਰੀਆ ਗਈ ਪਾਕਿਸਤਾਨੀ ਮੂਲ ਦੀ ਨਾਰਵੇ ਦੀ ਮਹਿਲਾ ਦਾ ਉਥੇ ਦੋ ਵਾਰ ਵਿਆਹ ਕੀਤਾ ਗਿਆ ਸੀ। ਮਹਿਲਾ ਆਪਣੇ ਦੋ ਬੱਚਿਆਂ ਨਾਲ ਸਰਕਾਰ ਦੇ ਯਤਨ ਨਾਲ ਨੋਰਵੇ ਵਾਪਸ ਆਈ ਹੈ। ਨਾਰਵੇ ਸਰਕਾਰ ਮਹਿਲਾ ਅਤੇ ਉਸ ਦੇ ਬੱਚਿਆਂ ਨੂੰ ਸੀਨੀਆ ਤੋਂ ਲਿਆਈ ਤਾਂ ਕਿ ਗੰਭੀਰ ਬੀਮਾਰ ਬੱਚਿਆਂ ਦਾ ਇਲਾਜ ਕਰਵਾਇਆ ਜਾ ਸਕੇ। ਇਸ ਕਾਰਨ ਤੋਂ ਨਾਰਵੇ ਦੇ ਪ੍ਰਧਾਨ ਮੰਤਰੀ ਨੇ ਬਹੁਮਤ ਗਵਾ ਦਿੱਤਾ ਹੈ।

ਨਾਰਵੇ ਦੀ ਰਾਜਧਾਨੀ ਓਸਲੋ ਵਿੱਚ ਰਹਿਣ ਵਾਲੀ 29 ਸਾਲਾ ਮਹਿਲਾ (ਜਿਸ ਦਾ ਨਾਮ ਨਹੀਂ ਦੱਸਿਆ ਗਿਆ) ਦੇ ਦੋ ਬੱਚਿਆਂ; ਪੰਜ ਸਾਲਾ ਬੇਟੇ ਤੇ ਤਿੰਨ ਸਾਲਾ ਬੇਟੀ ਨੂੰ ਸੀਰੀਆ ਦੇ ਕੁਰਦ ਜ਼ੋਰ ਵਾਲੇ ਖੇਤਰ ਦੇ ਡਿਟੈਂਸ਼ਨ ਸੈਂਟਰ ਵਿੱਚੋਂ ਵਾਪਸ ਨਾਰਵੇ ਲਿਆਂਦਾ ਗਿਆ। ਇੱਕ ਪ੍ਰਵਾਸੀ ਵਿਰੋਧੀ ਪਾਰਟੀ ਨੇ ਹਾਕਮ ਪਾਰਟੀ ਨਾਲ ਗਠਬੰਧਨ ਦਾ ਸਮਰਥਨ ਵਾਪਸ ਲੈ ਲਿਆ ਹੈ। ਪ੍ਰਧਾਨ ਮੰਤਰੀ ਏਨਰਾ ਸੋਲਬਰਗ ਘੱਟ-ਗਿਣਤੀ ਸਰਕਾਰ ਦੇ ਪ੍ਰਮੁੱਖ ਬਣੇ ਹੋਏ ਹਨ।

## ਓਵੈਸੀ ਦੀ ਸ਼ਾਹ ਨੂੰ ਚੁਣੌਤੀ:

# ਨਾਗਰਿਕਤਾ ਕਾਨੂੰਨ ਬਾਰੇ ਦਾੜ੍ਹੀ ਵਾਲੇ ਨਾਲ ਬਹਿਸ ਕਰ ਕੇ ਵੇਖੋ

ਹੈਦਰਾਬਾਦ, 23 ਜਨਵਰੀ (ਪੋਸਟ ਬਿਊਰੋ)- ਆਲ ਇੰਡੀਆ ਮਜਲਿਸ-ਏ-ਇੱਤੇਹਾਦ-ਉਲ ਮੁਸਲਮੀਨ (ਏ ਆਈ ਐੱਮ ਆਈ ਐੱਮ) ਦੇ ਮੁਖੀ ਅਸਦੂਦੀਨ ਓਵੈਸੀ ਨੇ ਗ੍ਰਹਿ ਮੰਤਰੀ ਸ਼ਾਹ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਵਿਰੋਧੀ ਧਿਰ ਦੇ ਨੇਤਾਵਾਂ ਦੀ ਬਜਾਏ ਇਸ ਕਾਨੂੰਨ ਬਾਰੇ ਉਨ੍ਹਾਂ ਨਾਲ ਬਹਿਸ ਕਰਨ।

ਲੋਕਲ ਬਾਡੀਜ਼ ਚੋਣਾਂ ਤੋਂ ਪਹਿਲਾਂ ਕਰੀਮਨਗਰ ਵਿੱਚ ਰੈਲੀ ਨੂੰ ਸੰਬੋਧਨ ਕਰਦੇ ਹੋਏ ਮੰਗਲਵਾਰ ਰਾਤ ਹੈਦਰਾਬਾਦ ਤੋਂ ਪਾਰਲੀਮੈਂਟ ਮੈਂਬਰ ਓਵੈਸੀ ਨੇ ਕਿਹਾ ਕਿ ਗ੍ਰਹਿ ਮੰਤਰੀ ਨੇ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਇਸ ਕਾਨੂੰਨ ਬਾਰੇ ਬਹਿਸ ਕਰਨ ਲਈ ਕਿਹਾ ਹੈ, ਜਦ ਕਿ ਮੈਂ ਸ਼ਾਹ ਨੂੰ ਮੇਰੇ ਨਾਲ ਇਸ ਬਾਰੇ ਬਹਿਸ ਕਰਨ ਨੂੰ ਕਿਹਾ ਸੀ। ਲਖਨਊ ਵਿੱਚ ਸੋਧੇ ਹੋਏ ਨਾਗਰਿਕਤਾ ਕਾਨੂੰਨ (ਸੀ ਏ ਏ) ਦੇ ਸਮਰਥਨ ਵਿੱਚ ਆਯੋਜਤ ਰੈਲੀ ਵਿੱਚ ਸ਼ਾਹ ਨੇ ਵਿਰੋਧੀ ਧਿਰ ਉੱਤੇ ਇਸ ਕਾਨੂੰਨ ਦੇ ਖਿਲਾਫ ਲੋਕਾਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਾ ਕੇ ਰਾਹੁਲ ਗਾਂਧੀ, ਮਮਤਾ ਬੈਨਰਜੀ, ਅਖਿਲੇਸ਼ ਯਾਦਵ ਅਤੇ ਮਾਇਆਵਤੀ ਨੂੰ ਜਨਤਕ ਤੌਰ 'ਤੇ ਇਸ ਉੱਤੇ ਬਹਿਸ ਕਰਨ ਦੀ ਚੁਣੌਤੀ ਦਿੱਤੀ ਸੀ। ਸ਼ਾਹ ਦੀ ਚੁਣੌਤੀ 'ਤੇ ਓਵੈਸੀ ਨੇ ਕਿਹਾ, ਮੈਂ ਇਥੇ ਹਾਂ, ਮੇਰੇ ਨਾਲ ਬਹਿਸ ਕਰੋ, ਇਨ੍ਹਾਂ ਲੋਕਾਂ ਨਾਲ ਕਿਉਂ ਬਹਿਸ ਕਰਨੀ ਹੈ, ਦਾੜ੍ਹੀ ਵਾਲੇ ਨਾਲ ਕਰੋ ਨਾ। ਅਸੀਂ ਸੀ ਏ ਏ, ਐੱਨ ਪੀ ਆਰ ਅਤੇ ਐੱਨ ਆਰ ਸੀ ਉੱਤੇ ਬਹਿਸ ਤੇ ਗੱਲ ਕਰਾਂਗੇ। ਓਵੈਸੀ ਨੇ ਕੇਂਦਰੀ ਬਜਟ ਦੀ 'ਹਲਵਾ' ਰਸਮ ਦਾ ਜ਼ਿਕਰ ਕਰਦੇ ਹੋਏ ਭਾਜਪਾ ਉੱਤੇ ਸਥਾਨਾਂ ਦਾ ਨਾਂਅ ਬਦਲਣ ਬਾਰੇ ਨਿਸ਼ਾਨਾ ਵਿੰਨ੍ਹਿਆ। ਉਨ੍ਹਾਂ ਕਿਹਾ ਕਿ ਭਾਜਪਾ ਨੇ ਕਿਹਾ ਹੈ ਕਿ ਉਹ ਨਾਂਅ ਬਦਲਣਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 'ਹਲਵਾ' ਸ਼ਬਦ ਕਿੱਥੋਂ ਆਇਆ ਹੈ? ਇਹ ਅਰਬੀ ਸ਼ਬਦ ਹੈ। ਇਹ ਹਿੰਦੀ ਜਾਂ ਉਰਦੂ ਸ਼ਬਦ ਨਹੀਂ, ਇਹ ਅਰਬੀ ਸ਼ਬਦ ਵੀ ਹਟਾ ਦਿਓ। ਉਨ੍ਹਾਂ ਕਿਹਾ, ਉਹ (ਭਾਜਪਾ) ਕਹਿੰਦੇ ਹਨ ਕਿ ਉਹ ਨਾਂਅ ਬਦਲਣਗੇ। ਰੱਬ ਚਾਹੇ ਤਾਂ ਦੇਸ਼ ਦੇ ਲੋਕ ਤੁਹਾਨੂੰ ਬਦਲਣਗੇ। ਯਾਦ ਰੱਖਣਾ ਮੈਂ ਹਲਵਾ ਨਹੀਂ ਲਾਲ ਮਿਰਚ ਹਾਂ।

# ਗਾਹਕਾਂ ਦੇ ਪਿੱਜ਼ਾ ਉੱਤੇ ਥੁੱਕਦਾ ਰਿਹਾ ਡਿਲਿਵਰੀ ਮੈਨ



ਅੰਕਾਰਾ, 23 ਜਨਵਰੀ (ਪੋਸਟ ਬਿਊਰੋ)- ਤੁਰਕੀ ਵਿਚ ਇਕ ਡਿਲਿਵਰੀ ਮੈਨ ਲਈ 18 ਸਾਲ ਦੀ ਸਜ਼ਾ ਦੀ ਮੰਗ ਕੀਤੀ ਗਈ ਹੈ। ਡਿਲਿਵਰੀ ਮੈਨ ਉੱਤੇ ਗਾਹਕਾਂ ਨੂੰ ਪਿੱਜ਼ਾ ਦੇਣ ਤੋਂ ਪਹਿਲਾਂ ਉਸ ਉੱਤੇ ਥੁੱਕਣ ਦਾ ਦੋਸ਼ ਸੀ।

ਸਥਾਨਕ ਮੀਡੀਆ ਤੋਂ ਮਿਲੀ ਸੂਚਨਾ ਮੁਤਾਬਕ 2017 ਵਿਚ ਐਸਕਿਸੀਰ ਵਿਚ ਹੋਈ ਘਟਨਾ ਉਸ ਵੇਲੇ ਸਾਹ-ਮਣੇ ਆਈ, ਜਦੋਂ ਇਕ ਅਪਾਰਟਮੈਂਟ ਬਲਾਕ ਵਿਚ ਸੀ ਸੀ ਟੀ ਵੀ ਕੈਮਰੇ ਵਿਚ ਇਸ ਦੀ ਫੋਟੋ ਆਈ। ਫੁਟੇਜ ਵਿਚ ਡਿਲਿਵਰੀ ਮੈਨ ਦਿੱਸ ਪਿਆ, ਜਿਸ ਦੀ ਪਛਾਣ ਬੁਰਕ ਐਸ. ਦੇ ਰੂਪ ਵਿਚ ਹੋਈ ਹੈ। ਉਹ ਪਿੱਜ਼ਾ ਉੱਤੇ ਥੁੱਕਦਾ ਸੀ ਤੇ ਮੋਬਾਈਲ ਫੋਨ ਉੱਤੇ ਇਸ ਨੂੰ ਰਿਕਾਰਡ ਕਰਦਾ ਸੀ। ਇਸ ਦੇ ਪਿੱਛੇ ਉਸ ਦਾ ਟੀਚਾ ਪਤਾ ਨਹੀਂ ਲਾਇਆ ਜਾ ਸਕਿਆ ਹੈ। ਡੀ ਐਚ ਏ ਨੇ ਦੱਸਿਆ ਕਿ ਪਹਿਲਾਂ ਤੋਂ ਉਸ ਉੱਤੇ ਗਾਹਕਾਂ ਦੀ ਸਿਹਤ ਨੂੰ ਖਤਰੇ ਵਿਚ ਪਾਉਣ ਲਈ 600 ਯੂਰੋ ਦੀ ਜੁਰਮਾਨਾ ਲਾਇਆ ਜਾ ਚੁੱਕਾ ਹੈ ਤੇ ਪ੍ਰੋਸੀਕਿਊਟਰ ਇਸ ਕੰਮ ਲਈ ਲੰਬੀ ਸਜ਼ਾ ਦੀ ਮੰਗ ਕਰ ਰਹੇ ਹਨ।

ਅਪਾਰਟਮੈਂਟ ਦੀ ਇਮਾਰਤ ਦੇ ਮਾਲਕ ਨੇ ਸਕਿਓਰਿਟੀ ਫੁਟੇਜ ਦੇਣ ਪਿੱਛੋਂ ਗਾਹਕ ਨੂੰ ਸਾਵਧਾਨ ਕੀਤਾ, ਜਿਸ ਤੋਂ ਬਾਅਦ ਅਪਰਾਧਿਕ ਸ਼ਿਕਾਇਤ ਦਰਜ ਹੋਈ ਹੈ। ਤੁਰਕੀ ਦੇ ਜੁਡੀਸ਼ਲ ਪ੍ਰਬੰਧ ਮੁਤਾਬਕ ਇਹ ਮੰਗ ਵੱਡੀ ਹੈ ਕਿਉਂਕਿ ਇਥੇ ਹਥਿਆਰ ਬੰਦ ਅੱਤਵਾਦੀ ਸੰਗਠਨ ਦੀ ਮੈਂਬਰੀ ਉੱਤੇ ਵੀ 15 ਸਾਲ ਤੱਕ ਦੀ ਸਜ਼ਾ ਦਾ ਕਾਨੂੰਨ ਹੈ।

# ਦੇਸ਼ 'ਚ ਪਹਿਲੀ ਵਾਰ ਵੋਟਰਾਂ ਦੇ ਚਿਹਰੇ ਪਛਾਣਨ ਵਾਲੇ ਯੰਤਰ ਦੀ ਅਜ਼ਮਾਇਸ਼

ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਤਿਲੰਗਾਨਾ ਦੀਆਂ ਸਥਾਨਕ ਚੋਣਾਂ ਦੌਰਾਨ ਚਿਹਰੇ ਦੀ ਸ਼ਨਾਖ਼ਤ ਵਾਲੇ ਸਾਫਟਵੇਅਰ ਦੀ ਵਰਤੋਂ ਕੀਤੀ ਜਾਵੇਗੀ। ਭਾਰਤ 'ਚ ਨਿੱਜਤਾ ਭੰਗ ਹੋਣ ਅਤੇ ਨਿਗਰਾਨੀ ਦੇ ਲੱਗ ਰਹੇ ਦੋਸ਼ਾਂ ਵਿਚਕਾਰ ਚੋਣਾਂ 'ਚ ਅਜਿਹੀ ਤਕਨਾਲੋਜੀ ਦੀ ਪਹਿਲੀ ਵਾਰ ਵਰਤੋਂ ਕੀਤੀ ਜਾ ਰਹੀ ਹੈ। ਤਿਲੰਗਾਨਾ ਪ੍ਰਦੇਸ਼ ਚੋਣ ਕਮਿਸ਼ਨ ਨੇ ਪਿਛਲੇ ਹਫ਼ਤੇ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਕਿ ਫਰਜ਼ੀ ਵੋਟਰਾਂ 'ਤੇ ਲਗਾਮ ਕਸਣ ਲਈ ਇਹ ਕਦਮ ਉਠਾਇਆ ਜਾ ਰਿਹਾ ਹੈ। ਚਿਹਰੇ ਦੀ ਸ਼ਨਾਖ਼ਤ ਵਾਲਾ ਸਾਫਟਵੇਅਰ ਮਦਕਾਈ ਮਲਕਾਨਗਿਰੀ ਜ਼ਿਲ੍ਹੇ ਦੇ 10 ਪੋਲਿੰਗ ਸਟੇਸ਼ਨਾਂ 'ਤੇ ਵਰਤਿਆ ਜਾਵੇਗਾ। ਹੁਕਮਾਂ 'ਚ ਕਿਹਾ ਗਿਆ ਹੈ ਕਿ ਵੋਟਰਾਂ ਦੀ ਨਿੱਜਤਾ ਦਾ ਖ਼ਿਆਲ ਰੱਖਿਆ ਜਾਵੇਗਾ ਅਤੇ ਉਨ੍ਹਾਂ ਦੀਆਂ ਤਸਵੀਰਾਂ ਨੂੰ ਸੰਭਾਲਿਆ ਨਹੀਂ ਜਾਵੇਗਾ ਜਾਂ ਕਿਸੇ ਹੋਰ ਮਕਸਦ ਲਈ ਨਹੀਂ ਵਰਤਿਆ ਜਾਵੇਗਾ।

ਡਿਜੀਟਲ ਹੱਕਾਂ ਦੀ ਵਕਾਲਤ ਕਰਨ ਵਾਲੇ ਐਕਸੈਸ ਨਾਓ ਦੇ ਡਾਇਰੈਕਟਰ ਰਮਨਜੀਤ ਸਿੰਘ ਚੀਮਾ ਨੇ ਕਿਹਾ ਕਿ ਚਿਹਰੇ ਦੀ ਸ਼ਨਾਖ਼ਤ ਕੋਈ ਸੁਰੱਖਿਅਤ ਕਦਮ ਨਹੀਂ ਹੈ ਅਤੇ ਵੋਟਰਾਂ ਨੂੰ ਉਸ ਦੇ ਅਧਿਕਾਰ ਤੋਂ ਵਾਂਝੇ ਨਹੀਂ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਅਜੇ ਅਸਪੱਸ਼ਟ ਹੈ ਕਿ ਡੇਟਾ ਕਿਵੇਂ ਸੁਰੱਖਿਅਤ ਰੱਖਿਆ ਜਾਵੇਗਾ। ਚਿਹਰੇ ਦੀ ਸ਼ਨਾਖ਼ਤ ਵਾਲੀ ਤਕਨਾਲੋਜੀ ਮੁਲਕ 'ਚ ਹਵਾਈ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਕੈਫਿਆਂ 'ਚ ਲਾਈ ਜਾ ਰਹੀ ਹੈ। ਪਿਛਲੇ ਮਹੀਨੇ ਇਸ ਤਕਨਾਲੋਜੀ ਦੀ ਵਰਤੋਂ ਪਹਿਲੀ ਵਾਰ ਸਿਆਸੀ ਰੈਲੀ 'ਚ ਕੀਤੀ ਗਈ ਸੀ ਜਿਸ ਦੌਰਾਨ ਭੀੜ 'ਤੇ ਫੋਕਸ ਰੱਖਿਆ ਗਿਆ ਸੀ ਕਿਉਂਕਿ ਖ਼ਦਸ਼ਾ ਸੀ ਕਿ ਲੋਕ ਵਿਰੋਧ ਪ੍ਰਦਰਸ਼ਨ ਕਰ ਸਕਦੇ ਹਨ। ਅਧਿਕਾਰੀਆਂ ਮੁਤਾਬਕ ਤਕਨਾਲੋਜੀ ਅਪਰਾਧੀਆਂ ਦੀ ਭਾਲ ਅਤੇ ਲਾਪਤਾ ਬੱਚਿਆਂ ਨੂੰ ਲੱਭਣ 'ਚ ਸਹਾਈ ਹੋ ਸਕਦੀ ਹੈ।

# ਅਮਰੀਕੀ ਵਿਚੋਲਗੀ ਦਾ ਸੁਆਲ ਹੀ ਨਹੀਂ: ਭਾਰਤ

ਦਾਵੋਸ, 23 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਕਸ਼ਮੀਰ ਦੇ ਮੁੱਦੇ 'ਤੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਾਲਸੀ ਕਰਨ ਦੀ ਪੇਸ਼ਕਸ਼ ਨੂੰ ਭਾਰਤ ਨੇ ਨਜ਼ਰਅੰਦਾਜ਼ ਕਰ ਦਿੱਤਾ ਹੈ। ਭਾਰਤ ਦੇ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਅਧਿਕਾਰੀ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਵਲੋਂ ਦਿੱਤੀ ਪੇਸ਼ਕਸ਼ ਕੋਈ ਨਵੀਂ ਗੱਲ ਨਹੀ ਹੈ ਅਤੇ ਭਾਰਤ ਦਾ ਜਵਾਬ ਵੀ ਕੋਈ ਨਵਾਂ ਨਹੀਂ ਹੈ। ਭਾਰਤ ਨੇ ਹਮੇਸ਼ਾ ਪਾਕਿਸਤਾਨ ਨਾਲ ਆਪਣੇ ਦੁਵੱਲੇ ਸਬੰਧਾਂ ਵਿੱਚ ਤੀਜੀ ਧਿਰ ਦੇ ਦਖ਼ਲ ਨੂੰ ਰੱਦ ਕੀਤਾ ਹੈ, ਜਿਸ ਵਿੱਚ ਰਾਸ਼ਟਰਪਤੀ ਟਰੰਪ ਵਲੋਂ ਦਖ਼ਲ ਦੇਣ ਦੀਆਂ ਕਈ ਪੇਸ਼ਕਸ਼ਾਂ ਵੀ ਸ਼ਾਮਲ ਹਨ। ਰਾਸ਼ਟਰਪਤੀ ਡੋਨਲਡ ਟਰੰਪ ਨੇ ਇੱਥੇ ਵਰਲਡ ਇਕਨਾਮਿਕ ਫੋਰਮ ਦੌਰਾਨ ਦੋਵਾਂ ਗੁਆਂਢੀ ਮੁਲਕਾਂ ਵਿਚਾਲੇ ਲੰਬੇ ਸਮੇਂ ਤੋਂ ਚੱਲ ਰਿਹਾ ਵਿਵਾਦ ਹੱਲ ਕਰਵਾਉਣ ਵਿੱਚ ਮਦਦ ਕਰਨ ਦੀ ਪੇਸ਼ਕਸ਼ ਦੁਹਰਾਈ। ਇਸੇ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਚਰਚਾ ਦੇ ਅਹਿਮ ਮੁੱਦੇ ਵਪਾਰ ਅਤੇ ਸਰਹੱਦਾਂ ਸਨ ਜਦਕਿ ਇਮਰਾਨ ਖਾਨ ਨੇ ਕਿਹਾ ਕਿ ਉਨ੍ਹਾਂ ਲਈ ਅਫਗਾਨਿਸਤਾਨ ਦਾ ਮੁੱਦਾ ਪਹਿਲੀ ਤਰਜੀਹ ਹੈ। ਟਰੰਪ ਨੇ ਖਾਨ ਨੂੰ 'ਆਪਣਾ ਦੋਸਤ' ਕਹਿ ਕੇ ਬੁਲਾਉਂਦਿਆਂ ਕਿਹਾ ਕਿ ਉਹ ਕਸ਼ਮੀਰ ਦੇ ਚੱਲ ਰਹੇ ਮੁੱਦੇ 'ਤੇ ਨਰਿੰਦਰ ਮੋਦੀ ਨਾਲ ਗੱਲਬਾਤ ਕਰਨਗੇ।

# ਚੀਨ 'ਚ ਕੋਰੋਨਾ ਵਾਇਰਸ ਨਾਲ ਮ੍ਰਿਤਕਾਂ ਦੀ ਗਿਣਤੀ 17 ਹੋਈ



ਪੇਈਚਿੰਗ, 23 ਜਨਵਰੀ (ਪੋਸਟ ਬਿਊਰੋ)- ਚੀਨ ਵਿੱਚ ਫੈਲੇ ਨੋਵੇਲ ਕੋਰੋਨਾਵਾਇਰਸ ਨਾਲ ਮਰਨ ਵਾ-ਲਿਆਂ ਦੀ ਗਿਣਤੀ ਵਧ ਕੇ 17 ਹੋ ਗਈ ਹੈ ਜਦਕਿ 440 ਲੋਕ ਇਸ ਵਾਇਰਸ ਤੋਂ ਪੀੜਤ ਪਾਏ ਗਏ ਹਨ। ਸਿਹਤ ਅਧਿਕਾਰੀਆਂ ਨੇ ਚਿਤਾਵਨੀ ਜਾਰੀ ਕੀਤੀ ਕਿ ਇਹ ਵਾਇਰਸ ਹੋਰ ਅੱਗੇ ਫੈਲ ਸਕਦਾ ਹੈ ਕਿਉਂਕਿ ਚੀਨ ਵਿੱਚ ਚੱਲ ਰਹੀਆਂ ਛੁੱਟੀਆਂ ਕਾਰਨ ਸੈਂਕੜੇ ਲੋਕ ਦੇਸ਼ ਅਤੇ ਵਿਦੇਸ਼ਾਂ ਵਿੱਚ ਸੈਰ-ਸਪਾਟਾ ਕਰ ਰਹੇ ਹਨ।

ਵਾਇਰਸਾਂ ਦਾ ਵੱਡਾ ਸਮੂਹ ਮਿਲ ਕੇ ਕੋਰੋਨਾਵਾਇਰਸ ਬਣਦਾ ਹੈ, ਜਿਸ ਕਾਰਨ ਜ਼ੁਕਾਮ ਹੋਣ ਦੇ ਨਾਲ ਸਾਹ ਲੈਣ ਵਿੱਚ ਭਾਰੀ ਤਕਲੀਫ ਹੁੰਦੀ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਚੀਨ ਵਿੱਚ ਪਹਿਲੀ ਵਾਰ ਪਾਏ ਗਏ ਇਸ ਵਾਇਰਸ ਦੇ ਸੰਪਰਕ ਵਿੱਚ ਆਉਣ ਵਾਲੇ ਮਰੀਜ਼ ਨੂੰ ਬੁਖਾਰ, ਖੰਘ, ਸਾਹ ਚੜ੍ਹਨ ਅਤੇ ਸਾਹ ਲੈਣ ਵਿੱਚ ਤਕਲੀਫ ਵਰਗੀਆਂ ਸਮੱਸਿਆਵਾਂ ਆਉਂਦੀਆਂ ਹਨ। ਚੀਨ ਦੇ ਸਿਹਤ ਅਧਿਕਾਰੀਆਂ ਨੇ ਬੁੱਧਵਾਰ ਨੂੰ ਕੋਰੋਨਾਵਾਇਰਸ ਕਾਰਨ ਹੋਏ ਨਮੂਨੀਏ ਤੋਂ ਪੀੜਤ 440 ਮਰੀਜ਼ਾਂ ਦੀ ਪੁਸ਼ਟੀ ਕੀਤੀ ਹੈ। ਭਾਰਤ ਦੇ ਸੱਤ ਹਵਾਈ ਅੱਡਿਆਂ 'ਤੇ ਕੁੱਲ 43 ਉਡਾਣਾਂ ਰਾਹੀਂ ਪੁੱਜੇ ਨੌਂ ਹਜ਼ਾਰ ਤੋਂ ਵੱਧ ਯਾਤਰੀਆਂ ਦੀ ਨੋਵੇਲ ਕੋਰੋਨਾਵਾਇਰਸ ਲਈ ਜਾਂਚ ਕੀਤੀ ਗਈ। ਕੇਂਦਰੀ ਸਿਹਤ ਸਕੱਤਰ ਪ੍ਰੀਤੀ ਸੂਡਾਨ ਨੇ ਦੱਸਿਆ ਕਿ ਹਾਲੇ ਤੱਕ ਕੋਈ ਵੀ ਮਰੀਜ਼ ਨਹੀਂ ਆਇਆ ਹੈ। ਉਨ੍ਹਾਂ ਦੱਸਿਆ ਕਿ ਦਿੱਲੀ, ਮੁੰਬਈ, ਚੇਨਈ ਅਤੇ ਕੋਲਕਾਤਾ ਸਣੇ ਸੱਤ ਹਵਾਈ ਅੱਡਿਆਂ 'ਤੇ ਮੰਗਲਵਾਰ ਤੱਕ 9,156 ਯਾਤਰੀਆਂ ਦੀ ਸਿਹਤ ਜਾਂਚ ਕੀਤੀ ਗਈ।

# 'ਗਗਨ ਯਾਨ' ਦੇ ਫਲਾਈਟ ਸਰਜਨਾਂ ਦੀ ਸਿਖਲਾਈ ਫਰਾਂਸ ਵਿੱਚ ਹੋਵੇਗੀ



ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਵੱਡ ਖਾਹਸ਼ੀ ਪੁਲਾੜ ਮਨੁੱਖੀ ਮਿਸ਼ਨ 'ਗਗਨ ਯਾਨ' 'ਚ ਪੁਲਾੜ ਯਾਤਰੀਆਂ ਦੀ ਸਿਹਤ ਦਾ ਖ਼ਿਆਲ ਰੱਖਣ ਲਈ ਭਾਰਤੀ ਫਲਾਈਟ ਸਰਜਨਾਂ ਨੂੰ ਫਰਾਂਸ ਵਿੱਚ ਸਿਖਲਾਈ ਦਿੱਤੀ ਜਾ ਰਹੀ ਹੈ। ਤਿੰਨ ਭਾਰਤੀ ਪੁਲਾੜ ਯਾਤਰੀਆਂ ਨੂੰ ਸਾਲ 2022 'ਚ ਪੁਲਾੜ 'ਚ ਲੈ ਜਾਣ ਵਾਲੇ ਗਗਨ ਯਾਨ ਪ੍ਰਾਜੈਕਟ ਲਈ ਇਨ੍ਹਾਂ ਡਾਕਟਰਾਂ ਨੂੰ ਦੋ ਹਫ਼ਤੇ ਦੀ ਸਿਖਲਾਈ ਬੇਹੱਦ ਅਹਿਮ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਫਰਾਂਸ ਦੀ ਸਪੇਨ ਏਜੰਸੀ ਸੀ ਐਨ ਈ ਐਸ ਦੇ ਮੁਖੀ ਜੀਨ ਯਸ ਲਾ ਗਾਲ ਇਸ ਹਫ਼ਤੇ ਦੇ ਅੰਤ ਵਿੱਚ ਬੈਂਗਲੁਰੂ ਪੁੱਜਣਗੇ। ਉਦੋਂ ਇਸਰੋ ਤੇ ਫਰਾਂਸ ਦੀ ਸਪੇਸ ਏਜੰਸੀ ਵਿਚਾਲੇ ਸਹਿਮਤੀ ਪੱਤਰ (ਐਮ ਓ ਯੂ) 'ਤੇ ਦਸਤਖ਼ਤ ਕੀਤੇ ਜਾਣਗੇ। ਭਾਰਤੀ ਪੁਲਾੜ ਏਜੰਸੀ ਇਸਰੋ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਭਾਰਤੀ ਹਵਾਈ ਫ਼ੌਜ ਦੇ ਡਾਕਟਰ ਵਿਸ਼ੇਸ਼ ਸਿਖਲਾਈ ਦੇ ਨਾਲ 'ਫਲਾਈਟ ਸਰਜਨ' ਬਣਾਏ ਜਾਣਗੇ। ਇਨ੍ਹਾਂ ਨੂੰ ਐਵੀਏਸ਼ਨ ਮੈਡੀਸਨ 'ਚ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇਗੀ ਅਤੇ ਇਹ ਪੁਲਾੜ ਯਾਤਰੀਆਂ ਦੀ ਸਿਹਤ ਤੇ ਇਲਾਜ ਲਈ ਜ਼ਿੰਮੇਵਾਰ ਹੋਣਗੇ। ਇਨ੍ਹਾਂ 'ਫਲਾਈਟ ਸਰਜਨਾਂ' ਦੀ ਚੋਣ ਛੇਤੀ ਹੀ ਕੀਤੀ ਜਾਵੇਗੀ। ਛਾਂਟੇ ਗਏ 'ਫਲਾਈਟ ਸਰਜਨਾਂ' ਨੂੰ ਫਰਾਂਸ ਵਿੱਚ ਦੋ ਹਫ਼ਤਿਆਂ ਦੀ ਵਿਸ਼ੇਸ਼ ਸਿਖਲਾਈ ਲੈਣੀ ਪਵੇਗੀ। ਯੂਰਪੀ ਸਪੇਸ ਏਜੰਸੀ ਦੇ 'ਫਲਾਈਟ ਸਰਜਨ' ਬ੍ਰਿਜਿਟ ਗੋਡਾਰਡ ਪਿਛਲੇ ਸਾਲ ਜੁਲਾਈ ਤੇ ਅਗਸਤ ਦੇ ਮਹੀਨੇ 'ਚ ਭਾਰਤ ਵਿੱਚ ਸਨ। ਉਨ੍ਹਾਂ ਨੇ ਡਾਕਟਰਾਂ ਤੇ ਇੰਜੀਨੀਅਰਾਂ ਨੂੰ ਸਿਖਲਾਈ ਦਿੱਤੀ ਸੀ। ਸਪੇਸ ਮੈਡੀਸਨ ਦੇ ਖੇਤਰ ਵਿੱਚ ਫਰਾਂਸ ਨੂੰ ਮੁਹਾਰਤ ਹੈ। ਫਰਾਂਸ ਦੀ ਪੁਲਾੜ ਏਜੰਸੀ ਸੀ ਐਨ ਈ ਐਸ ਦਾ ਇੱਕ ਸਹਾਇਕ ਸਪੇਸ ਕਲੀਨਿਕ ਹੈ ਜਿਸ ਦਾ ਨਾਂ ਐਮ ਈ ਡੀ ਈ ਐਸ ਹੈ। ਇਥੇ ਫਲਾਈਟ ਸਰਜਨਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਸਿਖਲਾਈ ਲਈ ਪੁਲਾੜ ਯਾਤਰੀਆਂ ਨੂੰ ਕੀ ਫਰਾਂਸ ਵਿਚਾਲੇ ਪੁਲਾੜ ਖੇਤਰ ਵਿੱਚ ਸਮਝੌਤਾ ਹੋ ਚੁੱਕਾ ਹੈ। ਦੋਵਾਂ ਦੇਸ਼ਾਂ ਨੇ ਮਾਰਚ 2018 ਵਿੱਚ ਪੁਲਾੜ 'ਚ ਸਹਿਯੋਗ ਲਈ ਵਿਚਾਰ ਪੱਤਰ 'ਤੇ ਦਸਖ਼ਤ ਕੀਤੇ ਸਨ। ਇਹ ਸਮਝੌਤਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗਗਨਯਾਨ ਪ੍ਰਾਜੈਕਟ ਦੇ ਐਲਾਨ ਤੋਂ ਕਈ ਮਹੀਨੇ ਪਹਿਲਾਂ ਹੋ ਗਿਆ ਸੀ। ਇਹ ਸਾਰੇ ਭਾਰਤੀ ਹਵਾਈ ਫ਼ੌਜ ਦੇ ਟੈਸਟ ਪਾਇਲਟ ਹਨ ਤੇ ਮੌਜੂਦਾ ਸਮੇਂ 'ਚ 11 ਮਹੀਨੇ ਦੀ ਸਿਖਲਾਈ ਪ੍ਰੋਗਰਾਮ ਲਈ ਰੂਸ ਵਿੱਚ ਹਨ।

# ਪੰਜਾਬ ਸਰਕਾਰ ਨੇ ਬਿਜਲੀ ਮੁੱਦੇ ਉੱਤੇ ਰਿਪੋਰਟ ਮੰਗੀ



ਚੰਡੀਗੜ੍ਹ, 23 ਜਨਵਰੀ (ਪੋਸਟ ਬਿਊਰੋ)- ਮਹਿੰਗੀ ਬਿਜਲੀ ਦੇ ਮੁੱਦੇ 'ਤੇ ਘਿਰੀ ਹੋਈ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਰਾਜਨੀਤਕ ਵਿਰੋਧੀਆਂ ਨੂੰ ਜਵਾਬ ਦੇਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਸਰਕਾਰ ਨੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੂੰ ਬਿਜਲੀ ਦੀਆਂ ਵਧਾਈਆਂ ਦਰਾਂ ਅਤੇ ਨਿੱਜੀ ਥਰਮਲ ਪਲਾਂਟ ਕੰਪਨੀਆਂ ਦੇ ਨਾਲ ਕੀਤੇ ਸਮਝੌਤਿਆਂ ਦੇ ਸੰਬੰਧ ਵਿੱਚ ਪੂਰੀ ਰਿਪੋਰਟ ਤਿਆਰ ਕਰਨ ਲਈ ਪੱਤਰ ਲਿਖਿਆ ਹੈ।

ਜਾਣਕਾਰ ਸੂਤਰਾਂ ਮੁਤਾਬਕ ਸਰਕਾਰ ਨੇ ਫਰਵਰੀ ਵਿੱਚ ਹੋਣ ਵਾਲੇ ਬਜਟ ਸੈਸ਼ਨ ਤੋਂ ਪਹਿਲਾਂ ਪੂਰੀ ਸੂਚਨਾ ਮੰਗੀ ਹੈ, ਤਾਂ ਕਿ ਬਜਟ ਸੈਸ਼ਨ ਵਿੱਚ ਸਰਕਾਰ ਬਿਜਲੀ ਮੁੱਦੇ 'ਤੇ ਵ੍ਹਾਈਟ ਪੱਤਰ ਜਾਰੀ ਕਰ ਕੇ ਵਿਰੋਧੀਆਂ ਨੂੰ ਜਵਾਬ ਦੇ ਸਕੇ ਤੇ ਸੱਚਾਈ ਜਨਤਾ ਸਾਹਮਣੇ ਲਿਆ ਸਕੇ। ਵਰਨਣ ਯੋਗ ਹੈ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਦੌਰਾਨ ਬਿਜਲੀ ਕੰਪਨੀਆਂ ਨਾਲ 25 ਸਾਲ ਲਈ ਬਿਜਲੀ ਖਰੀਦ ਦਾ ਸਮਝੌਤਾ ਹੋਇਆ ਸੀ। ਇਸ ਤੋਂ ਪੰਜਾਬ ਦੇ ਖਪਤਕਾਰਾਂ 'ਤੇ ਕਰੀਬ ਅੱਸੀ ਹਜ਼ਾਰ ਕਰੋੜ ਰੁਪਏ ਦਾ ਬੋਝ ਪੈਣ ਦਾ ਅੰਦਾਜ਼ਾ ਹੈ। ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਨਿੱਜੀ ਥਰਮਲ ਕੰਪਨੀਆਂ ਦੇ ਹੱਕ ਵਿੱਚ ਫੈਸਲਾ ਦੇਂਦੇ ਹੋਏ ਪੰਜਾਬ ਸਰਕਾਰ ਨੂੰ 600 ਕਰੋੜ ਰੁਪਏ ਸਾਲਾਨਾ ਕੋਲੇ ਦੀ ਧੁਲਾਈ ਦਾ ਖਰਚ ਦੇਣ ਦਾ ਹੁਕਮ ਜਾਰੀ ਕੀਤਾ ਸੀ। ਸੁਪਰੀਮ ਕੋਰਟ ਦੇ ਫੈਸਲੇ ਦੇ ਬਾਅਦ ਅਕਾਲੀ ਦਲ ਨੇ ਵੀ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਸੀ ਅਤੇ ਆਮ ਆਦਮੀ ਪਾਰਟੀ ਨੇ ਵੀ ਬਿਜਲੀ ਦੇ ਮੁੱਦੇ 'ਤੇ ਸੂਬੇ ਵਿੱਚ ਅੰਦੋਲਨ ਸ਼ੁਰੂ ਕੀਤਾ ਹੋਇਆ ਹੈ। ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੀ ਬਿਜਲੀ ਕੰਪਨੀਆਂ ਨਾਲ ਸਮਝੌਤੇ ਦਾ ਰਿਵਿਊ ਕਰਨ ਤੇ ਸਮਝੌਤਾ ਰੱਦ ਕਰਨ ਦੀ ਮੰਗ ਕਰ ਚੁੱਕੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਤੇ ਮੰਤਰੀ ਵੀ ਬਿਜਲੀ ਮੁੱਦੇ 'ਤੇ ਸਮਝੌਤੇ ਦਾ ਰਿਵਿਊ ਕਰਨ ਦੀ ਗੱਲ ਕਹਿ ਚੁੱਕੇ ਹਨ। ਇਸ 'ਤੇ ਹੁਣ ਸਰਕਾਰ ਨੇ ਪੱਤਰ ਜਾਰੀ ਕਰ ਦਿੱਤਾ ਹੈ।

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਬਾਦਲ ਸਰਕਾਰ ਦੇ ਲਾਏ ਬੁੱਤਾਂ ਖਿਲਾਫ ਸ਼੍ਰੋਮਣੀ ਕਮੇਟੀ ਵੀ ਡਟੀ

ਅੰਮ੍ਰਿਤਸਰ, 23 ਜਨਵਰੀ (ਪੋਸਟ ਬਿਊਰੋ)- ਪਿਛਲੀ ਬਾਦਲ ਸਰਕਾਰ ਵੱਲੋਂ ਅੰਮ੍ਰਿਤਸਰ ਦੀ ਹੈਰੀਟੇਜ਼ ਸਟਰੀਟ ਉੱਤੇ ਲਾਏ ਬੁੱਤਾਂ ਦੇ ਖਿਲਾਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਡਟ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਬਣਾਈ ਤਿੰਨ ਮੈਂਬਰੀ ਕਮੇਟੀ ਦੀ ਅੱਜ ਪਹਿਲੀ ਬੈਠਕ ਐਸ ਸੀ ਜੀ ਸੀ ਦੇ ਦਫ਼ਤਰ ਵਿੱਚ ਹੋਈ ਤਾਂ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਇਸ ਮਸਲੇ ਦੇ ਠੋਸ ਹੱਲ ਲਈ ਕਮੇਟੀ ਦਾ ਵਫਦ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿੱਲੋਂ ਨੂੰ ਮਿਲੇਗਾ ਤੇ ਇਸ ਮਸਲੇ ਨੂੰ ਜਲਦੀ ਸੁਲਝਾਉਣ ਦੀ ਮੰਗ ਕਰੇਗਾ। ਮਹਿਤਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਦਿਲਚਸਪ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਬਣਾਈ ਕਮੇਟੀ ਦੀ ਮੀਟਿੰਗ ਦੇ ਦੌਰਾਨ ਅਸਿੱਧੇ ਤੌਰ ਉੱਤੇ ਫੈਸਲਾ ਹੋਇਆ ਕਿ ਪਿਛਲੀ ਬਾਦਲ ਅਕਾਲੀ ਸਰਕਾਰ ਵੇਲੇ ਲਾਏ ਬੁੱਤ ਹਟਾਉਣ ਲਈ ਇੱਕ ਵਫ਼ਦ ਡਿਪਟੀ ਕਮਿਸ਼ਨਰ ਨੂੰ ਮਿਲੇਗਾ। ਬੁੱਤੇ ਲਾਉਣ ਬਾਰੇ ਪੁੱਛੇ ਜਾਣ ਉੱਤੇ ਰਜਿੰਦਰ ਸਿੰਘ ਮਹਿਤਾ ਨੇ ਠੋਸ ਜਵਾਬ ਨਹੀਂ ਦਿੱਤਾ। ਇਸ ਦੇ ਨਾਲ ਕਮੇਟੀ ਪੰਜਾਬ ਸਰਕਾਰ ਨੂੰ ਇਸ ਮਸਲੇ ਦਾ ਛੇਤੀ ਹੱਲ ਕਰਨ ਦੀ ਅਪੀਲ ਕਰੇਗੀ।



ਵਰਨਣ ਯੋਗ ਹੈ ਕਿ ਕੁਝ ਸਿੱਖ ਜਥੇਬੰਦੀਆਂ ਹੈਰੀਟੇਜ ਸਟਰੀਟ ਉੱਤੇ ਲੱਗੇ ਬੁੱਤਾਂ ਦਾ ਵਿਰੋਧ ਕਰਦੀਆਂ ਹਨ। ਪਿਛਲੇ ਦਿਨੀਂ ਕੁਝ ਨੌਜਵਾਨਾਂ ਨੇ ਬੁੱਤਾਂ ਦੀ ਭੰਨਤੋੜ ਕੀਤੀ ਸੀ ਤਾਂ ਪੁਲਿਸ ਨੇ ਕੇਸ ਦਰਜ ਕੀਤਾ ਹੈ। ਇਸ ਮਗਰੋਂ ਸਿੱਖ ਕਾਰਕੁਨ ਧਰਨੇ ਉੱਤੇ ਬੈਠ ਗਏ ਸਨ।

## ਬੁੱਤਾਂ ਦੇ ਮਾਮਲੇ ਵਿਚ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਤਿੰਨ ਮੈਂਬਰੀ ਕਮੇਟੀ ਕਾਇਮ

ਅੰਮ੍ਰਿਤਸਰ, 23 ਜਨਵਰੀ (ਪੋਸਟ ਬਿਊਰੋ)- ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਰਸਤੇ 'ਹੈਰੀਟੇਜ ਸਟਰੀਜ' ਵਿੱਚ ਲਾਏ ਗਏ ਸੱਭਿਆਚਾਰਕ ਬੁੱਤਾਂ ਨੂੰ ਹਟਾਉਣ ਵਾਸਤੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਿੰਨ ਮੈਂਬਰੀ ਕਮੇਟੀ ਬਣਾਈ ਹੈ, ਜੋ ਇਸ ਕੇਸ 'ਚ ਸਰਕਾਰ ਨਾਲ ਗੱਲਬਾਤ ਕਰੇਗੀ। ਇਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਮਹਿਤਾ, ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਸ਼ਾਮਲ ਹਨ।

ਪਤਾ ਲੱਗਾ ਹੈ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਇੱਕ ਪੱਤਰ ਭੇਜਿਆ ਗਿਆ ਤੇ ਇਨ੍ਹਾਂ ਵਿਵਾਦਤ ਬੁੱਤਾਂ ਨੂੰ ਹਟਾਉਣ ਦੀ ਲੋੜੀਂਦੀ ਕਾਰਵਾਈ ਲਈ ਇਹ ਕਮੇਟੀ ਬਣਾਈ ਗਈ ਹੈ, ਜਿਸ ਨੂੰ ਪੰਜ ਦਿਨਾਂ ਵਿੱਚ ਆਪਣੀ ਰਿਪੋਰਟ ਦੇਣ ਵਾਸਤੇ ਕਿਹਾ ਗਿਆ ਹੈ। ਇਸ ਤੋਂ ਪਹਿਲਾਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਆਖ ਚੁੱਕੇ ਹਨ ਕਿ ਸਿੱਖ ਸੰਗਤ ਦੀਆਂ



ਭਾਵਨਾਵਾਂ ਮੁਤਾਬਕ ਇਨ੍ਹਾਂ ਬੁੱਤਾਂ ਨੂੰ ਹਟਾ ਦੇਣਾ ਚਾਹੀਦਾ ਹੈ ਅਤੇ ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਹੈਰੀਜੇਟ ਸਟਰੀਟ ਵਿੱਚੋਂ ਇਹ ਬੁੱਤ ਹਟਾਉਣ ਦਾ ਮਾਮਲਾ ਦਿਨੋ-ਦਿਨ ਭਖ ਰਿਹਾ ਹੈ। ਇਹ ਹੈਰੀਟੇਜ ਸਟਰੀਟ ਅਕਾਲੀ ਭਾਜਪਾ ਸਰਕਾਰ ਵੇਲੇ ਬਣਾਈ ਗਈ ਸੀ ਤੇ ਭੰਗੜਾ ਪਾਉਂਦੇ ਗੱਭਰੂਆਂ ਤੇ ਮੁਟਿਆਰਾਂ ਦੇ ਬੁੱਤ ਲਾਏ ਗਏ ਸਨ। ਇਨ੍ਹਾਂ ਬੁੱਤਾਂ ਕੋਲ ਚੌਕ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਇੱਕ ਬੁੱਤ ਵੀ ਲਾਇਆ ਗਿਆ ਹੈ। ਇਹ ਹੈਰੀਟੇਜ ਸਟਰੀਟ ਬਣਾਉਣ ਲਈ ਅਕਾਲੀ ਭਾਜਪਾ ਸਰਕਾਰ ਵੱਲੋਂ ਕਰੋੜਾਂ ਰੁਪਏ ਖਰਚ ਕੀਤੇ ਗਏ ਸਨ।

## ਵਿਜੀਲੈਂਸ ਟੀਮ ਦੇ ਦੇਖਦਿਆਂ ਪਟਵਾਰੀ ਰਿਸ਼ਵਤ ਲੈ ਕੇ ਫਰਾਰ

ਸੁਭਾਨਪੁਰ (ਕਪੂਰਥਲਾ), 23 ਜਨਵਰੀ (ਪੋਸਟ ਬਿਊਰੋ)- ਭੁਲੱਥ ਤਹਿਸੀਲ ਦਾ ਇੱਕ ਪਟਵਾਰੀ ਕੱਲ੍ਹ ਇੱਕ ਕਿਸਾਨ ਤੋਂ ਰਿਸ਼ਵਤ ਦੇ ਵੀਹ ਹਜ਼ਾਰ ਰੁਪਏ ਲੈ ਕੇ ਅਤੇ ਵਿਜੀਲੈਂਸ ਟੀਮ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ।

ਬੱਸੀ ਦੇ ਵਾਸੀ ਮਨਜੀਤ ਸਿੰਘ ਨੇ ਵਿਜੀਲੈਂਸ ਨੂੰ ਦੱਸਿਆ ਕਿ ਉਨ੍ਹਾਂ ਦੇ ਰਿਸ਼ਤੇਦਾਰ ਬਹਾਦੁਰ ਸਿੰਘ ਅਤੇ ਉਸ ਦੀ ਪਤਨੀ ਦਾ ਦਿਹਾਂਤ ਹੋ ਚੁੱਕਾ ਹੈ। ਬਹਾਦੁਰ ਸਿੰਘ ਦੇ ਨਾਂਅ



ਬੂਲੇਵਾਲ ਵਿੱਚ ਤਿੰਨ ਏਕੜ ਜ਼ਮੀਨ ਹੈ, ਜਿਸ ਦਾ ਇੰਤਕਾਲ ਉਨ੍ਹਾਂ ਦੇ ਬੱਚਿਆਂ ਦੇ ਨਾਂਅ ਉੱਤੇ ਹੋਣਾ ਸੀ। ਇਸ ਲਈ ਪਟਵਾਰੀ ਪਰਮਜੀਤ ਸਿੰਘ ਤੀਹ ਹਜ਼ਾਰ ਰਿਸ਼ਵਤ ਮੰਗਦਾ ਸੀ। ਉਹ ਪਟਵਾਰੀ ਨੂੰ 10 ਹਜ਼ਾਰ ਪਹਿਲਾਂ ਦੇ ਚੁੱਕਾ ਸੀ। ਮੰਗਲਵਾਰ ਨੂੰ ਵਿਜੀਲੈਂਸ ਦੇ ਕਹਿਣ 'ਤੇ 20 ਹਜ਼ਾਰ ਪਟਵਾਰੀ ਨੂੰ ਦਿੱਤੇ। ਫੜੇ ਜਾਣ ਦੇ ਸ਼ੱਕ 'ਤੇ ਪਟਵਾਰੀ ਪਿਸ਼ਾਬ ਕਰਨ ਦੇ ਬਹਾਨੇ ਕਿਸੇ ਹੋਰ ਦੀ ਸਕੂਟੀ ਲੈ ਕੇ ਦੌੜ ਗਿਆ। ਟੀਮ ਨੇ ਫੜਨ ਦੀ ਕੋਸ਼ਿਸ਼ ਕੀਤੀ, ਪਰ ਸਫਲ ਨਾ ਹੋ ਸਕੇ। ਡੀ ਐੱਸ ਪੀ ਵਿਜੀਲੈਂਸ ਕਪੂਰਥਲਾ ਕੇਵਲ ਕ੍ਰਿਸ਼ਨ ਨੇ ਦੱਸਿਆ ਕਿ ਦੋਸ਼ੀ ਪਟਵਾਰੀ ਪਰਮਜੀਤ 'ਤੇ ਕੇਸ ਦਰਜ ਕਰ ਲਿਆ ਗਿਆ ਹੈ।

## ਗਲਤ ਰਿਪੋਰਟ ਦੇਣ ਵਾਲੀ ਲੈਬ ਨੂੰ 15 ਹਜ਼ਾਰ ਜੁਰਮਾਨਾ

ਹੁਸ਼ਿਆਰਪੁਰ, 23 ਜਨਵਰੀ (ਪੋਸਟ ਬਿਊਰੋ)- ਮੁਕੇਰੀਆਂ ਦੀ ਇੱਕ ਲੈਬ ਨੇ ਮਰੀਜ਼ ਦੀ ਟੈਸਟ ਰਿਪੋਰਟ ਗਲਤ ਜਾਰੀ ਕਰ ਦਿੱਤੀ ਤਾਂ ਪੀੜਤ ਪਰਵਾਰ ਵਿੱਚ ਪ੍ਰੇਸ਼ਾਨੀ ਪੈਦਾ ਹੋ ਗਈ। ਜਦ ਪਰਵਾਰ ਨੇ ਮਰੀਜ਼ ਦੇ ਮੁਕੇਰੀਆਂ ਦੀ ਇੱਕ ਹੋਰ ਲੈਬ ਵਿੱਚ ਟੈਸਟ ਕਰਵਾਏ ਤਾਂ ਨਾਰਮਲ ਆਏ। ਇਸ ਦੇ ਬਾਅਦ ਮਰੀਜ਼ ਦੇ ਪਰਵਾਰ ਨੇ ਲੈਬ ਮਾਲਕ ਦੇ ਖਿਲਾਫ ਕੰਜ਼ਿਊਮਰ ਫੋਰਮ ਵਿੱਚ ਸ਼ਿਕਾਇਤ ਕੀਤੀ, ਜਿਸ ਕਾਰਨ ਲੈਬ ਮਾਲਕ ਨੂੰ ਫੋਰਮ ਨੇ ਜੁਰਮਾਨਾ ਕੀਤਾ ਹੈ। ਗੁਲਵੰਤ ਸਿੰਘ ਰਾਣਾ ਨੇ ਦੱਸਿਆ ਕਿ 2018 ਵਿੱਚ ਉਸ ਦੀ ਪਤਨੀ ਨੀਨਾ ਕੁਮਾਰੀ ਬੀਮਾਰ ਪੈ ਗਈ। ਇਸ ਦੇ ਬਾਅਦ ਡਾਕਟਰ ਨੇ ਕੁਝ ਲੀਵਰ ਦੇ ਟੈਸਟ ਕਰਾਉਣ ਨੂੰ ਕਿਹਾ। ਉਨ੍ਹਾਂ ਨੇ ਸਿਵਲ ਹਸਪਤਾਲ ਦੇ ਸਾਹਮਣੇ ਪੈਂਦੀ ਬਲਬੀਰ ਕਲੀਨੀਕਲ ਲੈਬ ਵਿੱਚ ਦੋ ਜਨਵਰੀ 2018 ਨੂੰ ਟੈਸਟ ਕਰਵਾਏ। ਇਸ ਦੀ ਰਿਪੋਰਟ ਵਿੱਚ ਲੀਵਰ ਵਿੱਚ ਬਿਮਾਰੀ ਬਹੁਤ ਵਧੀ ਹੋਈ ਦੱਸੀ ਗਈ। ਉਨ੍ਹਾਂ ਨੇ ਛੇ ਜਨਵਰੀ 2018 ਨੂੰ ਨੀਨਾ ਨੂੰ ਸਿਵਲ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ। ਇਸ ਦੌਰਾਨ ਉਨ੍ਹਾਂ ਨੇ ਇੱਕ ਦੂਸਰੀ ਲੈਬ ਤੋਂ ਵੀ ਟੈਸਟ ਕਰਾਉਣ ਦੀ ਸੋਚੀ। ਟੈਸਟ ਕਰਵਾਇਆ ਤਾਂ ਰਿਪੋਰਟ ਨਾਰਮਲ ਆਈ। ਗੁਲਵੰਤ ਨੇ ਦੱਸਿਆ ਕਿ ਉਨ੍ਹਾਂ ਨੇ ਫੋਰਮ ਵਿੱਚ ਸ਼ਿਕਾਇਤ ਦਰਜ ਕਰਵਾਈ ਅਤੇ ਇੱਕ ਲੱਖ ਰੁਪਏ ਦਾ ਮੁਆਵਜ਼ਾ ਉਸ ਲੈਬ ਦੇ ਮਾਲਕ ਨੂੰ ਅਦਾ ਕਰਨ ਦੀ ਮੰਗ ਕੀਤੀ।

## ਕਰਤਾਰਪੁਰ ਥਾਣੇ ਦੇ ਮਾਲਖਾਨੇ 'ਚੋਂ 32 ਬੋਰ ਦਾ ਰਿਵਾਲਵਰ ਚੋਰੀ

ਜਲੰਧਰ, 23 ਜਨਵਰੀ (ਪੋਸਟ ਬਿਊਰੋ)- ਥਾਣਾ ਕਰਤਾਰਪੁਰ ਦੇ ਮਾਲਖਾਨੇ 'ਚੋਂ ਚੋਣਾਂ ਦੌਰਾਨ ਜਮ੍ਹਾ ਕਰਾਇਆ 32 ਬੋਰ ਦਾ ਰਿਵਾਲਵਰ ਚੋਰੀ ਹੋ ਗਿਆ। ਇਸ ਥਾਣੇ ਦੇ ਮੁਨਸ਼ੀ ਕੁਲਵਿੰਦਰ ਸਿੰਘ ਖਿਲਾਫ ਕੇਸ ਦਰਜ ਕਰ ਲਿਆ ਹੈ, ਪਰ ਉਹ ਫਰਾਰ ਦੱਸਿਆ ਜਾ ਰਿਹਾ ਹੈ, ਜਿਸ ਦੀ ਤਲਾਸ਼ ਵਿੱਚ ਛਾਪੇਮਾਰੀ ਜਾਰੀ ਹੈ। ਕਰਤਾਰ-ਪੁਰ ਦੇ ਬਲਬੀਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਪੰਚਾਇਤੀ ਚੋਣਾਂ ਦੌਰਾਨ ਉਸ ਨੇ ਥਾਣੇ ਵਿੱਚ ਆਪਣੇ ਹਥਿਆਰ 12 ਬੋਰ ਦੀ ਗੰਨ ਅਤੇ 32 ਬੋਰ ਦਾ ਰਿਵਾਲਵਰ ਜਮ੍ਹਾ ਕਰਾਏ ਸਨ। ਉਸ ਦੇ ਅਨੁਸਾਰ ਚੋਣਾਂ ਖਤਮ ਹੋਣ ਪਿੱਛੋਂ ਜਦ ਉਹ ਥਾਣੇ ਵਿੱਚ ਰੱਖੇ ਹਥਿਆਰ ਲੈਣ ਗਿਆ ਤਾਂ ਮੁਨਸ਼ੀ ਕੁਲਵਿੰਦਰ ਸਿੰਘ ਨੇ ਉਸ ਨੂੰ 12 ਬੋਰ ਦੀ ਗੰਨ ਦੇ ਦਿੱਤੀ, ਪਰ 32 ਬੋਰ ਦਾ ਰਿਵਾਲਵਰ ਨਹੀਂ ਮਿਲਿਆ। ਮੁਨਸ਼ੀ ਨੇ ਬਲਵੀਰ ਸਿੰਘ ਨੂੰ ਕਿਹਾ ਕਿ ਤੁਹਾਡਾ ਰਿਵਾਲਵਰ ਮਾਲਖਾਨੇ ਵਿੱਚ ਕਿਤੇ ਇਧਰ-ਉਧਰ ਰੱਖਿਆ ਗਿਆ ਹੈ ਜਿਸ ਨੂੰ ਲੱਭਣ ਨੂੰ ਸਮਾਂ ਲੱਗ ਸਕਦਾ ਹੈ। ਉਹ ਕੁਝ ਦਿਨ ਬਾਅਦ ਆਉਣ ਤਾਂ ਉਹ ਰਿਵਾਲਵਰ ਲੱਭ ਕੇ ਰੱਖੇਗਾ। ਬਲਬੀਰ ਸਿੰਘ ਦੇ ਅਨੁਸਾਰ ਜਦ ਉਹ ਕੁਝ ਦਿਨਾਂ ਬਾਅਦ ਆਪਣਾ ਰਿਵਾਲਵਰ ਲੈਣ ਗਿਆ ਤਾਂ ਮੁਨਸ਼ੀ ਕੁਲਵਿੰਦਰ ਸਿੰਘ ਨੇ ਉਸ ਨੂੰ ਟਾਲਦੇ ਹੋਏ ਰਿਵਾਲਵਰ ਨਾ ਮਿਲਣ ਦੀ ਗੱਲ ਕਹੀ। ਸ਼ਿਕਾਇਤ ਕਰਤਾ ਬਲਬੀਰ ਸਿੰਘ ਦੇ ਅਨੁਸਾਰ ਵਾਰ ਵਾਰ ਥਾਣੇ ਜਾਣ ਦੇ ਬਾਵਜੂਦ ਉਸ ਨੂੰ ਜਦ ਰਿਵਾਲਵਰ ਨਾ ਮਿਲਿਆ ਤਾਂ ਉਹ ਥਾਣਾ ਇੰਚਾਰਜ ਪੁਸ਼ਪ ਬਾਲੀ ਕੋਲ ਸ਼ਿਕਾਇਤ ਲੈ ਕੇ ਗਿਆ। ਇਸ ਮਾਮਲੇ ਦੀ ਜਾਂਚ ਕਰਦੇ ਹੋਏ ਥਾਣਾ ਇੰਚਾਰਜ ਨੇ ਜਦ ਮੁਨਸ਼ੀ ਕੁਲਵਿੰਦਰ ਸਿੰਘ ਤੋਂ ਇਸ ਕੇਸ ਵਿੱਚ ਮੁਨਸ਼ੀ ਤੋਂ ਪੁਛਗਿੱਛ ਕੀਤੀ ਤਾਂ ਉਸ ਨੇ ਤਸੱਲੀ ਬਖ਼ਸ਼ ਉੱਤਰ ਨਹੀਂ ਦਿੱਤਾ। ਜਦ ਮਾਲਖਾਨੇ ਦਾ ਰਜਿਸਟਰ ਚੈੱਕ ਕੀਤਾ ਤਾਂ ਉਸ ਵਿੱਚ ਕਈ ਖ਼ਾਮੀਆਂ ਸਨ। ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਮੁਨਸ਼ੀ ਕੁਲਵਿੰਦਰ ਸਿੰਘ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ।

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋਂ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
IMMIGRATION SERVICES
✲ Visitor Visa
✲ Super Visa
✲ Study,Work,Visitor Extension Visa
✲ Spousal Applications
✲ Family Sponsorship
✲ Permanent Residence Card Renewal
✲ Citizenship Application
✲ All Invitation Letters
OTHER PRACTICES
✲ Criminal Law
✲ Family Law
✲ Power of Attorney
✲ Change of Name
✲ Notarization
✲ Travel Consent
✲ Affidavit
✲ Landlord and Tenant Matters
AVTAR UPPAL
Manager
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜ਼ਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਵਰੁਣ ਧਵਨ ਬਣੇ ‘ਮਿਸਟਰ ਲੇਲੇ’



ਇੱਕ ਪਾਸੇ ਵਰੁਣ ਧਵਨ ਆਪਣੀ ਆਉਣ ਵਾਲੀ ਫਿਲਮ ‘ਸਟਰੀਟ ਡਾਂਸਰ 3ਡੀ’ ਦੇ ਪ੍ਰਮੋਸ਼ਨ ਵਿੱਚ ਬਿਜ਼ੀ ਹਨ, ਦੂਸਰੇ ਪਾਸੇ ਉਨ੍ਹਾਂ ਨੇ ਆਪਣੀ ਇੱਕ ਹੋਰ ਫਿਲਮ ਦਾ ਐਲਾਨ ਕਰ ਦਿੱਤਾ ਹੈ। ਫਿਲਮ ਦਾ ਨਾਂਅ ਜਿੰਨਾ ਮਜ਼ੇਦਾਰ ਹੈ, ਓਨਾ ਹੀ ਦਿਲਚ-ਸਪ ਹੈ ਉਸ ਦਾ ਪੋਸਟਰ। ਫਿਲਮ ਦਾ ਨਾਂਅ ਹੈ ‘ਮਿਸਟਰ ਲੇਲੇ’। ਪੋਸਟਰ 'ਤੇ ਵਰੁਣ ਟਾਪਲੈੱਸ ਹੋ ਕੇ ਹੈਂਡਸ-ਅਪ ਕਰ ਕੇ ਖੜ੍ਹੇ ਹਨ, ਉਨ੍ਹਾਂ ਦੀਆਂ ਉਂਗਲੀਆਂ ਵਿੱਚ ਬੰਦੂਕ ਲਟਕੀ ਹੋਈ ਹੈ। ਫਿਲਮ ਦਾ ਨਿਰਮਾਣ ਕਰਣ ਜੌਹਰ ਦੀ ਕੰਪਨੀ ਧਰਮਾ ਪ੍ਰੋਡਕਸ਼ਨ ਕਰ ਰਹੀ ਹੈ। ਇਸ ਦਾ ਨਿਰਦੇਸ਼ਨ ਸ਼ਸ਼ਾਂਕ ਖੇਤਾਨ ਕਰਨਗੇ। ਸ਼ਸ਼ਾਂਕ ਇਸ ਤੋਂ ਪਹਿਲਾਂ ਵਰਣ ਨੂੰ ‘ਹੰਪਟੀ ਸ਼ਰਮਾ ਕੀ ਦੁਲਹਨੀਆਂ’ ਅਤੇ ‘ਬਦਰੀਨਾਥ ਕੀ ਦੁਲਹਨੀਆਂ’ ਵਰਗੀਆਂ ਕਾਮੇਡੀ ਫਿਲਮਾਂ ਵਿੱਚ ਨਿਰਦੇਸ਼ਿਤ ਕਰ ਚੁੱਕੇ ਹਨ। ਸੋਸ਼ਲ ਮੀਡੀਆ 'ਤੇ ਪੋਸਟਰ ਸਾਂਝਾ ਕਰਦੇ ਹੋਏ ਵਰੁਣ ਨੇ ਲਿਖਿਆ, ‘‘ਮਿਸਟਰ ਲੇਲੇ ਮਜ਼ਾ ਲੇਲੇ’। ਕਰਣ ਜੌਹਰ, ਕ੍ਰਿਪਾ ਮੁਆਫ ਕਰਨਾ। ਸ਼ਸ਼ਾਂਕ ਖੇਤਾਨ, ਚਲੋ...ਘਰ ਵਾਪਸੀ।' ਇਹ ਕਾਮੇਡੀ ਫਿਲਮ ਅਗਲੇ ਸਾਲ ਇੱਕ ਜਨਵਰੀ ਨੂੰ ਰਿਲੀਜ਼ ਹੋਵੇਗੀ। ਅਭਿਨੇਤਰੀ ਦੇ ਬਾਰੇ ਵਿੱਚ ਅਜੇ ਖੁਲਾਸਾ ਨਹੀਂ ਹੋਇਆ ਹੈ। ਇਸ ਦੇ ਇਲਾਵਾ ਵਰੁਣ ਫਿਲਮ ‘ਕੁਲੀ ਨੰਬਰ 1’ ਵਿੱਚ ਨਜ਼ਰ ਆਉਣਗੇ।

# ‘ਬੈੱਲ ਬਾਟਮ’ ਵਿੱਚ ਅਕਸ਼ੈ ਨਾਲ ਕੰਮ ਕਰੇਗੀ ਮ੍ਰਿਣਾਲ



ਬਾਲੀਵੁੱਡ ਅਦਾਕਾਰਾ ਮ੍ਰਿਣਾਲ ਠਾਕੁਰ ਫਿਲਮ ‘ਬੈੱਲ ਬਾਟਮ’ ਵਿੱਚ ਅਕਸ਼ੈ ਕੁਮਾਰ ਨਾਲ ਕੰਮ ਕਰਦੀ ਨਜ਼ਰ ਆ ਸਕਦੀ ਹੈ। ਪਿਛਲੇ ਸਾਲ ਅਕਸ਼ੈ ਕੁਮਾਰ ਨੇ ਆਪਣੀ ਫਿਲਮ ‘ਬੈੱਲ ਬਾਟਮ’ ਦਾ ਐਲਾਨ ਕੀਤਾ ਸੀ। ਇਹ ਇੱਕ ਪੀਰੀਅਡ ਫਿਲਮ ਹੈ, ਜਿਸ ਵਿੱਚ ਅਕਸ਼ੈ ਇੱਕ ਜਾਸੂਸ ਦੇ ਰੋਲ ਵਿੱਚ ਦਿਸੇਗਾ। ਇਸ ਫਿਲਮ ਵਿੱਚ ਅਕਸ਼ੈ ਦੀ ਲੀਡਿੰਗ ਲੇਡੀ ਬਾਰੇ ਖਬਰ ਆ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਫਿਲਮ ਨਿਰਦੇਸ਼ਕ ਨਿਖਿਲ ਅਡਵਾਨੀ ਇਸ ਫਿਲਮ 'ਚ ਮ੍ਰਿਣਾਲ ਠਾਕੁਰ ਨੂੰ ਸਾਈਨ ਕਰਨ ਲਈ ਤਿਆਰ ਹੈ। ਨਿਖਿਲ ਅਡਵਾਨੀ ਨੂੰ ਲੱਗਦਾ ਹੈ ਕਿ ਮ੍ਰਿਣਾਲ ਠਾਕੁਰ ਇਸ ਫਿਲਮ ਲਈ ਇਕਦਮ ਫਿੱਟ ਹੈ। ਇਸ ਸਾਲ ਮ੍ਰਿਣਾਲ ਸ਼ਾਹਿਦ ਕਪੂਰ ਨਾਲ ਫਿਲਮ ‘ਜਰਸੀ’ ਵਿੱਚ ਦਿਸੇਗੀ, ਜਿਸ ਦੀ ਸ਼ੂਟਿੰਗ ਚੱਲ ਰਹੀ ਹੈ।

# ਫਿਲਮ ‘ਮਿਮੀ’ ਦੇ ਫੈਟ ਲੁਕ ਲਈ 15 ਕਿਲੋ ਵਜ਼ਨ ਵਧਾਏਗੀ ਕ੍ਰਿਤੀ ਸਨਨ



ਕ੍ਰਿਤੀ ਸਨਨ ਆਪਣੇ ਕਰੀਅਰ ਵਿੱਚ ਪਹਿਲੀ ਵਾਰ ਲੀਕ ਤੋਂ ਹਟ ਕੇ ਰੋਲ ਕਰਨ ਵਾਲੀ ਹੈ। ਹਮੇਸ਼ਾ ਪਤਲੀ ਲੁਕ ਵਿੱਚ ਨਜ਼ਰ ਆਉਣ ਵਾਲੀ ਕ੍ਰਿਤੀ ਆਪਣੀ ਅਗਲੀ ਫਿਲਮ ‘ਮਿਮੀ’ ਦੇ ਲਈ 15 ਕਿਲੋ ਵਜ਼ਨ ਵਧਾ ਰਹੀ ਹੈ। ਉਹ ਇਸ ਵਿੱਚ ਸਰੋਗੇਟ ਮਦਰ ਦੇ ਰੋਲ ਵਿੱਚ ਨਜ਼ਰ ਆਏਗੀ। ਇਸ ਦੇ ਲੀਨ ਫਿਗਰ ਵਿੱਚ ਨਜ਼ਰ ਆਉਣ ਵਾਲੀ ਕ੍ਰਿਥਤੀ ਦੇ ਫੈਂਸ ਦੇ ਲਈ ਉਨ੍ਹਾਂ ਦਾ ਇਹ ਟ੍ਰਾਂਸਫਰਮੇਸ਼ਨ ਦੇਖਣ ਲਾਇਕ ਹੋਵੇਗੀ।

ਸਰੋਗੇਸੀ 'ਤੇ ਆਧਾਰਤ ਇਸ ਫਿਲਮ ਬਾਰੇ ਕ੍ਰਿਤੀ ਕਹਿੰਦੀ ਹੈ, ਮੇਰੇ ਲਈ ਇੰਨੇ ਕਿਲੋ ਵਜ਼ਨ ਵਧਾਉਣਾ ਅਸਲ ਵਿੱਚ ਇੱਕ ਚੁਣੌਤੀ ਹੈ ਕਿਉਂਕਿ ਇਹ ਮੇਰੇ ਸਰੀਰ ਲਈ ਕੁਝ ਨਵਾਂ ਹੈ। ਉਂਜ ਇਸ ਬਦਲਾਅ ਲਈ ਮੈਂ ਉਤਸ਼ਾਹਤ ਹਾਂ। ਇਹ ਕਿਰਦਾਰ ਮੇਰੇ ਦਿਲ ਦੇ ਬਹੁਤ ਨੇੜੇ ਹੈ ਅਤੇ ਮੈਂ ਇਸ ਨੂੰ ਸਭ ਕੁਝ ਦੇਣਾ ਚਾਹੁੰਦੀ ਹਾਂ, ਬੇਸ਼ੱਕ ਇਸ ਦਾ ਮਤਲਬ ਇਹ ਹੋਵੇ ਕਿ ਮੈਂ ਇਸ ਦੌਰਾਨ ਕੋਈ ਹੋਰ ਕੰਮ ਨਾ ਕਰਾਂ। ਸੂਤਰਾਂ ਮੁਤਾਬਕ ਇਸ ਕਿਰਦਾਰ ਦੀ ਤਿਆਰੀ ਲਈ ਕ੍ਰਿਤੀ ਨੇ ਹੈਵੀ ਡਾਈਟ ਲੈਣੀ ਸ਼ੁਰੂ ਕਰ ਦਿੱਤੀ ਹੈ। ਆਪਣੀ ਡਾਈਟ ਵਿੱਚ ਵਜ਼ਨ ਵਧਾਉਣ ਲਈ ਜ਼ਿਆਦਾ ਮਾਤਰਾ ਵਿੱਚ ਕਾਰਬ ਤੇ ਫੈਟ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ। ਇਸ ਖਾਣੇ ਵਿੱਚ ਪਨੀਰ, ਮਠਿਆਈ, ਘਿਓ, ਜੰਕ ਫੂਡ, ਤਲੀਆਂ ਹੋਈਆਂ ਚੀਜ਼ਾਂ, ਆਲੂ ਅਤੇ ਸ਼ਕਰਕੰਦ ਸ਼ਾਮਲ ਹਨ। ਕਦੇ ਡਾਈਟ 'ਤੇ ਰਹੀ ਕ੍ਰਿਤੀ ਨੂੰ ਅੱਜਕੱਲ੍ਹ ਇਸ ਕਿਰਦਾਰ ਲਈ ਸਭ ਕੁਝ ਖਾਣ ਦੀ ਇਜਾਜ਼ਤ ਹੈ। ਉਨ੍ਹਾਂ ਨੂੰ 15 ਕਿਲੋ ਭਾਰ ਵਧਾਉਣ ਦੇ ਲਈ ਕੁਝ ਮਹੀਨਿਆਂ ਤੱਕ ਜ਼ਿਆਦਾ ਖਾਣਾ ਅਤੇ ਵੱਧ ਕੈਲੋਰੀ ਦੀ ਵਰਤੋਂ ਕਰਨੀ ਹੈ। ਕਦੇ ਕਦੇ ਤਾਂ ਉਸ ਨੂੰ ਉਦੋਂ ਵੀ ਖਾਣਾ ਪਿਆ, ਜਦ ਉਸ ਨੂੰ ਭੁੱਖ ਵੀ ਨਹੀਂ ਸੀ।

# ਅਨੁਸ਼ਕਾ ਨੇ ਸ਼ੁਰੂ ਕੀਤੀ ਝੂਲਨ ਗੋਸਵਾਮੀ ਬਾਇਓਪਿਕ ਦੀ ਸ਼ੂਟਿੰਗ



ਦਸੰਬਰ 2018 ਵਿੱਚ ਆਈ ਫਿਲਮ ‘ਜੀਰੋ’ ਦੇ ਬਾਅਦ ਅਨੁਸ਼ਕਾ ਕਿਸੇ ਫਿਲਮ ਵਿੱਚ ਨਜ਼ਰ ਨਹੀਂ ਆਈ। ਉਸ ਦੇ ਫੈਨਸ ਲੰਬੇ ਸਮੇਂ ਤੋਂ ਉਸ ਦੀ ਵਾਪਸੀ ਦੀ ਉਡੀਕ ਕਰ ਰਹੇ ਹਨ। ਛੇਤੀ ਹੀ ਇਹ ਇੰਤਜ਼ਾਰ ਖਤਮ ਹੋਣ ਵਾਲਾ ਹੈ। ਅਨੁਸ਼ਕਾ ਜਲਦੀ ਹੀ ਸਪੋਰਟਸ ਬਾਇਓਪਿਕ ਵਿੱਚ ਨਜ਼ਰ ਆਏਗੀ। ਇਹ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਸਾਬਕਾ ਕਪਤਾਨ ਝੂਲਨ ਗੋਸਵਮੀ ਦੇ ਜੀਵਨ 'ਤੇ ਆਧਾਰਤ ਹੈ, ਜਿਸ ਦੀ ਭੂਮਿਕਾ ਅਨੁਸ਼ਕਾ ਕਰੇਗੀ। ਕ੍ਰਿਕਟਰ ਪਤੀ ਵਿਰਾਟ ਕੋਹਲੀ ਦੀ ਵਜ੍ਹਾ ਨਾਲ ਅਨੁਸ਼ਕਾ ਦੇ ਲਈ ਕ੍ਰਿਕਟ ਦੀਆਂ ਬਰੀਕੀਆਂ ਸਮਝਣਾ ਮੁਸ਼ਕਲ ਨਹੀਂ ਹੋਵੇਗਾ।

ਖਬਰ ਹੈ ਕਿ ਕੋਲਕਾਤਾ ਦੇ ਈਡਨ ਗਾਰਡਨ ਵਿੱਚ ਅਨੁਸ਼ਕਾ ਨੇ ਫਿਲਮ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਉਹ ਝੂਲਨ ਦੀ ਹੇਅਰਸਟਾਈਲ ਵਿੱਚ ਨਜ਼ਰ ਆਈ। ਸ਼ੂਟਿੰਗ ਦੇ ਪਹਿਲੇ ਦਿਨ ਝੂਲਨ ਵੀ ਸੈਟ ਉਤੇ ਸੀ, ਜੋ ਉਨ੍ਹਾਂ ਨੂੰ ਖੇਡ ਬਰੀਕੀਆਂ ਦੱਸ ਰਹੀ ਸੀ। ਅਨੁਸ਼ਕਾ ਭਾਰਤੀ ਕ੍ਰਿਕਟਰ ਜੇਮਿਮਾਹ ਰਾਡਰਿਗਸ ਦੇ ਪਿਤਾ ਇਵਾਨ ਰੋਡਰਿਗਸ ਅਤੇ ਭਾਰਤੀ ਕ੍ਰਿਕਟ ਟੀਮ ਦੇ ਕੋਚ ਪ੍ਰਸ਼ਾਂਤ ਸ਼ੈੱਟੀ ਤੋਂ ਟਰੇਨਿੰਗ ਲੈ ਰਹੀ ਹੈ।

ਝੂਲਨ ਗੋਸਵਾਮੀ ਨੇ 2002 ਵਿੱਚ ਕ੍ਰਿਕਟ ਖੇਡ ਦਾ ਕਰੀਅਰ ਸ਼ੁਰੂ ਕੀਤਾ ਸੀ ਅਤੇ ਉਹ ਭਾਰਤੀ ਟੀਮ ਦੇ ਸਰਵ ਸ੍ਰੇਸ਼ਟ ਗੇਂਦਬਾਜ਼ਾਂ ਵਿੱਚੋਂ ਇੱਕ ਬਣ ਕੇ ਉਭਰੀ ਹੈ। ਝੂਲਨ ਨੇ ਆਪਣੇ ਲੰਬੇ ਕਰੀਅਰ ਵਿੱਚ ਕਈ ਰਿਕਾਰਡ ਆਪਣੇ ਨਾਂਅ ਕੀਤੇ ਹਨ। ਉਨ੍ਹਾਂ ਨੇ ਦਸ ਟੈਸਟ ਮੈਚਾਂ ਵਿੱਚ 16.62 ਦੇ ਔਸਤ ਨਾਲ ਚਾਲੀ ਵਿਕਟਾਂ ਆਪਣੇ ਨਾਂਅ ਕੀਤੀਆਂ ਹਨ। ਉਥੇ ਹੀ ਵਨ ਡੇ ਵਿੱਚ ਉਨ੍ਹਾਂ ਨੇ 250 ਵਿਕਟਾਂ ਲਈਆਂ ਹਨ। 2018 ਵਿੱਚ ਅਨੁਸ਼ਕਾ ਦੀ ‘ਪਰੀ’, ‘ਸੰਜੂ’, ‘ਸੂਈ ਧਾਗਾ’ ਅਤੇ ‘ਜੀਰੋ’ ਫਿਲਮਾਂ ਆਈਆਂ ਸੰਨ।


**CELLNTELL DISTRIBUTION INC**
**1-401 Traders Blvd E, Mississauga. ON**

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $57 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।
FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।
SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਹੁਣ ਕਿੱਥੇ ਰਹੀ ਅੱਲ੍ਹੜ ਉਮਰ ਵਾਲੀ ਉਹ 'ਦੀਵਾਨਗੀ'

-ਕਰਣ ਥਾਪਰ

ਪੁਰਾਣੇ ਜ਼ਮਾਨੇ 'ਚ ਇੱਕ ਗੀਤ ਚੱਲਦਾ ਸੀ੍ਵਇ ਸਿ ਨਿ ਟਹਇ ਅਰਿ, ਪਰ ਮੈਨੂੰ ਲੱਗਦਾ ਹੈ ਕਿ ਸਾਡੇ ਦੇਸ਼ 'ਚ ਅਜਿਹੀ ਸਥਿਤੀ ਨਹੀਂ ਹੈ। ਅਸੀਂ ਬੇਸ਼ੱਕ 'ਕਾਮਸੂਤਰ' ਦੇ ਯੁੱਗ ਵਿੱਚ ਪ੍ਰੇਮ ਲੀਲਾ ਦੀ ਕਲਾ ਵਿੱਚ ਕਿੰਨੀ ਵੀ ਮੁਹਾਰਤ ਹਾਸਲ ਕਿਉਂ ਨਾ ਕੀਤੀ ਹੋਵੇ, ਪਰ ਹੁਣ ਉਹ ਪ੍ਰਾਪਤੀਆਂ ਅਤੀਤ ਦਾ ਹਿੱਸਾ ਬਣ ਕੇ ਰਹਿ ਗਈਆਂ ਹਨ। ਅੱਜਕੱਲ੍ਹ ਅਸੀਂ ਲਵ ਜੇਹਾਦ ਦਾ ਰੌਲਾ ਸੁਣਦੇ ਹਾਂ ਅਤੇ ਯੋਗੀ ਜੀ ਮਹਾਰਾਜ, ਭਾਵ ਯੋਗੀ ਆਦਿੱਤਿਆਨਾਥ ਦੇ ਐਂਟੀ ਰੋਮੀਓ ਦਸਤਿਆਂ ਨੇ ਰੋਮਾਂਸ ਦਾ ਸਾਰਾ ਜੋਸ਼ ਠੰਢਾ ਕਰ ਕੇ ਰੱਖ ਦਿੱਤਾ ਹੈ ਜਾਂ ਦਬਾ ਹੀ ਦਿੱਤਾ ਹੈ। ਭਾਰਤੀ ਜੂਲੀਅਟਸ (ਪੰਜਾਬੀਆਂ ਦੀਆਂ ਹੀਰਾਂ) ਹੋ ਸਕਦਾ ਹੈ ਆਪਣੇ ਰੋਮੀਓ ਦੇ ਵਿਛੋੜੇ ਵਿੱਚ ਕਰੁਲਾਉਂਦੀਆਂ ਹੋਣ ਕਿ 'ਰੋਮੀਓ ਓ ਰੋਮੀਓ! ਤਸੀਂ ਕਿੱਥੇ ਗੁਆਚ ਗਏ?' ਮੈਨੂੰ ਨਹੀਂ ਲੱਗਾ ਕਿ ਉਨ੍ਹਾਂ ਦੀ ਦੁਹਾਈ ਸੁਣ ਕੇ ਕੋਈ ਰੋਮੀਓ ਪ੍ਰਗਟ ਹੋਵੇਗਾ। ਇਸ਼ਕ-ਮੁਹੱਬਤ ਦੀ ਜਗ੍ਹਾ ਹੁਣ ਡਰ ਨੇ ਲੈ ਲਈ ਹੈ। ਅਕਲਮੰਦ ਰੋਮੀਓ ਤਾਂ ਘਰ 'ਚ ਮੰਮੀ ਦੀਆਂ ਅੱਖਾਂ ਸਾਹਮਣੇ ਹੀ ਰਹਿਣਾ ਪਸੰਦ ਕਰੇਗਾ।

ਜ਼ਰਾ ਇਨ੍ਹਾਂ ਪ੍ਰੇਸ਼ਾਨ ਕਰਨ ਵਾਲੇ ਤੱਥਾਂ 'ਤੇ ਨਜ਼ਰ ਮਾਰੋ: ਯੋਗੀ ਜੀ ਦੇ ਐਂਟੀ ਰੋਮੀਓ ਦਸਤਿਆਂ ਨੇ ਹੁਣ ਤੱਕ 21,37,520 ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਹੈ, ਜਿਨ੍ਹਾਂ ਵਿੱਚੋਂ 9,33,099 ਨੂੰ ਚਿਤਾਵਨੀ ਦਿੱਤੀ ਗਈ ਹੈ, ਜਦ ਕਿ 3003 ਦੇ ਵਿਰੁੱਧ 1706 ਸ਼ਿਕਾਇਤਾਂ (ਐੱਫ ਆਰ ਆਰ) ਦਰਜ ਕਰਾਈਆਂ ਗਈਆਂ ਹਨ। ਇਹ ਸ਼ਿਕਾਇਤਾਂ 22 ਮਾਰਚ ਤੋਂ 15 ਦਸੰਬਰ 2017 ਤੱਕ ਦਰਜ ਹੋਈਆਂ ਹਨ, ਭਾਵ ਔਸਤਨ ਰੋਜ਼ਾਨਾ ਛੇ ਐੱਫ ਆਈ ਆਰ। ਐਂਟੀ ਰੋਮੀਓ ਦਸਤੇ ਵਿੱਚ ਇੱਕ ਸਬ ਇੰਸਪੈਕਟਰ ਅਤੇ ਦੋ ਕਾਂਸਟੇਬਲ ਹੁੰਦੇ ਹਨ, ਜਿਹੜੇ ਯੂ ਪੀ ਦੀਆਂ ਯੂਨੀਵਰਸਿਟੀਆਂ, ਕਾਲਜਾਂ, ਸਿਨੇਮਾਘਰਾਂ, ਪਾਰਕਾਂ ਅਤੇ ਹੋਰ ਜਨਤਕ ਥਾਵਾਂ ਦੇ ਗੇੜੇ ਮਾਰਦੇ ਰਹਿੰਦੇ ਹਨ। ਨਤੀਜਾ ਇਹ ਨਿਕਲਿਆ ਹੈ ਕਿ ਘੱਟੋ-ਘੱਟ ਯੂ ਪੀ ਵਿੱਚ ਕੋਈ ਅਜਿਹੀ ਜਗ੍ਹਾ ਨਹੀਂ ਬਚੀ, ਜਿੱਥੇ 'ਦੋ ਦੀਵਾਨੇ' ਇੱਕ ਦੂਜੇ ਦਾ ਹੱਥ ਫੜ ਕੇ ਟਹਿਲ ਸਕਣ। ਅੱਲ੍ਹੜ ਅਵਸਥਾ ਦੇ ਵੇਗ 'ਤੇ ਇੱਕ ਤਰ੍ਹਾਂ ਨਾਲ ਸਖਤ ਪਹਿਰਾ ਲੱਗ ਗਿਆ ਹੈ।

ਇਸ ਦੇ ਉਲਟ ਮੈਨੂੰ ਹੁਣ ਤੱਕ ਉਹ ਦਿਨ ਚੇਤੇ ਹਨ, ਜਦੋਂ ਵੈਲੇਨਟਾਈਨ ਡੇ ਦੇ ਮੌਕੇ ਪਹਿਲੀ ਵਾਰ ਮੈਨੂੰ ਇੱਕ ਲਾਲ ਸੁਰਖ ਗੁਲਾਬ ਦਾ ਫੁੱਲ ਭੇਟ ਕੀਤਾ ਗਿਆ ਸੀ। ਇਹ 30 ਸਾਲ ਪੁਰਾਣੀ ਗੱਲ ਹੈ। ਉਨ੍ਹਾਂ ਦਿਨੀਂ ਮੈਂ ਲੰਡਨ ਦੇ ਵੀਕਐਂਡ ਟੀ ਵੀ ਦਾ ਪ੍ਰੋਡਿਊਸਰ ਹੁੰਦਾ ਸੀ। ਦੁਪਹਿਰ ਨੂੰ ਫੋਨ ਵੱਜਿਆ, ਜੋ ਮੰਜ਼ਿਲ ਹੇਠਾਂ ਬਣੀ ਰਿਸੈਪਸ਼ਨ ਤੋਂ ਆਇਆ ਸੀ। ਫੋਨ ਸੁਣਿਆ ਤਾਂ ਆਵਾਜ਼ ਆਈ, ''ਕਰਣ, ਤੁਸੀਂ ਇਸ ਗੱਲ 'ਤੇ ਭਰੋਸਾ ਨਹੀਂ ਕਰੋਗੇ, ਪਰ ਅੱਜ ਤੁਹਾਡੇ ਲਈ ਖਾਸ ਤੌਰ 'ਤੇ ਵੈਲੇਨਟਾਈਨ ਗੁਲਾਬ ਆਇਆ ਹੈ।''

ਕੁਝ ਮਿੰਟਾਂ ਬਾਅਦ ਰਿਸੈਪਸ਼ਨ ਤੋਂ ਇੱਕ ਚਹਿਕਦੀ ਹੋਈ ਔਰਤ ਮੇਰੇ ਕਮਰੇ ਵਿੱਚ ਦਾਖਲ ਹੋਈ। ਉਸ ਦੇ ਅੱਗੇ ਵਧੇ ਹੋਏ ਸੱਜੇ ਹੱਥ ਵਿੱਚ ਸਿਰਫ ਇੱਕ ਗੁਲਾਬ ਫੜਿਆ ਹੋਇਆ ਸੀ ਤੇ ਨਾਲ ਛੋਟਾ ਜਿਹਾ ਕਾਰਡ ਲਟਕ ਰਿਹਾ ਸੀ, ਜਿਸ 'ਤੇ ਲਿਖਿਆ ਹੋਇਆ ਸੀ, ''ਬੁੱਝੋ, ਕਿਸ ਨੇ ਭੇਜਿਆ ਹੈ?''

ਮੇਰੇ ਦਿਮਾਗ ਵਿੱਚ ਅਜਿਹਾ ਕੋਈ ਵਿਚਾਰ ਨਹੀਂ ਆ ਰਿਹਾ ਸੀ, ਜਿਸ ਤੋਂ ਪਤਾ ਲੱਗਦਾ ਕਿ ਫੁੱਲ ਕਿੱਥੋਂ ਤੋੜਿਆ ਹੈ। ਇਸੇ ਕਾਰਨ ਇਹ ਪ੍ਰਸੰਗ ਉਤਸੁਕਤਾ ਭਰਿਆ ਸੀ। ਮੈਂ ਮਨ ਹੀ ਮਨ ਖੁਦ ਨੂੰ ਕਿਹਾ ਕਿ ਮੇਰਾ ਕੋਈ ਅਣਪਛਾਤਾ ਪ੍ਰਸ਼ੰਸਕ ਹੈ। ਮੇਰੇ ਸਾਥੀ ਮੁਲਾਜ਼ਮਾਂ ਨੇ ਮੇਰੇ ਨਾਲ ਹਾਸਾ-ਮਜ਼ਾਕ ਕਰਨਾ ਸ਼ੁਰੂ ਕਰ ਦਿੱਤਾ ਤੇ ਤੁਰੰਤ ਤੁੱਕੇਬਾਜ਼ੀ ਸ਼ੁਰੂ ਹੋ ਗਈ: 'ਤੁਹਾਨੂੰ ਕੀ ਲੱਗਦਾ ਹੈ ਕਿ ਇਹ ਫੁੱਲ ਕਿਸ ਨੇ ਭੇਜਿਆ ਹੈ?'

ਮੈਂ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਫੁੱਲ ਭੇਜਣ ਵਾਲੇ ਦਾ ਅੰਦਾਜ਼ਾ ਨਹੀਂ ਲਾ ਸਕਿਆ। ਮੈਂ ਫੋਨ ਚੁੱਕਿਆ ਤੇ ਨਿਸ਼ਾ ਦਾ ਨੰਬਰ ਮਿਲਾ ਕੇ ਬੋਲਿਆ, 'ਅੰਦਾਜ਼ਾ ਲਾਓ ਕਿ ਮੈਨੂੰ ਅਣਪਛਾਤਾ ਲਾਲ ਗੁਲਾਬ ਕਿੱਥੋਂ ਆਇਆ ਹੈ? ਤੇਰੇ ਖਿਆਲ 'ਚ ਇਹ ਭੇਜਣ ਵਾਲਾ ਕੌਣ ਹੈ?''

ਨਿਸ਼ਾ ਖਿੜਖਿੜਾ ਕੇ ਹੱਸੀ। ਉਹ ਬੜੀ ਪ੍ਰਸੰਨ ਲੱਗਦੀ ਸੀ, ਪਰ ਉਸ ਨੇ ਵੀ ਨਹੀਂ ਦੱਸਿਆ ਕਿ ਮੇਰੀ ਅਣਪਛਾਤੀ ਪ੍ਰਸ਼ੰਸਕ ਕੌਣ ਹੈ? ਉਂਝ ਦਿਨ ਭਰ ਖੁਸ਼ੀ ਦੇ ਮਾਰੇ ਮੇਰੇ ਪੈਰ ਜ਼ਮੀਨ 'ਤੇ ਨਹੀਂ ਲੱਗ ਰਹੇ ਸਨ। ਮੈਂ ਤਾਂ ਜਿਵੇਂ ਹਵਾ ਵਿੱਚ ਤੈਰ ਰਿਹਾ ਸੀ। ਉਸ ਦਿਨ ਮੈਂ ਮੁਸ਼ਕਲ ਨਾਲ ਹੀ ਕਿਸੇ ਕੰਮ ਨੂੰ ਅਹਿਮੀਅਤ ਦੇ ਸਕਿਆ ਸੀ ਤੇ ਪੂਰਾ ਦਿਨ ਕਈ ਤਰ੍ਹਾਂ ਦੀਆਂ ਕਲਪਨਾਵਾਂ 'ਚ ਲੰਘ ਗਿਆ।

ਸ਼ਾਮ ਨੂੰ ਜਦੋਂ ਘਰ ਪਹੁੰਚਿਆ ਤਾਂ ਉਸ ਗੁਲਾਬ ਨੂੰ ਬਲੌਰ ਦੇ ਇੱਕ ਫੁੱਲਦਾਨ 'ਚ ਟਿਕਾ ਦਿੱਤਾ ਤੇ ਉਸ ਫੁੱਲਦਾਨ ਨੂੰ ਡਰਾਇੰਗ ਰੂਮ ਵਿੱਚ ਰੱਖੇ ਮੇਜ਼ 'ਤੇ ਰੱਖ ਦਿੱਤਾ। ਨਿਸ਼ਾ ਦੱਬੇ ਪੈਰੀਂ ਮੇਰੇ ਪਿੱਛੇ-ਪਿੱਛੇ ਆਈ ਸੀ ਤੇ ਮੈਨੂੰ ਦੇਖ ਕੇ ਬੋਲੀ, ''ਲੱਗਦਾ ਹੈ, ਬਹੁਤ ਖੁਸ਼ ਹੋ?'' ਉਸ ਦੇ ਚਿਹਰੇ 'ਤੇ ਸ਼ਰਾਰਤੀ ਮੁਸਕਾਨ ਸੀ। ਮੈਂ ਬੋਲਿਆ, ''ਮੈਨੂੰ ਕੋਈ ਅਣਪਛਾਤੀ ਪ੍ਰਸ਼ੰਸਕ ਮਿਲੀ ਹੈ। ਦੁਪਹਿਰ ਤੋਂ ਮੈਂ ਇਹੋ ਸੋਚ ਕੇ ਹੈਰਾਨ ਹਾਂ ਕਿ ਉਹ ਕੌਣ ਹੈ?''

ਇੰਨੀ ਗੱਲ ਨਾਲ ਨਿਸ਼ਾ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਤੇ ਉਹ ਬੋਲੀ, ''ਓਏ ਕਮਲਿਆ, ਫੁੱਲ ਤਾਂ ਮੈਂ ਭੇਜਿਆ ਸੀ ਵੈਲੇਨਟਾਈਨ ਡੇ 'ਤੇ, ਹੋਰ ਕਿਸ ਨੇ ਭੇਜਣਾ ਸੀ।''

ਜਦੋਂ ਕੁਝ ਪਲਾਂ ਬਾਅਦ ਮੈਂ ਸਦਮੇ 'ਚੋਂ ਬਾਹਰ ਆਇਆ ਤਾਂ ਨਿਸ਼ਾ ਨੇ ਫੋਨ ਚੁੱਕ ਕੇ ਇਹ ਕਿੱਸਾ ਮੇਰੇ ਸਾਰੇ ਦੋਸਤਾਂ ਨਾਲ ਸਾਂਝਾ ਕਰਨਾ ਸ਼ੁਰੂ ਕਰ ਦਿੱਤਾ। ਇਹ ਮਜ਼ਾਕ ਮੇਰੀ ਕੀਮਤ 'ਤੇ ਕੀਤਾ ਗਿਆ ਸੀ, ਪਰ ਮੈਂ ਬਹੁਤ ਅਹਿਸਾਨਮੰਦ ਸੀ ਕਿ ਘੱਟੋ-ਘੱਟ ਛੇ ਘੰਟਿਆਂ ਤੱਕ ਅੰਦਾਜ਼ਾ ਨਾ ਲਾ ਸਕਣ ਕਾਰਨ ਮੈਂ ਕਿੰਨਾ ਰੋਮਾਂਚਿਤ ਰਿਹਾ।

ਅਜਿਹਾ ਮਾਸੂਮੀਅਤ ਭਰਿਆ ਮਨੋਰੰਜਨ ਯੋਗੀ ਤੇ ਉਨ੍ਹਾਂ ਦੇ ਐਂਟੀ ਰੋਮੀਓ ਦਸਤੇ ਅਤੇ ਲਵ ਜੇਹਾਦ ਨੇ ਸਾਡੇ ਕੋਲੋਂ ਖੋਹ ਲਿਆ ਹੈ। ਜਦੋਂ ਤੁਸੀਂ ਨਤੀਜਿਆਂ ਬਾਰੇ ਚਿੰਤਾ ਕਰਦੇ ਹੋ ਤਾਂ ਤੁਸੀਂ ਆਸ਼ਿਕੀ ਦਾ ਮਜ਼ਾ ਨਹੀਂ ਲੈ ਸਕਦੇ। ਜਦੋਂ ਚਾਰੇ ਪਾਸੇ ਪੁਲਸ ਦਾ ਪਹਿਰਾ ਹੋਵੇ ਤਾਂ ਅੱਲ੍ਹੜ ਉਮਰ ਦੀ ਦੀਵਾਨਗੀ ਖੰਭ ਲਾ ਕੇ ਕਿਤੇ ਉਡ ਜਾਂਦੀ ਹੈ। ਯਾਰੋ, ਦੁਨੀਆ ਹੁਣ ਕਿੰਨੀ ਖੁਸ਼ੀ-ਵਿਹੂਣੀ ਹੋ ਗਈ ਹੈ।

# ਆਨੰਦ ਕਾਰਜ ਸਵੇਰੇ, ਬਰਾਤ ਦੁਪਹਿਰੇ..

-ਕੁਲਦੀਪ ਸਿੰਘ ਧਨੌਲਾ

ਕੋਈ ਸਮਾਂ ਸੀ ਜਦੋਂ ਬਰਾਤਾਂ ਦੋ-ਦੋ, ਤਿੰਨ-ਤਿੰਨ ਦਿਨ ਰਿਹਾ ਕਰਦੀਆਂ ਸਨ ਤੇ ਲੋਕਾਂ ਵਿੱਚ ਪਿਆਰ ਮੁਹੱਬਤ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਬਰਾਤ ਆਉਣ ਉਤੇ ਥਾਈਆਂ (ਧਰਮਸ਼ਾਲਾਵਾਂ) ਵਿੱਚ ਕੜਾਹੇ ਰੱਖੇ ਹੁੰਦੇ। ਛਟੀਆਂ, ਲੱਕੜਾਂ ਵੀ ਰੱਖੀਆਂ ਹੁੰਦੀਆਂ, ਜਿਨ੍ਹਾਂ ਨਾਲ ਪਾਣੀ ਗਰਮ ਕੀਤਾ ਜਾਂਦਾ। ਆਉਣ ਸਾਰ ਬਰਾਤੀ ਗਰਮ ਪਾਣੀ ਨਾਲ ਨਹਾਉਂਦੇ ਧੋਂਦੇ, ਤੇ ਫੇਰ ਕਿਤੇ ਚਾਹ ਪਾਣੀ ਪੀਣ ਜਾਂਦੇ। ਬਰਾਤ ਅਤੇ ਵਿਆਂਦੜ ਨੂੰ ਕੁੜੀਆਂ ਬੁੜ੍ਹੀਆਂ ਕੋਠਿਆਂ ਦੇ ਬਨੇਰਿਆਂ 'ਤੇ ਬੈਠੀਆਂ ਦੇਖਦੀਆਂ ਅਤੇ ਲੱਗਦੇ ਹੱਥ ਸਿੱਠਣੀਆਂ ਵੀ ਦਿੰਦੀਆਂ। ਜਦੋਂ ਬਰਾਤ ਚਾਹ ਪੀਣ ਜਾਂ ਰੋਟੀ ਖਾਣ ਜਾਂਦੀ ਤਾਂ ਕਿਸੇ ਸਿਆਣੇ ਬਰਾਤੀ (ਫੁੱਫੜ, ਤਾਏ, ਚਾਚੇ) ਨੂੰ ਟੂਮਾਂ (ਗਹਿਣਿਆਂ) ਵਾਲੇ ਟਰੰਕ ਦੀ ਰਾਖੀ ਬਿਠਾਇਆ ਜਾਂਦਾ। ਉਸ ਦੀ ਚਾਹ, ਰੋਟੀ ਉਚੇਚੇ ਤੌਰ 'ਤੇ ਧਰਮਸ਼ਾਲਾ ਪਹੁੰਚਾਈ ਜਾਂਦੀ। ਸ਼ਰਾਰਤੀ ਬਰਾਤੀਆਂ ਨੇ ਆਨੰਦ ਕਾਰਜਾਂ ਸਮੇਂ ਵਿਆਹ ਵਾਲੀ ਕੁੜੀ ਨਾਲ ਬੈਠਣ ਵਾਲੀਆਂ ਦੇ ਕੱਪੜਿਆਂ ਨੂੰ ਬਕਸੂਏ ਵਗੈਰਾ ਲਾ ਦੇਣੇ। ਬਰਾਤੀਆਂ ਦੇ ਵੀ ਥਾਪੇ ਲਾਏ ਜਾਂਦੇ। ਇਹ ਥਾਪੇ ਜ਼ਨਾਨੀਆਂ ਲਾਉਂਦੀਆਂ ਸਨ, ਪਰ ਕਈ ਵਾਰ ਬੰਦਾ ਜ਼ਨਾਨੀਆਂ ਵਾਲੇ ਕੱਪੜੇ ਪਾ ਕੇ, ਅਤੇ ਮੂੰਹ ਸਿਰ ਲਪੇਟ ਕੇ ਐਨਾ ਜ਼ੋਰ ਨਾਲ ਥਾਪਾ ਮਾਰਦਾ ਕਿ ਅੱਗੇ ਵਾਲਾ ਡਿੱਗ ਵੀ ਪੈਂਦਾ। ਥਾਪੇ ਵਾਲੇ/ ਵਾਲੀ ਨੇ ਦੋਵੇਂ ਹੱਥ ਹਲਦੀ ਤੇ ਤੇਲ ਨਾਲ ਰੰਗੇ ਹੁੰਦੇ ਸਨ। ਜ਼ਮਾਨਾ ਹੀ ਅਜਿਹਾ ਸੀ ਕਿ ਅਜਿਹੀਆਂ ਛੇੜਾਂ ਦਾ ਉਦੋਂ ਕੋਈ ਗੁੱਸਾ ਗਿਲਾ ਨਹੀਂ ਸੀ ਕਰਦਾ ਹੁੰਦਾ।

ਇਹ ਸਭ ਉਸ ਵੇਲੇ ਦੀਆਂ ਬਾਤਾਂ ਹਨ, ਜਦੋਂ ਸਾਰੇ ਰਿਸ਼ਤੇਦਾਰ ਮਹੀਨਾ ਪਹਿਲਾਂ ਵਿਆਹ ਜਾਣ ਦੀਆਂ ਤਿਆਰੀਆਂ ਵਿੱਢ ਦਿੰਦੇ ਸਨ ਅਤੇ ਨੇੜਲੀਆਂ ਰਿਸ਼ਤੇਦਾਰੀਆਂ ਵਿੱਚ ਮੁੰਡੇ ਕੁੜੀਆਂ ਹਫਤਾ ਦਸ ਦਿਨ ਪਹਿਲਾਂ ਹੀ ਵਿਆਹ ਵਾਲੇ ਪਿੰਡ ਪਹੁੰਚ ਜਾਂਦੇ ਸਨ ਤਾਂ ਕਿ ਵਿਆਹ ਵਾਲਿਆਂ ਨਾਲ ਕੰਮ ਧੰਦੇ ਵਿੱਚ ਹੱਥ ਵਟਾਇਆ ਜਾ ਸਕੇ। ਫੇਰ ਸਮਾਂ ਪਾ ਕੇ ਦੋ ਤਿੰਨ ਦਿਨਾਂ ਵਾਲਾ ਵਿਆਹ ਇਕ ਦਿਨਾ ਹੋ ਗਿਆ। ਹੁਣ ਇਹ ਇਕ ਦਿਨ ਦੀ ਥਾਂ ਕੁਝ ਘੰਟਿਆਂ ਵਿੱਚ ਸਿਮਟ ਗਿਆ ਹੈ। ਪਿਛਲੇ ਦਿਨੀਂ ਕੁਝ ਕੁ ਘੰਟਿਆਂ ਵਿੱਚ ਸਿਮਟੇ ਅਜਿਹੇ ਵਿਆਹ ਦਾ ਇਕ ਹੋਰ ਵੀ ਰੰਗ ਦੇਖਣ ਨੂੰ ਮਿਲਿਆ। ਵਿਆਹ ਵਾਲੇ ਘਰ ਪੁੱਜਣ 'ਤੇ ਆਓ ਭਗਤ, ਚਾਹ ਪਾਣੀ ਕਰਨ ਤੋਂ ਬਾਅਦ ਵਿਆਂਦੜ ਮੁੰਡੇ ਦਾ ਬਾਪ ਲਾਵਾਂ ਸਮੇਂ ਸਵੇਰੇ ਨਾਲ ਜਾਣ ਵਾਲੇ ਰਿਸ਼ਤੇਦਾਰਾਂ ਨੂੰ ਰਣਨੀਤੀ ਦੱਸ ਰਿਹਾ ਸੀ, 'ਸਵੇਰੇ ਆਪਾਂ ਪੰਜ ਵਜੇ ਲਾਵਾਂ ਲਈ ਜਾਣੈ।'

ਮੈਂ ਅਣਜਾਣਤਾ ਜ਼ਾਹਰ ਕਰਦਿਆਂ ਪੁੱਛਿਆ, 'ਅੱਜ ਕੱਲ੍ਹ ਸਵੇਰੇ-ਸਵੇਰੇ ਈ ਆਨੰਦ ਕਾਰਜ ਹੋਣ ਲੱਗਗੇ!' ਕਹਿਣ ਲੱਗਾ, 'ਅਸਲ 'ਚ ਬਰਾਤਾਂ ਬਹੁਤ ਲੇਟ ਹੋ ਜਾਂਦੀਆਂ, ਇਸ ਕਰਕੇ ਬਹੁਤੇ ਪਿੰਡ ਵਾਲਿਆਂ ਨੇ ਫੈਸਲਾ ਕੀਤੈ ਕਿ ਦੁਪਹਿਰੇ ਆਨੰਦ ਕਾਰਜ ਕਰਾਉਣ ਨਾਲੋਂ ਸਵੇਰੇ ਪੰਜ ਤੋਂ ਸੱਤ ਵਜੇ ਤੱਕ ਇਹ ਕਾਰਜ ਨਿਬੇੜ ਲਿਆ ਜਾਵੇ। ਇਹ ਵੇਲਾ ਸ਼ੁਭ ਮੰਨਿਆ ਜਾਂਦੈ।' ਉਹਦੀ ਗੱਲ ਸੁਣ ਕੇ ਗਰਾਰੀ ਫਸ ਗਈ। ਜੇ ਮੁੰਡੇ ਕੁੜੀ ਦੇ ਪਿੰਡ ਨੇੜੇ ਹੋਣ, ਫਿਰ ਤਾਂ ਅਜਿਹਾ ਸੰਭਵ ਹੈ, ਦੂਰ ਵਾਲੇ ਕੀ ਕਰਨਗੇ? ਉਹਦਾ ਢਿੱਡ ਹੱਸਿਆ, 'ਇਹ ਤਾਂ ਦੂਰ ਵਾਲੇ ਜਾਣਨ, ਉਨ੍ਹਾਂ ਕਿਵੇਂ ਕਰਵਾਉਣੇ ਨੇ ਆਪਣੇ ਆਨੰਦ ਕਾਰਜ, ਸਾਡੇ ਪਿੰਡ ਤਾਂ ਨੇੜੇ ਨੇੜੇ ਈ ਨੇ।'

ਖੈਰ! ਉਨ੍ਹਾਂ ਦਾ ਪ੍ਰੋਗਰਾਮ ਸੁਣ ਕੇ ਅਸੀਂ ਇਕ ਹੋਰ ਨੇੜਲੀ ਰਿਸ਼ਤੇਦਾਰੀ ਜਾ ਵੜੇ ਤਾਂ ਕਿ ਸਵੇਰੇ ਸਿੱਧੇ ਮੈਰਿਜ ਪੈਲੇਸ ਵਿੱਚ ਹੀ ਪਹੁੰਚ ਜਾਈਏ। ਸਵੇਰੇ ਸਾਢੇ ਕੁ ਦਸ ਵਜੇ ਮੈਰਿਜ ਪੈਲੇਸ ਪਹੁੰਚੇ ਤਾਂ ਵੇਟਰ ਅਜੇ ਮੇਜ਼ ਕੁਰਸੀਆਂ ਸੈਟ ਕਰਨ ਰੁੱਝੇ ਹੋਏ ਸਨ। ਦੇਖਦੇ-ਦੇਖਦੇ ਹੋਰ ਰਿਸ਼ਤੇਦਾਰ ਵੀ ਪਹੁੰਚਣੇ ਸ਼ੁਰੂ ਹੋ ਗਏ, ਪਰ ਬਰਾਤੀਆਂ ਦੀ ਅਜੇ ਕੋਈ ਸੂਹ ਨਹੀਂ ਸੀ। ਸਭ ਦੀਆਂ ਅੱਖਾਂ ਘੜੀ ਮੁੜੀ ਪੈਲੇਸ ਦੇ ਮੁੱਖ ਗੇਟ ਵੱਲ ਲੱਗ ਜਾਂਦੀਆਂ। ਠੰਢ ਕਾਰਨ ਲੋਕ ਚਾਹ, ਕੌਫੀ ਪੀਣ ਲਈ



ਕਦੇ ਅੰਦਰ, ਕਦੇ ਬਾਹਰ ਆ ਜਾ ਰਹੇ ਸਨ। ਜਦੋਂ ਕੁਝ ਖਾਣ ਪੀਣ ਨੂੰ ਨਾ ਮਿ-ਲਿਆ ਤਾਂ ਪ੍ਰਾਹੁਣਿਆਂ ਨੇ ਵੇਟਰਾਂ ਨੂੰ ਪੁੱਛਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਅੱਗਿਓਂ ਇਕ ਟੁੱਕ ਜਵਾਬ ਸੀ, 'ਹੁਕਮ ਹੈ ਕਿ ਬਰਾਤ ਆਈ ਤੋਂ ਸ਼ੁਰੂ ਕਰਨਾ।'

ਸਿਆਣਿਆਂ ਦੇ ਢਿੱਡਾਂ ਅੰਦਰ ਚੂਹੇ ਨੱਚ ਰਹੇ ਸਨ, ਨਿਆਣਿਆਂ ਦਾ ਹਾਲ ਉਨ੍ਹਾਂ ਤੋਂ ਵੀ ਮਾੜਾ ਸੀ। ਇਹ ਵਰਤਾਰਾ ਹੁੰਦਾ ਦੇਖ ਇਕ ਬਾਬੇ ਨੇ ਪੁਰਾਣੇ ਵਿਆਹਾਂ ਨੂੰ ਯਾਦ ਕੀਤਾ, 'ਕਿਹੜੇ ਜ਼ਮਾਨੇ ਆ ਗਏ ਬਈ। ਆਪਣੇ ਵੇਲੇ ਬਰਾਤੀਆਂ ਦਾ ਆਹ ਹਾਲ ਨਹੀਂ ਸੀ ਹੁੰਦਾ ਕਦੀ। ਉਦੋਂ ਤਾਂ ਲੋਕ ਅੱਖਾਂ 'ਤੇ ਬਿਠਾਉਣ ਤੱਕ ਜਾਂਦੇ ਸਨ। ਮਜਾਲ ਐ ਕਿਸੇ ਚੀਜ਼ ਦੀ ਕਮੀ ਪੇਸ਼ੀ ਆ ਜਾਵੇ। ਅਸਲੀ ਕਹਾਣੀ ਇਹ ਐ, ਬਈ ਉਦੋਂ ਬਰਾਤੀਆਂ ਨੂੰ ਚਾਹ ਪਿਆਉਣ ਅਤੇ ਖਾਣਾ ਖੁਆਉਣ ਦੀ ਡਿਊਟੀ ਕੁੜੀ ਵਾਲਿਆਂ ਦੇ ਘਰਾਂ ਦੇ ਮੁੰਡਿਆਂ ਦੀ ਹੁੰਦੀ ਸੀ। ਹੁਣ ਤਾਂ ਭਾੜੇ ਆਲੇ ਮੁੰਡੇ ਕਿਸੇ ਨੂੰ ਸਿਆਣਦੇ ਈ ਨਹੀਂ।'

ਆਖਰ ਜਦੋਂ ਬਰਾਤ ਦੁਪਹਿਰ ਦੇ ਇਕ ਵਜੇ ਤੱਕ ਵੀ ਨਾ ਅੱਪੜੀ ਤੇ ਲੋਕਾਂ ਦੀ ਬੁੜ-ਬੁੜ ਕੁਝ ਵਧੇਰੇ ਵਧ ਗਈ ਤਾਂ ਲੜਕੀ ਵਾਲਿਆਂ ਦੇ ਕੰਨ ਖੜੇ ਹੋ ਗਏ, ਉਨ੍ਹਾਂ ਨੇ ਵੇਟਰਾਂ ਨੂੰ ਚਾਹ, ਕੌਫੀ ਪਿਆਉਣ ਦੇ 'ਆਰਡਰ' ਦੇ ਦਿੱਤੇ। ਡੇਢ ਕੁ ਵਜੇ ਪੈਲੇਸ ਦੇ ਗੇਟ ਉਤੇ ਬਰਾਤ ਆਉਣ ਉਤੇ ਢੋਲ ਢਮੱਕਾ ਹੋਣ ਲੱਗਿਆ। ਲੇਟ ਹੋਣ ਬਾਰੇ ਉਹ ਆਖ ਰਹੇ ਸਨ, ਅਖੇ, ਆਨੰਦ ਕਾਰਜ ਤਾਂ ਉਹ ਸਵੇਰੇ ਸੱਤ ਵਜੇ ਹੀ ਕਰਵਾ ਕੇ ਮੁੜ ਗਏ ਸਨ, ਬਸ ਤਿਆਰੀ ਵਿੱਚ ਹੀ ਲੇਟ ਹੋ ਗਏ।

ਮੈਂ ਸੋਚ ਰਿਹਾ ਸਾਂ ਕਿ ਜਦ ਆਨੰਦ ਕਾਰਜ ਹੋ ਗਏ, ਕੁੜੀ ਤੇ ਮੁੰਡਾ ਲਾਵਾਂ ਪੜ੍ਹਾ ਕੇ ਆਪੋ ਆਪਣੇ ਘਰੇ ਚਲੇ ਗਏ, ਫਿਰ ਦੁਬਾਰਾ ਪੈਲੇਸ ਵਿੱਚ ਜਾਣ ਦੀ ਕੀ ਲੋੜ ਰਹਿ ਗਈ ਸੀ ਭਲਾ? ਬਸ ਲਾਵਾਂ ਹੋਈਆਂ, ਤੇ ਸਾਰੇ ਆਪੋ ਆਪਣੇ ਘਰ। ਇਉਂ ਵਿਆਹਾਂ ਮੌਕੇ ਪੈਲੇਸਾਂ ਵਿੱਚ ਹੁੰਦਾ ਪੈਸੇ ਦਾ ਉਜਾੜਾ ਵੀ ਰੁਕੇਗਾ।

# ਸਿਹਤਮੰਦ ਚਮੜੀ ਬਣਾਏ ਤੁਹਾਨੂੰ ਆਕਰਸ਼ਕ



ਖੂਬਸੂਰਤ ਦਿਸਣ ਦੀ ਚਾਹਤ ਸਾਨੂੰ ਸਾਰਿਆਂ ਨੂੰ ਹੁੰਦੀ ਹੈ ਅਤੇ ਸਾਰੇ ਚਾਹੁੰਦੇ ਹਨ ਕਿ ਭੀੜ ਵਿੱਚ ਵੀ ਵੱਖਰੇ ਅਤੇ ਖਾਸ ਨਜ਼ਰ ਆਈਏ। ਜੇ ਤੁਸੀਂ ਵੀ ਅਜਿਹੀ ਹੀ ਇੱਛਾ ਰੱਖਦੇ ਹੋ ਕਿ ਤੁਹਾਡਾ ਖੂਬਸੂਰਤ ਚਿਹਰਾ ਹੋਰ ਆਕਰਸ਼ਕ ਨਜ਼ਰ ਆਵੇ ਤਾਂ ਇਸ ਦੇ ਲਈ ਤੁਸੀਂ ਆਪਣੀ ਚਮੜੀ ਨਾਲ ਸੰਬੰਧਤ ਸਮੱਸਿਆਵਾਂ ਦਾ ਹੱਲ ਕਰਦੇ ਹੋਏ ਚਮੜੀ ਨੂੰ ਨਰਮ ਮੁਲਾਇਮ ਅਤੇ ਆਕਰਸ਼ਕ ਬਣਾਓ।

ਚਮੜੀ ਲਈ ਹਾਨੀਕਾਰਕ

* ਚਮੜੀ ਦੀ ਸਹੀ ਤਰ੍ਹਾਂ ਨਾਲ ਸਫਾਈ ਨਾ ਕੀਤੇ ਜਾਣਾ ਵੀ ਚਮੜੀ ਨਾਲ ਸੰਬੰਧਤ ਕਈ ਸਮੱਸਿਆਵਾਂ ਨੂੰ ਪੈਦਾ ਕਰਦਾ ਹੈ।
* ਸਾਬਣ ਦੀ ਵਰਤੋਂ ਵੀ ਚਮੜੀ ਲਈ ਬਹੁਤ ਹਾਨੀਕਾਰਕ ਹੋ ਸਕਦੀ ਹੈ।
* ਨਵੇਂ ਨਵੇਂ ਬਿਊਟੀ ਪ੍ਰੋਡਕਟਸ ਦੀ ਵਰਤੋਂ ਚਮੜੀ ਨੂੰ ਹਾਨੀ ਪਹੁੰਚਾ ਕੇ ਇਸ ਦੀ ਕੁਦਰਤੀ ਨਮੀ ਨੂੰ ਖਤਮ ਕਰਦੇ ਹਨ।
* ਸੂਰਜ ਦੇ ਸਿੱਧੇ ਪ੍ਰਭਾਵ ਕਾਰਨ ਵੀ ਚਮੜੀ ਸੰਬੰਧੀ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।
* ਏ ਸੀ ਦਾ ਸਿੱਧਾ ਪ੍ਰਭਾਵ ਵੀ ਚਮੜੀ ਦੀ ਕੁਦਰਤੀ ਨਮੀ ਨੂੰ ਸੋਖਦਾ ਹੈ।
* ਬਲੀਚਿੰਗ ਕ੍ਰੀਮ ਦੀ ਜ਼ਿਆਦਾ ਵਰਤੋਂ ਵੀ ਚਮੜੀ ਨੂੰ ਖੁਸ਼ਕ ਅਤੇ ਕਾਲਾ ਬਣਾਉਣ ਦੇ ਨਾਲ ਹੀ ਚਮੜੀ ਦੀ ਨਮੀ ਅਤੇ ਚਮਕ ਨੂੰ ਖਤਮ ਕਰਦੀ ਹੈ।
* ਜ਼ਿਆਦਾ ਰਸਾਇਣਕ ਪਦਾਰਥਾਂ ਦੀ ਵਰਤੋਂ ਵੀ ਚਮੜੀ ਨੂੰ ਹਾਨੀ ਪਹੁੰਚਾਉਂਦੀ ਹੈ।
* ਸਿਹਤ ਦੇ ਖਰਾਬ ਹੋਣ ਤੇ ਪੌਸ਼ਟਿਕ ਭੋਜਨ ਦਾ ਸੇਵਨ ਨਾ ਕਰਨ 'ਤੇ ਵੀ ਚਮੜੀ 'ਤੇ ਮਾੜਾ ਪ੍ਰਭਾਵ ਪੈਂਦਾ ਹੈ।
* ਪਾਣੀ ਦੀ ਘੱਟ ਵਰਤੋਂ ਅਤੇ ਮੁਆਇਸਚੁਰਾਈਜ਼ਰ ਦੀ ਵਰਤੋਂ ਵੀ ਚਮੜੀ ਨੂੰ ਡਲ ਬਣਾਉਂਦੀ ਹੈ।

ਚਮੜੀ ਲਈ ਉਪਯੋਗੀ

* ਸਭ ਤੋਂ ਪਹਿਲਾਂ ਚਮੜੀ ਨੂੰ ਸਾਫ ਰੱਖੋ। ਘੱਟ ਤੋਂ ਘੱਟ ਦੋ ਤੋਂ ਤਿੰਨ ਵਾਰ ਚਮੜੀ ਨੂੰ ਸਾਬਣ ਦੀ ਬਜਾਏ ਫੇਸਵਾਸ਼ ਨਾਲ ਧੋਵੋ।
* ਪਾਣੀ ਦਾ ਭਰਪੂਰ ਸੇਵਨ ਕਰੋ।
* ਮੇਕਅਪ ਦੇ ਜ਼ਿਆਦਾ ਇਸਤੇਮਾਲ ਤੋਂ ਬਚੋ ਅਤੇ ਚੰਗੀ ਕੁਆਲਟੀ ਵਾਲੇ ਬਿਊਟੀ ਪ੍ਰੋਡਕਟਸ ਦਾ ਹੀ ਇਸਤੇਮਾਲ ਕਰੋ।
* ਧੁੱਪ ਦੇ ਪ੍ਰਭਾਵ ਤੋਂ ਬਚਣ ਲਈ ਸਨਸਕ੍ਰੀਨ ਲੋਸ਼ਨ, ਛੱਤਰੀ, ਸਕਾਰਫ ਆਦਿ ਦੀ ਵਰਤੋਂ ਕਰੋ।
* ਬਲੀਚਿੰਗ ਕ੍ਰੀਮ ਦੀ ਵਰਤੋਂ ਕਰਦੇ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਇਹ ਚਮੜੀ ਦੀ ਸੁਰੱਖਿਆ ਦੇ ਨਜ਼ਰੀਏ ਤੋਂ ਸਹੀ ਹੋਵੇ।
* ਫੇਸ਼ੀਅਲ ਕਰਾਓ। ਇਹ ਚਮੜੀ ਦੀ ਤੰਦਰੁਸਤੀ ਲਈ ਬਹੁਤ ਉਪਯੋਗ ਹੈ। ਇਸ ਦੀ ਵਰਤੋਂ ਨਾਲ ਚਮੜੀ 'ਤੇ ਝੁਰੜੀਆਂ ਦੇਰ ਨਾਲ ਪੈਂਦੀਆਂ ਹਨ ਅਤੇ ਇਹ ਹਰ ਤਰ੍ਹਾਂ ਦੀ ਚਮੜੀ ਲਈ ਸਹੀ ਹੈ।

## ਹਲਕਾ ਫੁਲਕਾ

ਇੱਕ ਆਟੋ ਵਾਲੇ ਦਾ ਵਿਆਹ ਹੋ ਰਿਹਾ ਸੀ। ਜਦੋਂ ਉਸ ਦੀ ਦੁਲਹਨ ਫੇਰਿਆਂ ਵੇਲੇ ਉਸ ਦੇ ਕੋਲ ਬੈਠੀ ਤਾਂ ਉਹ ਬੋਲਿਆ, ''ਥੋੜ੍ਹਾ ਨੇੜੇ ਹੋ ਕੇ ਬੈਠ, ਅਜੇ ਇੱਕ ਹੋਰ ਸਵਾਰੀ ਬੈਠ ਸਕਦੀ ਹੈ।''

*********

ਟੀਚਰ (ਪ੍ਰੀਤਮ ਨੂੰ), ''ਤੂੰ ਲੇਟ ਕਿਉਂ ਆਇਆਂ ਏਂ?''
ਪ੍ਰੀਤਮ, ''ਮੰਮੀ-ਪਾਪਾ ਲੜ ਰਹੇ ਸਨ।''
ਟੀਚਰ, ''ਉਹ ਲੜ ਰਹੇ ਸਨ ਤਾਂ ਤੂੰ ਕਿਉਂ ਲੇਟ ਹੋਇਆਂ?''
ਪ੍ਰੀਤਮ, ''ਮੇਰਾ ਇੱਕ ਬੂਟ ਮੰਮੀ ਕੋਲ ਸੀ ਤੇ ਦੂਜਾ ਪਾਪਾ ਕੋਲ।''

*********

ਪ੍ਰੋਫੈਸਰ (ਪਲੰਬਰ ਨੂੰ), ''ਅੱਜ ਤੂੰ ਮੇਰੇ ਨਾਲ ਮੇਰੇ ਕਾਲਜ ਚੱਲ।''
ਪਲੰਬਰ, ਕੀ ਹੋਇਆ ਸਰ, ਕੀ 'ਲੀਕੇਜ' ਦੀ ਸਮੱਸਿਆ ਹੈ?''
ਪ੍ਰੋਫੈਸਰ, ''ਹਾਂ, ਸਾਡੇ ਕਾਲਜ ਵਿੱਚ ਹਰ ਵਾਰ ਪੇਪਰ 'ਲੀਕ' ਹੁੰਦਾ ਹੈ, ਮੈਂ ਜਾਨਣਾ ਹੈ ਕਿ ਕਿੱਥੋਂ ਲੀਕ ਹੁੰਦਾ ਹੈ।''

## ਕਹਾਣੀ

# ਰੱਬ ਦਾ ਘਰ

-ਹਰਮਨ

''ਪਾਪਾ ਜੀ ਉਸ ਦਿਨ ਜਦੋਂ ਤੁਸੀਂ ਘਰੋਂ ਗਏ ਤਾਂ ਮੈਨੂੰ ਸਕੂਲੋਂ ਜਲਦੀ ਛੁੱਟੀ ਕਰਵਾ ਕੇ ਚਾਚਾ ਜੀ ਦੇ ਘਰ ਹੀ ਰੱਖਿਆ ਗਿਆ। ਜਦੋਂ ਸ਼ਾਮ ਹੋਈ ਤਾਂ ਮੈਨੂੰ ਮਾਮੇ ਹੋਰੀਂ ਆਪਣੇ ਨਾਲ ਲੈ ਗਏ ਤੇ ਉਨ੍ਹਾਂ ਆਪਣੇ ਕੋਲ ਹੀ ਰੱਖਿਆ। ਦਸ-ਬਾਰਾਂ ਦਿਨਾਂ ਬਾਅਦ ਜਦੋਂ ਮੈਂ ਆ ਕੇ ਵੇਖਿਆ ਤਾਂ ਸਾਰੇ ਚੁੱਪ ਚਾਪ ਅੱਖਾਂ ਵਿੱਚ ਹੰਝੂ ਲੈ ਕੇ ਤੁਰੇ ਫਿਰਦੇ ਸਨ। ਮੈਂ ਸਭ ਨੂੰ ਮਿ-ਲਿਆ, ਵੱਡੇ ਪਾਪਾ, ਵੱਡੇ ਮੰਮਾ ਨੂੰ, ਛੋਟੇ ਮੰਮਾ ਨੂੰ, ਦੀਦੀ ਨੂੰ, ਪਰ ਤੁਸੀਂ ਮੈਨੂੰ ਕਿਤੇ ਵੀ ਨਹੀਂ ਮਿਲੇ। ਮੈਂ ਸਭ ਨੂੰ ਤੁਹਾਡੇ ਬਾਰੇ ਪੁੱਛਿਆ, ਪਰ ਕਿਸੇ ਨੇ ਕੋਈ ਜਵਾਬ ਨਾ ਦਿੱਤਾ। ਮੈਂ ਤੁਹਾਨੂੰ ਉਸ ਹਰ ਜਗ੍ਹਾ ਲੱਭਿਆ, ਜਿੱਥੇ ਤੁਸੀਂ ਮੇਰੇ ਆਉਣ ਉਤੇ ਲੁਕ ਜਾਂਦੇ ਸੀ, ਪਰ ਤੁਸੀਂ ਉਥੇ ਵੀ ਨਾ ਮਿਲੇ। ਮੇਰੇ ਵਾਰ-ਵਾਰ ਪੁੱਛਣ ਤੇ ਵੀ ਤੁਹਾਡੇ ਬਾਰੇ ਕੋਈ ਨਹੀਂ ਦੱਸਦਾ ਕਿ ਤੁਸੀਂ ਕਿੱਥੇ ਚਲੇ ਗਏ ਹੋ, ਸਾਰੇ ਕਹਿੰਦੇ ਹਨ ਕਿ ਉਹ ਤੇਰੇ ਲਈ ਬਹੁਤ ਸਾਰੇ ਖਿਡੌਣੇ ਲੈਣ ਗਏ ਨੇ, ਵੱਡੀ ਦੀਦੀ ਲਈ ਨਵੇਂ ਸੂਟ, ਕੰਪਿਊਟਰ, ਵੱਡੇ ਪਾਪਾ ਲਈ, ਵੱਡੇ ਮੰਮਾਂ ਲਈ ਨਵੀਂ ਸਕੂਟਰੀ ਆਉਣ-ਜਾਣ ਲਈ, ਸਾਰਿਆਂ ਲਈ ਖੁਸ਼ੀਆਂ ਲੈਣ ਲਈ ਗਏ ਹਨ, ਪਰ ਮੈਨੂੰ ਇਹ ਨਹੀਂ ਸਮਝ ਲੱਗ ਰਹੀ ਕਿ ਤੁਸੀਂ ਸਾਰਿਆਂ ਲਈ ਖੁਸ਼ੀਆਂ ਖਰੀਦਣ ਲਈ ਗਏ ਹੋ, ਪਰ ਸਾਰੇ ਤੁਹਾਡੇ ਜਾਣ ਤੋਂ ਬਾਅਦ ਉਦਾਸ ਕਿਉਂ ਹੋ ਗਏ?''

''ਹਰਮਨ ਜੇ ਮੈਂ ਕਿਤੇ ਚਲਾ ਜਾਵਾਂਗਾ ਤਾਂ ਕੀ ਤੂੰ ਮੇਰੇ ਬਿਨ ਸਾਰ ਲਵੇਂਗਾ?''

''ਨਹੀਂ ਡੈਡੀ ਜੀ, ਮੈਂ ਤੁਹਾਡੇ ਬਿਨਾਂ ਨਹੀਂ ਸਾਰ ਸਕਦਾ। ਮੈਂ ਤੁਹਾਡੇ ਬਿਨਾਂ ਰਾਤ ਨੂੰ ਕਿਸ ਨਾਲ ਸੌਵਾਂਗਾ? ਮੈਨੂੰ ਘੋੜਾ ਬਣ ਕੇ ਕੌਣ ਝੂਟੇ ਦੇਵੇਗਾ? ਮੈਨੂੰ ਕੌਣ ਚੀਜੀ ਲਿਆ ਕੇ ਦੇਵੇਗਾ, ਕੌਣ ਮੈਨੂੰ ਸਾਈਕਲ ਲਿਆ ਕੇ ਦੇਵੇਗਾ, ਤੁਹਾਡੇ ਜਿੰਨਾ ਮੈਨੂੰ ਕੌਣ ਪਿਆਰ ਕਰੇਗਾ? ਮੈਂ ਨਹੀਂ ਤੁਹਾਡੇ ਬਿਨਾਂ ਰਹਿ ਸਕਦਾ ਤੁਸੀਂ ਜਿੱਥੇ ਜਾਓਗੇ ਮੈਨੂੰ ਨਾਲ ਹੀ ਲੈ ਜਾਇਉ।''

''ਪੁੱਤਰ ਇਹ ਸਾਰੀਆਂ ਚੀਜ਼ਾਂ ਤੈਨੂੰ ਹੋਰ ਵੀ ਲਿਆ ਦੇਣਗੇ। ਝੂਟੇ ਵੱਡੇ ਪਾਪਾ ਦੇ ਦਿਆ ਕਰਨਗੇ, ਤੇਰੇ ਤਾਇਆ ਜੀ ਕੁਲਫੀ ਲਿਆ ਦੇਣਗੇ ਤੇ ਤੇਰੇ ਮਾਮਾ ਜੀ ਤੈਨੂੰ ਖਿਡੌਣੇ, ਸਾਈਕਲ ਲਿਆ ਦਿਆ ਕਰਨਗੇ।''

ਇਹ ਸਾਰੀ ਗੱਲਬਾਤ ਮੈਨੂੰ ਉਸੇ ਤਰ੍ਹਾਂ ਯਾਦ ਹੈ, ਜੋ ਤੁਸੀਂ ਇਹ ਜਾਣ ਤੋਂ ਦੋ ਦਿਨ ਪਹਿਲਾਂ ਹੀ ਮੇਰੇ ਨਾਲ ਕੀਤੀ ਸੀ। ਵੇਖੋ ਮੇਰੀ ਯਾਦਾਸ਼ਤ ਕਿੰਨੀ ਤੇਜ਼ ਹੈ। ਫਿਰ ਵੀ ਮੰਮਾ ਪਤਾ ਨਹੀਂ ਕਿਉਂ ਕਹਿੰਦੇ ਰਹਿੰਦੇ ਨੇ ਕਿ ਤੈਨੂੰ ਸ਼ਹਿਰ ਦੇ ਸਕੂਲ ਵਿੱਚੋਂ ਕੱਢ ਕੇ ਪਿੰਡ ਦੇ ਸਕੂਲ ਵਿੱਚ ਦਾਖਲ ਕਰਵਾ ਦੇਣਾ ਹੈ।

ਜਦੋਂ ਮੈਂ ਵੱਡੇ ਪਾਪਾ ਨੂੰ ਰਾਤ ਨੂੰ ਝੂਟੇ ਦੇਣ ਲਈ ਕਹਿੰਦਾ ਹਾਂ ਤਾਂ ਉਹ ਜਵਾਬ ਦਿੰਦੇ ਸਨ, ਪਰ ਇੱਕ ਦਿਨ ਪਤਾ ਨਹੀਂ ਕੀ ਹੋਇਆ ਕਿ ਉਨ੍ਹਾਂ ਨੇ ਮੈਨੂੰ ਬਹੁਤ ਝੂਟੇ ਦਿੱਤੇ। ਉਸ ਦਿਨ ਉਹ ਖੇਤੋਂ ਬਹੁਤ ਥੱਕੇ ਹੋਏ ਆਏ ਸਨ। ਉਨ੍ਹਾਂ ਦੇ ਕੱਪੜੇ ਗੰਦੇ ਹੋਏ ਪਏ ਸਨ। ਉਨ੍ਹਾਂ ਆਉਂਦਿਆਂ ਹੀ ਅੰਦਰੋਂ ਇੱਕ ਛੋਟਾ ਜਿਹਾ ਰੱਸਾ ਚੁੱਕਿਆ ਤੇ ਵਿਹੜੇ ਵਿੱਚ ਰੱਖ ਕੇ ਅੱਗ ਲਾ ਕੇ ਖਤਮ ਕਰ ਦਿੱਤਾ। ਉਸ ਦਿਨ ਉਨ੍ਹਾਂ ਸਾਰਿਆਂ ਨੂੰ ਸੁਣਾ ਕੇ ਕਿਹਾ, ''ਹਰਮਨ ਮੈਂ ਅੱਜ ਬਹੁਤ ਵੱਡਾ ਬੋਝ ਮਨ ਤੋਂ ਲਾਹ ਆਇਆ ਹਾਂ। ਅੱਜ ਮੈਂ ਆਪਣੇ ਖੇਤ ਵਾਲੀ ਟਾਹਲੀ ਆਪਣੇ ਹੱਥੀਂ ਵੱਢ ਕੇ ਗੁਰਦੁਆਰੇ ਦਾਨ ਕਰ ਕੇ ਆਇਆਂ। ਆ ਜਾ ਚੜ੍ਹ ਮੇਰੀ ਕਨੇੜ੍ਹੀ ਲੈ



ਝੂਟੇ ਜਿੰਨੀ ਮਰਜ਼ੀ।''

ਹਾਂ ਸੱਚ ਦੀਦੀ ਨੇ ਤੁਹਾਡੇ ਜਾਣ ਤੋਂ ਬਾਅਦ 11ਵੀਂ ਜਮਾਤ ਵਿੱਚੋਂ ਹੀ ਪੜ੍ਹਾਈ ਛੱਡ ਦਿੱਤੀ ਸੀ। ਇੱਕ ਦਿਨ ਦੀਦੀ ਦੇ ਸਕੂਲ ਦੇ ਸਰ ਆਏ ਤੇ ਕਹਿਣ ਲੱਗੇ, ''ਬੇਟਾ ਤੂੰ ਸਕੂਲ ਦੀ ਦਸਵੀਂ ਜਮਾਤ ਦੀ ਜ਼ਿਲ੍ਹੇ ਦੀ ਟੌਪਰ ਹੈਂ, ਤੈਨੂੰ ਸਕੂਲ ਵੱਲੋਂ ਸਾਰੀ ਫੀਸ ਮੁਆਫ ਹੋਵੇਗੀ ਤੂੰ ਚੱਲ ਸਕੂਲ ਸਾਡੇ ਨਾਲ।''

ਦੀਦੀ ਨੇ ਕੋਈ ਜਵਾਬ ਨਾ ਦਿੱਤਾ। ਫਿਰ ਸਰ ਨੇ ਵੱਡੇ ਪਾਪਾ ਨੂੰ ਕਿਹਾ, ''ਬਾਬਾ ਜੀ ਤੁਸੀਂ ਸਮਝਾਓ, ਤੁਸੀਂ ਹੀ ਸਕੂਲ ਭੇਜ ਦਿਆ ਕਰੋ।''

''ਪੁੱਤਰ, ਮੈਂ ਕੀ ਕਹਿਣੈ, ਮੈਂ ਤਾਂ ਆਪ ਕਹਿੰਦਾ ਹਾਂ ਕਿ ਪੜ੍ਹੇ, ਪਰ ਇਸ ਦੀ ਆਪਣੀ ਮਰਜ਼ੀ ਹੈ, ਮੈਂ ਕੁਝ ਨਹੀਂ ਕਹਿ ਸਕਦਾ।''

ਦੀਦੀ ਬਿਨਾਂ ਕੁਝ ਬੋਲੇ ਹੀ ਰੋਂਦੀ-ਰੋਂਦੀ ਅੰਦਰ ਚਲੀ ਗਈ। ਸਰ ਵੀ ਚਲੇ ਗਏ। ਮੇਰੇ ਪੁੱਛਣ ਤੇ ਦੀਦੀ ਨੇ ਸਿਰਫ ਏਨਾ ਹੀ ਕਿਹਾ ਕਿ, ''ਜਦੋਂ ਤੂੰ ਵੱਡਾ ਹੋ ਜਾਵੇਂਗਾ ਤਾਂ ਸਾਰੀ ਗੱਲ ਆਪੇ ਸਮਝ ਆ ਜਾਵੇਗੀ।'' ਪਰ ਮੈਨੂੰ ਕੋਈ ਸਮਝ ਨਾ ਲੱਗੀ ਇਸ ਗੱਲ ਦੀ। ਹੁਣ ਦੀਦੀ ਸਾਰਾ ਦਿਨ ਮੰਮੀ ਨਾਲ ਲੋਕਾਂ ਦੇਸੂਟਾਂ ਦੀ ਸਿਲਾਈ ਕਰਵਾਉਂਦੀ ਰਹਿੰਦੀ ਅਤੇ ਸ਼ਾਮ ਨੂੰ ਟਿਊਸ਼ਨ ਵੀ ਪੜ੍ਹਾਉਂਦੀ।

ਵੱਡੇ ਮੰਮੀ ਜੀ ਦੇ ਅੱਖਾਂ ਵਿੱਚ ਸਾਰਾ ਦਿਨ ਹੰਝੂ ਵਗਦੇ ਰਹਿੰਦੇ ਨੇ, ਮੇਰੇ ਪੁੱਛਣ ਤੇ ਕਹਿੰਦੇ ਨੇ, ''ਇਹ ਹੰਝੂ ਨਹੀਂ ਹਰਮਨ ਪੁੱਤਰ, ਇਹ ਬੀਮਾਰੀ ਹੈ, ਜਿਹੜੀ ਸਿਰਫ ਇੱਕ ਮਾਂ ਨੂੰ ਹੁੰਦੀ ਹੈ, ਸਿਰਫ ਉਸ ਦੇ ਪੁੱਤਰ ਕਰ ਕੇ, ਜਿਸ ਦਾ ਕੋਈ ਇਲਾਜ ਨਹੀਂ।'' ਮੇਰੇ ਸਕੂਲ ਦੇ ਸਾਇੰਸ ਵਾਲੇ ਸਰ ਕਹਿੰਦੇ ਹਨ ਕਿ ਅੱਖਾਂ ਦੀ ਹਰ ਬਿਮਾਰੀ ਦਾ ਇਲਾਜ ਸਾਇੰਸ ਨੇ ਲੱਭ ਲਿਆ ਹੈ, ਪਰ ਫਿਰ ਮੈਨੂੰ ਵੱਡੇ ਮੰਮੀ ਜੀ ਦੀ ਬਿਮਾਰੀ ਦਾ ਇਲਾਜ ਕੋਈ ਨਹੀਂ, ਇਹ ਸਮਝ ਨਹੀਂ ਆਇਆ।

ਇੱਕ ਦਿਨ ਗੁਰਦੁਆਰੇ ਦੇ ਸਪੀਕਰ ਵਿੱਚ ਬਾਬਾ ਜੀ ਸਵੇਰੇ ਹੀ ਬੋਲੇ ਕਿ ਖੁਦਕੁਸ਼ੀ ਪੀੜਤ ਪਰਵਾਰ ਸਾਰੇ ਅੱਜ ਡੀ ਸੀ ਦੇ ਦਫਤਰ ਅੱਗੇ ਆਪਣਾ ਕਰਜ਼ਾ ਮੁਆਫ ਕਰਨ ਲਈ ਤੇ ਖੁਦਕੁਸ਼ੀ ਮੁਆਵਜ਼ਾ ਲੈਣ ਲਈ ਧਰਨਾ ਲਗਾ ਰਹੇ ਹਨ। ਇਸ ਲਈ ਸਾਰੇ ਪੀੜਤ ਪਰਵਾਰ ਉਥੇ ਪਹੁੰਚਣ। ਵੱਡੇ ਪਾਪਾ ਅਕਸਰ ਤੁਹਾਡੀ ਵੱਡੀ ਫਰੇਮ ਕੀਤੀ ਫੋਟੋ ਤੇ ਇੱਕ ਫਾਈਲ ਲੈ ਕੇ ਅਕਸਰ ਅਜਿਹਾ ਹੋਕਾ ਸੁਣ ਕੇ ਸ਼ਹਿਰ ਜਾਂਦੇ ਰਹਿੰਦੇ ਹਨ, ਉਸ ਦਿਨ ਵੱਡੇ ਪਾਪਾ ਦੀਦੀ ਨੂੰ ਵੀ ਸ਼ਹਿਰ ਆਪਣੇ ਨਾਲ ਹੀ ਲੈ ਕੇ ਗਏ ਸਨ।

ਵੱਡੇ ਪਾਪਾ ਤੇ ਦੀਦੀ ਸ਼ਹਿਰ ਚਲੇ ਗਏ। ਵੱਡੇ ਮੰਮਾ ਅੰਦਰ ਸਨ, ਮੈਂ ਬਾਹਰ ਖੇਡ ਰਿਹਾ ਸੀ। ਤਾਇਆ ਜੀ ਕਈ ਵਾਰ ਘਰ ਆਏ, ਮੁੜ ਜਾਂਦੇ। ਫਿਰ ਉਹ ਮੈਨੂੰ ਸਿਰਫ ਉਸ ਦਿਨ ਹੀ ਚੀਜੀ ਲੈਣ ਲਈ ਪੈਸੇ ਦੇ ਕੇ ਦੁਕਾਨ 'ਤੇ ਜਾਣ ਲਈ ਕਹਿਣ ਲੱਗੇ, ਮੈਂ ਚਲਾ ਗਿਆ। ਜਦੋਂ ਮੈਂ ਵਾਪਸ ਆਇਆ ਤਾਂ ਉਹ ਮੰਮੀ ਜੀ ਨਾਲ ਗੁੱਸੇ ਹੋ ਰਹੇ ਸਨ। ਉਹ ਮੰਮੀ ਜੀ ਦੀ ਚੁੰਨੀ ਖਿੱਚ ਰਹੇ ਸਨ। ਮੰਮੀ ਜੀ ਦੀ ਚਿੱਟੀ ਚੁੰਨੀ ਨਾਲੀ ਵਿੱਚ ਡਿੱਗ ਕੇ ਗੰਦੀ ਹੁੰਦੀ-ਹੁੰਦੀ ਮਸਾਂ ਬਚੀ। ਮੇਰੇ ਆਉਣ ਉਤੇ ਤਾਇਆ ਜੀ ਗੁੱਸੇ ਹੁੰਦੇ ਹੋਏ ਚਲੇ ਗਏ, ਪਰ ਮੁੜ ਕਦੇ ਵਾਪਸ ਨਾ ਆਏ। ਮੰਮੀ ਜੀ ਨੇ ਉਹ ਮੇਰੀ ਲਿਆਂਦੀ ਚੀਜੀ ਖੋਹ ਕੇ ਨਾਲੀ ਵਿੱਚ ਵਗਾਹ ਮਾਰੀ ਤੇ ਰੋਂਦੇ ਹੋਏ ਅੱਗੋਂ ਵੀ ਚੀਜੀ ਲਈ ਪੈਸੇ ਲੈਣ ਤੋਂ ਮਨ੍ਹਾ ਕਰ ਦਿੱਤਾ।


ਮਾਮਾ ਜੀ ਨੇ ਹੁਣ ਨਵੀਂ ਕਾਰ ਲੈ ਲਈ ਹੈ, ਪਰ ਉਨ੍ਹਾਂ ਮੈਨੂੰ ਸਾਈਕਲ ਨਹੀਂ ਲਿਆ ਕੇ ਦਿੱਤਾ। ਮੈਂ ਉਨ੍ਹਾਂ ਤੋਂ ਜਦੋਂ ਸਾਈਕਲ ਮੰਗਦਾਂ ਹਾਂ ਤਾਂ ਉਹ ਮੈਨੂੰ ਕਹਿ ਦਿੰਦੇ ਨੇ ਕਿ ਅਗਲੀ ਵਾਰ ਆਵਾਂਗਾ ਤਾਂ ਜ਼ਰੂਰ ਲਿਆ ਕੇ ਦੇਵਾਂਗਾ, ਪਰ ਉਹ ਮੁੜ ਕੇ ਆਉਂਦੇ ਹੀ ਨਹੀਂ। ਮੇਰੇ ਸਾਰੇ ਦੋਸਤਾਂ ਕੋਲ ਸਾਈਕਲ ਹੈ, ਫਿਰ ਹੁਣ ਤੁਸੀਂ ਦੱਸੋ ਮੈਂ ਕਿਸ ਤੋਂ ਸਾਈਕਲ ਮੰਗਾਂ?

ਮੇਰਾ ਦੋਸਤ ਹਰਜੀਤ ਜੋ ਮੇਰੇ ਨਾਲ ਹੀ ਪੜ੍ਹਦਾ ਹੈ ਮੈਂ ਕਦੇ ਕਦੇ ਉਸ ਦੇ ਘਰ ਚਲਾ ਜਾਂਦਾ ਹਾਂ। ਉਹ ਮੇਰਾ ਪੱਕਾ ਦੋਸਤ ਹੈ। ਉਸ ਦੇ ਪਾਪਾ ਵੀ ਉਨ੍ਹਾਂ ਨਾਲ ਹੀ ਰਹਿੰਦੇ ਹਨ। ਉਸ ਦੇ ਮੰਮੀ ਜੀ ਬਹੁਤ ਚੰਗੇ ਨੇ, ਉਸ ਕੋਲੋ ਬਹੁਤ ਸਾਰੇ ਖਿਡੌਣੇ ਵੀ ਹਨ। ਉਹ ਮੈਨੂੰ ਵੀ ਖੇਡਣ ਨੂੰ ਦੇ ਦਿੰਦਾ ਹੈ, ਪਰ ਹੁਣ ਮੇਰਾ ਉਹ ਦੋਸਤ ਵੀ ਮੇਰਾ ਨਹੀਂ ਰਹਿਣਾ ਕਿਉਂਕਿ ਹੁਣ ਮੰਮੀ ਜੀ ਕਹਿੰਦੇ ਸੀ, ਮੈਨੂੰ ਛੇਵੀਂ ਵਿੱਚ ਪਿੰਡ ਵਾਲੇ ਸਕੂਲ ਵਿੱਚ ਦਾਖਲ ਕਰਵਾ ਦੇਣਾ ਹੈ। ਉਸ ਦੇ ਮੰਮੀ ਜੀ ਬਹੁਤ ਚੰਗੇ ਨੇ। ਉਨ੍ਹਾਂ ਨੇ ਮੈਨੂੰ ਤੁਹ-ਾਡੇ ਬਾਰੇ ਦੱਸਿਆ ਹੈ। ਮੈਂ ਹਰਜੀਤ ਨੂੰ ਉਸ ਦੇ ਪਾਪਾ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਹਰਜੀਤ ਦੇ ਪਾਪਾ ਦੁਬਈ ਗਏ ਹੋਏ ਹਨ ਤੇ ਤੁਸੀਂ ਰੱਬ ਦੇ ਘਰ ਗਏ ਹੋ। ਮੇਰਾ ਦੋਸਤ ਆਪਣੇ ਪਾਪਾ ਨਾਲ ਫੋਨ 'ਤੇ ਗੱਲ ਕਰਦਾ ਰਹਿੰਦਾ ਹੈ, ਪਰ ਮੇਰੇ ਕੋਲ ਤੁਹਾਡਾ ਨੰਬਰ ਨਹੀਂ, ਇਸ ਲਈ ਤੁਹਾਨੂੰ ਚਿੱਠੀ ਲਿਖ ਰਿਹਾ ਹਾਂ। ਇਹ ਚਿੱਠੀ ਲਿਖ ਕੇ ਮੈਂ ਗੁਰਦੁਆਰਾ ਸਾਹਿਬ ਦੀ ਗੋਲਕ ਵਿੱਚ ਪਾ ਦੇਣੀ ਹੈ ਕਿਉਂਕਿ ਵੱਡੇ ਪਾਪਾ ਕਹਿੰਦੇ ਹੁੰਦੇ ਨੇ ਕਿ ਗੋਲਕ ਵਿੱਚ ਪਾਏ ਪੈਸੇ ਰੱਬ ਦੇ ਘਰੀਂ ਜਾਂਦੇ ਹਨ। ਇਸ ਲਈ ਇਹ ਚਿੱਠੀ ਵੀ ਰੱਬ ਦੇ ਘਰ ਤੁਹਾਡੇ ਤੱਕ ਪਹੁੰਚ ਜਾਵੇਗੀ। ਤੁਸੀਂ ਇਹ ਚਿੱਠੀ ਮਿਲਦੇ ਹੀ ਆ ਜਾਣਾ। ਮੈਨੂੰ ਕੋਈ ਸਾਈਕਲ ਨਹੀਂ ਚਾਹੀਦਾ, ਮੈਨੂੰ ਸਿਰਫ ਤੁਸੀਂ ਚਾਹੀਦੇ ਹੋ, ਝੂਟੇ-ਮਾਟੇ ਲੈਣ ਲਈ।

# ਆਪਣੇ ਖੰਭਾਂ 'ਤੇ ਭਰੀ ਉਡਾਣ

-ਸੁਖਦੇਵ ਸਿੰਘ ਮਾਨ

ਪ੍ਰਾਇਮਰੀ ਤੱਕ ਦੀ ਪੜ੍ਹਾਈ ਵੇਲੇ ਦੀ ਗੱਲ ਹੈ। ਪੰਜ ਕੁੜੀਆਂ ਮਗਰੋਂ ਜੰਮਿਆ ਹੋਣ ਕਰਕੇ ਸੰਘਰਸ ਕਰਨ ਦੀ ਬਿਰਤੀ ਨਹੀਂ ਸੀ। ਮਾੜਾ ਜਿਹਾ ਔਖਾ ਕੰਮ ਮੇਰੇ ਹਿੱਸੇ ਆਉਂਦਾ ਤਾਂ ਮਾਂ ਝੱਟ ਕੁੜੀਆਂ ਦੇ ਜ਼ਿੰਮੇ ਪਾ ਦਿੰਦੀ। ਫਿਰ ਤਾਂ ਮੇਰੀ ਪੜ੍ਹਾਈ ਵੀ ਭੈਣਾਂ ਦੇ ਦਿਮਾਗ 'ਤੇ ਚੱਲਣ ਲੱਗੀ। ਆਖਰਕਾਰ ਹਿਸਾਬ ਦੇ ਵਿਸ਼ੇ ਵਿੱਚ ਪਛੜਦਾ-ਪਛੜਦਾ ਪਛੜ ਗਿਆ। ਮਾਸਟਰ ਜੀ ਘਰ ਲਈ ਜਿਹੜਾ ਵੀ ਕੰਮ ਦਿੰਦੇ, ਮੈਂ ਘਰ ਆ ਸਵਾਲਾਂ ਵਾਲੀ ਕਾਪੀ ਕੁੜੀਆਂ ਅੱਗੇ ਧਰ ਦਿੰਦਾ। ਭੈਣਾਂ ਮੇਰੀ ਇਸ ਕਮਜ਼ੋਰੀ ਨੂੰ ਦੂਰ ਕਰਨ ਲਈ ਵਰਜਦੀਆਂ, ਪਰ ਮੈਂ ਰੋਣ ਲੱਗ ਪੈਂਦਾ। ਰੋਟੀ ਛੱਡ ਕੇ ਬਹਿ ਜਾਂਦਾ। ਫਿਰ ਤੁਰੰਤ ਮਾਂ ਵਿਚਾਲੇ ਆ ਜਾਂਦੀ, ਤੇ ਕੁੜੀਆਂ ਮੇਰੇ ਸਵਾਲ ਹੱਲ ਕਰ ਦਿੰਦੀਆਂ।



ਜਦੋਂ ਵੱਡੀ ਭੈਣ ਮਾਨਸਾ ਲਾਗਲੇ ਪਿੰਡ ਛੋਟੀ ਖੋਖਰ ਵਿਆਹੀ ਗਈ ਤਾਂ ਮੇਰਾ ਸਵਾਲ ਹੱਲ ਕਰਨ ਵਾਲਾ ਭੇਤ ਮਾਸਟਰਾਂ ਕੋਲ ਖੁੱਲ੍ਹ ਗਿਆ। ਸਖਤੀ ਹੋਈ ਤਾਂ ਸਕੂਲ ਛੱਡ ਕੇ ਦੌੜ ਗਿਆ। ਛੁੱਟ ਗਈ ਪੜ੍ਹਾਈ ਦਾ ਮਾਤਮ ਮਨਾਉਣ ਲਈ ਆਪਣੇ ਬਚਪਨ ਦੇ ਯਾਰ ਬੋਘੇ ਨਾਲ ਸਿਵਿਆਂ ਦੇ ਕਰੀਰਾਂ ਵਿੱਚ ਸਿਰ ਸੁੱਟੀ ਸੋਚਦਾ ਰਹਿੰਦਾ। ਇਕ ਵਿਸ਼ੇ ਦੀ ਕਮਜ਼ੋਰੀ ਨੇ ਮੈਥੋਂ ਚਾਨਣ ਦਾ ਸੰਸਾਰ ਖੋਹ ਲਿਆ। ਬਾਪੂ ਨੂੰ ਮੇਰੀ ਹਾਲਤ 'ਤੇ ਤਰਸ ਆਇਆ। ਉਹ ਤਲਵੰਡੀ ਸਾਬੋ ਦੀ ਵਿਸਾਖੀ ਉਤੇ ਗਿਆ ਮੇਰੇ ਲਈ ਮਾਤ ਭਾਸ਼ਾ ਵਿੱਚ ਛਪੇ ਕਈ ਕਿੱਸੇ ਲੈ ਆਇਆ। ਇਨ੍ਹਾਂ ਕਿੱਸਿਆਂ ਵਿੱਚ ਰੂਪ ਬਸੰਤ ਦਾ ਕਿੱਸਾ ਵੀ ਸੀ। ਬਾਪੂ ਮੈਨੂੰ ਕਿੱਸੇ ਵਾਚਦਾ ਦੇਖ ਕਹਿੰਦਾ, 'ਲੈ ਪੁੱਤ, ਤੂੰ ਆਪਣੀ ਮਾਤ ਭਾਸ਼ਾ ਨਾ ਭੁੱਲੀਂ। ਤੇਰੀਆਂ ਸੱਤੇ ਖੈਰਾਂ ਨੇ।' ਬਾਪੂ ਦੀ ਤਸੱਲੀ ਮੈਨੂੰ ਕੁਝ ਹੌਸਲਾ ਦਿੰਦੀ, ਪਰ ਮੇਰੇ ਮਨ ਵਿੱਚ ਕਿਤੇ ਪੀੜ ਪਰੁੰਨੀ ਹੋਈ ਸੀ। ਮੈਂ ਪੜ੍ਹੇ ਲਿਖੇ ਸੰਸਾਰ ਨਾਲੋਂ ਟੁੱਟਣਾ ਨਹੀਂ ਸੀ ਚਾਹੁੰਦਾ। ਬਾਪੂ ਇਹ ਵੀ ਆਖਦਾ, 'ਅਨਪੜ੍ਹ ਬੰਦਾ ਪਸ਼ੂ ਸਮਾਨ ਹੁੰਦਾ, ਬੱਸ ਅੱਡੇ ਦਾ ਨਾਂ ਵੀ ਨਹੀਂ ਪੜ੍ਹ ਸਕਦਾ।'

ਇਸ ਬਾਰੇ ਸੋਚਦਿਆਂ ਮੇਰਾ ਪਛਤਾਵਾ ਹੋਰ ਵਧ ਜਾਂਦਾ। ਮੈਂ ਪੜ੍ਹੇ ਲਿਖੇ ਬੰਦਿਆਂ ਦੇ ਮਗਰ-ਮਗਰ ਫਿਰਨ ਲੱਗਾ। ਸਾਡੇ ਜਿਹਿਆਂ ਨੂੰ ਗਲ ਨਾਲ ਲਾਉਣ ਲਈ ਸਭ ਤੋਂ ਰਹਿਮ ਦਿਲ ਬੰਦੇ ਮੈਨੂੰ ਕਾਮ-ਰੇਡ ਜਾਪਦੇ ਸੀ। ਉਨ੍ਹਾਂ ਦੀਆਂ ਅਲੋਕਾਰ ਗੱਲਾਂ ਦਿਮਾਗ ਦੇ ਕਪਾਟ ਖੋਲ੍ਹਣ ਵਾਲੀਆਂ ਹੁੰਦੀਆਂ। ਮੈਂ ਬਹੁਤ ਕੁਝ ਪੱਲੇ ਬੰਨ੍ਹਣ ਲਈ ਘੁੰਮਣ ਵਾਲੇ ਮਾਸਟਰ ਖੇਤਾ ਸਿੰਘ ਤੇ ਮਹਿਰਾਜ ਵਾਲੇ ਬਾਰੂ ਸਤਵਰਗ ਦੇ ਰਾਤਾਂ ਨੂੰ ਲੱਗਦੇ ਸਟੱਡੀ ਸਕੂਲਾਂ ਵਿੱਚ ਜਾਂਦਾ। ਇਹ ਸਕੂਲ ਅਕਸਰ ਪਿੰਡ ਖੜਕ ਸਿੰਘ ਵਾਲੇ ਭੇਡਾਂ ਦੇ ਵਾੜੇ ਵਿੱਚ ਲੱਗਦੇ। ਸਮਾਜਿਕ ਦਵੰਦਵਾਦ ਬਾਰੇ ਸਾਡੇ ਮਾਸਟਰ ਸਾਰੀ ਰਾਤ ਭਾਰੀ-ਭਾਰੀ ਸ਼ਬਦ ਬੋਲਦੇ ਰਹਿੰਦੇ। 'ਸੁਪਰ ਸਟਰੱਕਚਰ' ਵਰਗੇ ਸ਼ਬਦਾਂ ਨੂੰ ਸਮਝਣ ਲਈ ਅੰਗਰੇਜ਼ੀ ਚੁਣੌਤੀ ਬਣ ਗਈ। ਗਿਆਨ ਹਾਸਲ ਕਰਨ ਲਈ ਮੈਂ ਦਿੱਲੀ ਦੱਖਣ ਵੱਲ ਦੌੜ ਗਿਆ। ਘਰ ਤੋਂ ਇਹ ਤੀਜੀ ਫਰਾਰੀ ਸੀ। ਅਸੀਂ ਦਿੱਲੀ ਦੇ ਆਂਧਰਾ ਸਕੂਲ ਵਿੱਚ ਇਨਕਲਾਬੀ ਸ਼ਾਇਰ ਵਰਵਰਾ ਰਾਉ ਅਤੇ ਆਂਧਰਾ ਡਰਾਮਾ ਸੁਕੈਅਡ ਦੇ ਗਦਰ ਨੂੰ ਮਿਲੇ। ਉਹ ਸਾਨੂੰ ਸੰਸਾਰ ਦਾ ਹੋਰ ਗਿਆਨ ਸਮਝਣ ਲਈ ਹੈਦਰਗੁੱਡਾ ਦੇ ਜੰਗਲਾਂ ਵਿੱਚ ਲੈ ਗਏ। ਓਥੇ ਅਸੀਂ ਦੇਖਿਆ, ਕਿਵੇਂ ਭਾਰਤੀ ਇਨਕਲਾਬ ਬੰਦੂਕ ਦੀ ਨਲੀ ਵਿੱਚੋਂ ਨਿਕਲਦਾ ਹੈ। ਅਸੀਂ ਗੋਲੀ ਦੇ ਐਨ ਕੋਲੋਂ ਸਮਾਜ ਨੂੰ ਸਮਝਦੇ ਰਹੇ।

ਘਰ ਪਰਤਿਆ ਤਾਂ ਮਾਤ ਭਾਸ਼ਾ ਦੇ ਨਾਲ ਥੌਮਸ ਹਾਰਡੀ ਦੇ ਇੰਗਲਿਸਤਾਨੀ ਪਿੰਡਾਂ ਬਾਰੇ ਲਿਖੇ ਨਾਵਲ ਫਟਾਫਟ ਪੜ੍ਹਨ ਲੱਗਾ। ਇਹ ਵੀ ਜਾਨ ਹੂਲਵਾਂ ਸਿਰੜ ਸੀ। ਅੰਗਰੇਜ਼ੀ ਭਾਸ਼ਾ ਦੇ ਸੈਂਕੜੇ ਸ਼ਬਦ ਮੈਂ ਮਾਤ ਭਾਸ਼ਾ ਵਿੱਚ ਕਿਤਾਬ ਦੇ ਹਾਸ਼ੀਏ 'ਤੇ ਕੱਚੀ ਪੈਨਸਿਲ ਨਾਲ ਲਿਖੀ ਜਾਂਦਾ। ਕਿਤਾਬਾਂ ਕਿਉਂਕਿ ਰਾਮਪੁਰ ਫੂਲ ਲਾਇਬਰੇਰੀ ਦੀਆਂ ਹੁੰਦੀਆਂ, ਇਸ ਲਈ ਜਦੋਂ ਵਾਪਸ ਕਰਨੀਆਂ ਹੁੰਦੀਆਂ ਤਾਂ ਹਾਸ਼ੀਏ ਵਾਲੇ ਕੱਚੇ ਅੱਖਰ ਮੇਟ ਦਿੰਦਾ। ਅਜਿਹੀਆਂ ਤਪੱਸਿਆ ਦੇਖ ਬਾਪੂ ਮੇਰੇ ਖੁੰਝੇ ਵਕਤ ਬਾਰੇ ਬੜਾ ਅਫਸੋਸ ਮੰਨਦਾ।

ਸਿਰੜ ਦੀ ਇਸ ਕਣੀ ਨੇ ਸਮਾਂ ਪਾ ਕੇ ਸਾਹਿਤ ਵਾਲੇ ਪਾਸੇ ਵੀ ਮੋੜਾ ਪਾਇਆ। ਮਾਤ ਭਾਸ਼ਾ ਵਿੱਚ ਕਈ ਕਹਾਣੀਆਂ ਲਿਖੀਆਂ, ਜਿਹੜੀਆਂ ਮਿਆਰੀ ਅਖਬਾਰਾਂ ਵਿੱਚ ਛਪੀਆਂ। ਦੋ ਨਾਵਲ 'ਜੰਡ ਜੰਡੋਰੇ' ਅਤੇ 'ਟਿਕੀ ਹੋਈ ਰਾਤ' ਛਪੇ। ਇਨ੍ਹਾਂ ਨਾਵਲਾਂ ਉੱਤੇ ਹੁਣ ਖੋਜਾਰਥੀ ਖੋਜ ਕਰਦੇ ਹਨ। ਉਘੇ ਸਾਹਿਤ ਆਲੋਚਕ ਡਾ. ਤੇਜਵੰਤ ਮਾਨ ਦੀ ਪੋਥੀ 'ਅਰਥ' ਇਨ੍ਹਾਂ ਨਾਵਲਾਂ ਦੁਆਲੇ ਘੁੰਮਦੀ ਹੈ। ਫਖਰ ਹੈ ਕਿ ਸਿਰੜ ਨਾਲ ਹਰ ਪ੍ਰਕਾਰ ਦਾ ਗਿਆਨ ਹਾਸਲ ਕਰਨ ਵੱਲ ਲੱਗਿਆ ਰਿਹਾ ਹਾਂ ਅਤੇ ਆਪਣੀ ਮਾਤ ਭਾਸ਼ਾ ਨਾਲ ਵੀ ਜੁੜਿਆ ਹੋਇਆ ਹਾਂ।

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/GTA Call Jag Today To Sell Your Property For Top $$$ & Accurate Price

CALEDON
ਸੇਂਟ ਐਂਡਰੀਊ/Hwy 9/ਬੀਚਗਰੂਵ
2.58 ਏਕੜ ਤੇ ਬਣਿਆ ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 4 ਵਾਸ਼ਰੂਮ ਦਾ ਘਰ, 3 ਕਾਰ ਗਰਾਜ ਤੇ 11 ਕਾਰ ਪਾਰਕਿੰਗ, ਬਹੁਤ ਸਾਰੀਆਂ ਅਪਗ੍ਰੇਡਜ਼, ਬਹੁਤ ਹੀ ਸੋਹਣੀ ਲੈਂਡਸਕੇਪਿੰਗ ਦੇ ਨਾਲ "L" ਅਕਾਰ ਦੀ ਗਰਾਊਂਡ ਹੀਟੇਡ ਪੂਲ ਹੈ। ਫਿਨੀਸ਼ਡ ਬੇਸਮੈਂਟ। ਅਪਗ੍ਰੇਡਡ ਕਿਚਨ,ਗਰੇਨਾਈਟ ਕਾਊਨਟਰ ਟਾਪ ਆਦਿ

BRAMPTON
ਚਿੰਗਕੂਜ਼ੀ/ਡੁਫੀਲਡ/ਇਡਨਬ
ਚਿੰਗਕੂਜ਼ੀ ਦੇ ਏਰੀਏ ਵਿੱਚ 4+1 ਬੈਡਰੂਮ ਡੈਨ, 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ ਨੂੰ ਫਿਨੀਸ਼ਡ ਬੈਸਮੈਂਟ ਜਿਸ ਨੂੰ ਕਿ ਸੇਪਰੇਟ ਏਂਟਰੈਂਸ। ਹਾਰਡਵੁਡ ਫਲੋਰ, ਇਟ ਇਨ ਕਿਚਨ, ਸਟੇਨਲੈਸ ਸਟੀਲ ਅਪਲਾਈਨਸੈਸ, ਗਰੇਨਾਇਟ ਕਾਉਂਟਰ ਟਾਪ, ਮਾਸਟਰ ਬੈਡਰੂਮ ਨੂੰ 4 ਪੀਸ ਇੰਨ-ਸੂਟ, ਆਦਿ

WOODBRIDGE
ਟੇਸਟਨ ਰੋਡ/ ਹਾਈਵੇ 400/ਵੇਸਟਨ
ਬਹੁਤ ਹੀ ਸੋਹਣਾ 4 ਬੈਡਰੂਮ +4 ਵਾਸ਼ਰੂਮ ਦਾ ਡੀਟੈਚਡ ਘਰ, ਮੇਨ ਫਲੋਰ 9 ਫੀਟ ਸਿਲਿੰਗ, ਡਬਲ ਡੋਰ ਏਨਟਰੀ, ਦੂਜੇ ਫਲੋਰ ਤੇ ਨਵੀਂ ਲੈਮੀਨੇਟ ਫਲੋਰ ਅਤੇ ਮੇਨ ਫਲੋਰ ਤੇ ਹਾਰਡਵੂਡ। ਓਕ ਸਟੇਅਰਕੇਸ। ਸੋਹਣੀ ਈਟ ਈਨ ਕਿਚਨ ਅਤੇ ਸਟੇਨਲੈਸ ਸਟੀਲ ਅਪਲਾਈਨਸੈਸ, ਮਾਸਟਰ ਬੈਡਰੂਮ 5 ਪੀਸ ਈਨਸੂਟ।

BRAMPTON
ਵੇਨਲੈਸ / ਵੇਨ-ਕ੍ਰਿਕ
SOLD AT 98% OF ASKING PRICE

NEED MORE LISTINGS !!!
ਕੈਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ। Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction
Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife
Call Us For Guaranteed Lowest Airfare ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

Carte KANG TAX & FINANCIAL SERVICES
- Personal and Corporate Tax Filings**
- RDSP, RESP, RRSP, TFSA Plans*
- Life, Critical, Disability, Visitor Insurance***
FREE Tax Filing For New Immigrants
416-271-4877
Sukhwinder Kang (M.Sc. CFP) Financial Advisor
2645 ISLINGTON AVENUE, Unit # 101 ALBION & ISLINGTON, ETOBICOKE OVER INDIA BAZAR GROCERY STORE
e-mail:sukhwinder.kang@cartewm.com
* Mutual funds provided by Carte Wealth Management Inc.
** Tax planning and filings provided by Kang Tax & Financial Services
*** Insurance sold through Carte Risk Management Inc., Financial Horizon and Axcel Insurance.

INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at: safety@interstatefreightsystems.com
Call: 416-452-0677

New City Pizza & Kamal Sandhu Real Estate Present
BHANGRA ਭੰਗੜਾ FITNESS
ENJOY DANCING, STAY FIT
647.685.1685
www.BhangraFitness.ca | bhangrafitness1@gmail.com
Offering Bhangra Classes For All Ages
Now Open 6 Days a Week
50 Lacoste Blvd, Unit-112 Brampton, ON L6P 3Z8

REXDALE BODY SHOP USED CAR SALE
Specialization In:
- All Kinds of Body Work
- Auto Glass Windshield
- Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience OPEN MON - SAT 9AM TO 7PM
CHEEMA LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com